ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 07 | 13 February 2019 to 19 February 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

➢ ਅੰਦਰ ਪੜ੍ਹੋ


03

ਭਾਈਚਾਰਾ

ਨਕੋਦਰ ਬੇਅਦਬੀ ਕਾਂਡ : ਪੰਜਾਬ ਸਰਕਾਰ ਵੱਲੋਂ ਕਾਰਵਾਈ ਦੇ ਸੰਕੇਤ


11

ਵਿਸ਼ੇਸ਼ ਰਿਪੋਰਟ

ਇਸ ਵਾਰ ਸੁਖਾਲ਼ੀ ਨਹੀਂ ਹੋਵੇਗੀ ਹਰਸਿਮਰਤ ਕੌਰ ਬਾਦਲ ਲਈ ਜਿੱਤ


23

ਖਾਸ ਰਿਪੋਰਟ

ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਸਰਕਾਰ ਪੱਬਾਂ ਭਾਰ


24

ਮਨੋਰੰਜਨ

ਮਾਂ ਬੋਲੀ ਦਾ ਸਤਿਕਾਰ ਕਰਦੀ ਪੰਜਾਬੀ ਫਿਲਮ 'ੳ ਅ'

## ਭਾਰਤੀ ਅਦਾਲਤ ਦਾ ਤਿੰਨ ਸਿੱਖ ਨੌਜਵਾਨਾਂ ਖਿਲਾਫ ਦਮਨਕਾਰੀ ਫੈਸਲਾ

# ਆਜ਼ਾਦੀ ਦੀ ਗੱਲ ਕਰਨ 'ਤੇ ਉਮਰ ਕੈਦ ਦੀ ਸਜ਼ਾ ਸੁਣਾਈ

- ਕਿਤਾਬਾਂ ਪੜ੍ਹਨ, ਹੱਕਾਂ ਦੀ ਗੱਲ ਕਰਨ ਨੂੰ ਦੇਸ਼ ਖਿਲਾਫ ਜੰਗ ਛੇੜਨਾ ਗਰਦਾਨਿਆਂ
- ਮਨੁੱਖੀ ਅਧਿਕਾਰਾਂ ਬਾਰੇ ਯੂਐਨਓ ਦੇ ਚਾਰਟਰ ਦੀ ਸ਼ਰੇਆਮ ਉਲੰਘਣਾ
- ਲੋਕ ਰੋਹ ਤੋਂ ਘਬਰਾਈ ਪੁਲਿਸ ਨਵੇਂ ਕੇਸ ਦਰਜ ਕਰਨ ਲੱਗੀ



**ਚੰਡੀਗੜ੍ਹ, ਜਲੰਧਰ/ਅੰਮ੍ਰਿਤਸਰ ਟਾਈਮਜ਼ ਬਿਊਰੋ**
ਪਿਛਲੇ ਸਾਲਾਂ ਦੌਰਾਨ ਸਿੱਖ ਹੱਕਾਂ ਦੀ ਗੱਲ ਕਰਨ ਵਾਲੇ ਨੌਜਵਾਨਾਂ ਦੀਆਂ ਵੱਡੇ ਪੱਧਰ 'ਤੇ ਕੀਤੀਆਂ ਗਈਆਂ ਗ੍ਰਿਫਤਾਰੀਆਂ ਵਿਚੋਂ ਇਕ ਮਾਮਲੇ 'ਚ ਭਾਰਤੀ ਅਦਾਲਤ ਨੇ ਅਜੀਬ ਤੇ ਦਮਨਕਾਰੀ ਫੈਸਲਾ ਸੁਣਾਇਆ ਹੈ। ਤਿੰਨ ਸਿੱਖ ਨੌਜਵਾਨਾਂ ਨੂੰ ਸ਼ਹੀਦ ਸੁਖਦੇਵ ਸਿਘ ਬੱਬਰ ਦੀ ਜੀਵਨੀ ਦੀਆਂ ਲਿਖਤਾਂ, ਨਿਰੰਕਾਰੀ ਕਾਂਡ ਦੌਰਾਨ ਸੰਨ 1978 'ਚ ਸ਼ਹੀਦ ਹੋਏ ਸਿੰਘਾਂ ਦੀਆਂ ਤਸਵੀਰਾਂ ਅਤੇ ਇਕ ਮੋਬਾਈਲ ਫੋਨ (ਸੈਮਸੰਗ) ਦੀ ਬਰਾਮਦਗੀ ਦੇ ਅਧਾਰ 'ਤੇ ਭਾਰਤ ਖਿਲਾਫ ਜੰਗ ਛੇੜਨ ਦਾ ਦੋਸ਼ੀ ਐਲਾਨ ਦਿੱਤਾ ਹੈ। ਨਾਭਾ ਜੇਲ੍ਹ ਵਿਚ ਨਜ਼ਰਬੰਦ ਅਰਵਿੰਦਰ ਸਿੰਘ, ਸੁਰਜੀਤ ਸਿੰਘ ਤੇ ਰਣਜੀਤ ਸਿੰਘ ਨੂੰ ਦੇਸ਼ ਧ੍ਰੋਹ ਦੀ ਧਾਰਾ 121,121-ਏ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਧਾਰਾ121 ਅਧੀਨ ਉਮਰਕੈਦ ਅਤੇ ਇਕ ਲੱਖ ਰੁਪਏ ਜੁਰਮਾਨਾ ਅਤੇ ਧਾਰਾ 121ਏ ਦੇ ਅਧੀਨ ਦਸ ਸਾਲ ਦੀ ਕੈਦ ਦੇ ਨਾਲ 25000 ਰੁਪਏ ਜੁਰਮਾਨਾ ਸਜ਼ਾ ਸੁਣਾਈ ਗਈ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਸਾਲ 2016 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਹਨਾਂ ਖਿਲਾਫ ਪੰਜਾਬ ਪੁਲਿਸ ਨੇ ਨਵਾਂਸ਼ਹਿਰ ਜ਼ਿਲ੍ਹੇ ਦੇ ਥਾਣਾ ਰਾਹੋਂ ਵਿਖੇ ਯੂਏਪੀਏ ਦੀ ਧਾਰਾ 10, 13 ਅਤੇ ਭਾਰਤੀ ਪੈਨਲ ਕੋਡ ਦੀ ਧਾਰਾ 121, 121-ਏ ਅਧੀਨ ਮਾਮਲਾ ਦਰਜ ਕੀਤਾ ਸੀ। ਨਵਾਂਸ਼ਹਿਰ ਅਦਾਲਤ ਦੇ ਐਡੀਸ਼ਨਲ ਸੈਸ਼ਨ ਜੱਜ ਰਣਧੀਰ ਵਰਮਾ ਨੇ ਯੂਏਪੀਏ ਦੀਆਂ ਧਾਰਾਵਾਂ ਹਟਾ ਕੇ ਇਹਨਾਂ ਨੌਜਵਾਨਾਂ ਨੂੰ ਆਈਪੀਸੀ ਦੀ ਧਾਰਾ 121, 121-ਏ ਅਧੀਨ

ਬਾਕੀ ਸਫ਼ਾ 29 'ਤੇ

### ਕੀ ਕਹਿੰਦੇ ਹਨ ਸਿੱਖ ਨੌਜਵਾਨਾਂ ਦੇ ਵਕੀਲ

ਇਨ੍ਹਾਂ ਗੱਭਰੂਆਂ ਵਿੱਚੋਂ ਇੱਕ ਦੇ ਵਕੀਲ ਸਰਬਜੀਤ ਸਿੰਘ ਬੈਂਸ ਨੇ ਦੱਸਿਆ ਕਿ ਅੱਜ ਤੱਕ ਕਿਸੇ ਨੂੰ ਵੀ ਸਿਰਫ ਸਾਹਿਤ ਦੇ ਆਧਾਰ 'ਤੇ ਏਨੀ ਸਖ਼ਤ ਸਜ਼ਾ ਨਹੀਂ ਸੁਣਾਈ ਗਈ। ਉਨ੍ਹਾਂ ਕਿਹਾ ਕਿ ਪੁਲੀਸ ਨੇ ਅਜੇ ਤੱਕ ਇਹ ਨਹੀਂ ਦੱਸਿਆ ਕਿ ਜਿਹੜਾ ਸਾਹਿਤ ਇਨ੍ਹਾਂ ਕੋਲੋਂ ਬਰਾਮਦ ਹੋਇਆ ਸੀ, ਉਹ ਪਾਬੰਦੀਸ਼ੁਦਾ ਸੀ ਜਾਂ ਨਹੀਂ। ਐਡਵੋਕੇਟ ਸਰਬਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁੰਡਿਆਂ ਕੋਲੋਂ ਇੱਕ ਫਲੈਕਸ ਵੀ ਬਰਾਮਦ ਕੀਤੀ ਸੀ ਜਿਸ 'ਤੇ 13 ਅਪ੍ਰੈਲ 1978 ਵਿੱਚ ਨਕਲੀ ਨਿਰੰਕਾਰੀ ਕਾਂਡ ਦੌਰਾਨ ਸ਼ਹੀਦ ਹੋਏ ਸਿੱਖਾਂ ਦੀਆਂ ਤਸਵੀਰਾਂ ਸਨ ਪਰ ਇਹ ਫਲੈਕਸ ਕਿਸੇ ਵੀ ਜਨਤਕ ਥਾਂ 'ਤੇ ਨਹੀਂ ਸੀ ਲਗਾਈ ਗਈ। ਉਹ ਸਾਹਿਤ ਵੀ ਬਰਾਮਦ ਹੋਇਆ ਜਿਹੜਾ ਗੁਰਬਾਣੀ ਆਧਾਰਿਤ ਹੈ।

ਬਾਕੀ ਸਫ਼ਾ 29 'ਤੇ

### ਅਦਾਲਤੀ ਫੈਸਲੇ ਖਿਲਾਫ ਲੋਕ ਰੋਹ

ਅਦਾਲਤ ਵਲੋਂ ਤਿੰਨ ਸਿੱਖ ਨੌਜਵਾਨਾਂ ਨੂੰ ਮਹਿਜ਼ ਕਿਤਾਬਾਂ ਜਾਂ ਫੋਨ ਦੀ ਬਰਾਮਦਗੀ ਦੇ ਅਧਾਰ 'ਤੇ ਰਾਜ ਵਿਰੁੱਧ ਜੰਗ ਵਿੱਢਣ ਦਾ ਦੋਸ਼ੀ ਐਲਾਨਦਿਆਂ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਖਿਲਾਫ ਪੰਜਾਬ ਵਿਚ ਲੋਕ ਰੋਹ ਖੜ੍ਹਾ ਹੋ ਗਿਆ ਹੈ। ਇਸ ਫੈਸਲੇ ਖਿਲਾਫ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਵਲੋਂ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਤੇ ਪੰਜਾਬ ਦੀਆਂ ਹੋਰ ਲੋਕ ਪੱਖੀ ਜਥੇਬੰਦੀਆਂ ਵੀ ਇਸ ਫੈਸਲੇ ਖਿਲਾਫ ਖੜੀਆਂ ਹੋ ਗਈਆਂ ਹਨ। ਦਲ ਖ਼ਾਲਸਾ ਵਲੋਂ ਇਸ ਫੈਸਲੇ ਦੇ ਵਿਰੋਧ ਵਿਚ ਨਵਾਂਸ਼ਹਿਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਵਲੋਂ ਇਸ ਫੈਸਲੇ ਦਾ ਵਿਰੋਧ ਕਰਦਿਆਂ ਇਸ ਮਸਲੇ ਨੂੰ ਭਾਰਤ ਦੀ ਪਾਰਲੀਮੈਂਟ ਵਿਚ ਚੁੱਕਣ ਦੀ ਗੱਲ ਕਹੀ ਗਈ। ਉਨ੍ਹਾਂ ਕਿਹਾ ਕਿ ਅਜੀਬ ਗੱਲ

ਬਾਕੀ ਸਫ਼ਾ 29 'ਤੇ

# ਪੰਜਾਬ ਦੇ ਬਹੁ-ਚਰਚਿਤ ਡਰੱਗ ਮਾਮਲੇ 'ਚ ਜਗਦੀਸ਼ ਭੋਲਾ ਦੋਸ਼ੀ ਕਰਾਰ

### ਭੋਲੇ ਨੇ ਹੀ ਲਿਆ ਸੀ ਮਜੀਠੀਏ ਦਾ ਨਾਂ

**ਮੋਹਾਲੀ/ਏਟੀ ਨਿਊਜ਼ :**
ਪੰਜਾਬ ਦੀ ਸਿਆਸਤ ਚ ਮਸ਼ਹੂਰ ਹੋਏ ਜਗਦੀਸ਼ ਭੋਲਾ ਡਰੱਗ ਮਾਮਲੇ 'ਚ ਮੋਹਾਲੀ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਵੱਡਾ ਫੈਸਲਾ ਸੁਣਾਇਆ ਹੈ। ਇਸ ਫੈਸਲੇ 'ਚ ਜਗਦੀਸ਼ ਭੋਲਾ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਅਨੂਪ ਸਿੰਘ ਕਾਹਲੋਂ ਨੂੰ ਵੀ ਦੋਸ਼ੀ ਐਲਾਨਿਆ ਗਿਆ ਹੈ।

ਜਾਣਕਾਰੀ ਮੁਤਾਬਕ ਜਗਦੀਸ਼ ਭੋਲਾ ਨੂੰ ਅਦਾਲਤ ਵਲੋਂ ਐਫ਼ਆਈਆਰ ਨੰਬਰ 45, 56, 69 ਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਫੈਸਲੇ



ਤੇ ਸੁਣਵਾਈ ਕਰਦਿਆਂ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਐਫ਼ਆਈਆਰ ਨੰਬਰ 56 ਚ ਪਲਵਿੰਦਰ ਸਿੰਘ ਸਮੇਤ ਸਾਰੇ ਮੁਲਜ਼ਮ ਬਰੀ ਕਰ ਦਿੱਤੇ ਗਏ ਹਨ।

ਬਾਕੀ ਸਫ਼ਾ 29 'ਤੇ

## ਇਕ ਹੋਰ ਸ਼ਟਡਾਊਨ ਦਾ ਖਤਰਾ ਟਲਿਆ

# ਮੈਕਸੀਕੋ ਸਰਹੱਦ ਉਤੇ ਕੰਧ ਬਣਾਉਣ ਲਈ ਟਰੰਪ ਨੂੰ ਮਿਲੇ ਸਿਰਫ਼ 1.4 ਅਰਬ ਡਾਲਰ

**ਵਾਸ਼ਿੰਗਟਨ/ਏਟੀ ਨਿਊਜ਼ :** ਸਰਹੱਦ 'ਤੇ ਕੰਧ ਬਣਾਉਣ ਨੂੰ ਲੈ ਕੇ ਪੈਦਾ ਹੋਏ ਵਿਵਾਦ 'ਤੇ ਦੇਸ਼ ਦੀਆਂ 2 ਪ੍ਰਮੁੱਖ ਪਾਰਟੀਆਂ ਡੈਮੋਕ੍ਰੇਟਸ ਅਤੇ ਰੀਪਬਲਿਕਨਸ ਵਿਚਕਾਰ ਇਕ ਸਿਧਾਂਤਕ ਸਹਿਮਤੀ ਬਣ ਗਈ ਹੈ ਜਿਸ ਨਾਲ ਦੁਬਾਰਾ ਸ਼ੁਰੂ ਹੋਣ ਵਾਲੀ ਅੰਸ਼ਿਕ ਕੰਮਬੰਦੀ (ਸ਼ਟਡਾਊਨ) ਦਾ ਖ਼ਤਰਾ ਟਲ ਗਿਆ ਹੈ। ਸੰਸਦੀ ਸਹਿਯੋਗੀਆਂ ਅਨੁਸਾਰ ਟਰੰਪ ਦੀ ਰਿਪਬਲਿਕਨ ਪਾਰਟੀ ਕਿਸੇ ਵੀ ਹਾਲ 'ਚ ਮੁੜ ਤੋਂ ਸਰਕਾਰੀ ਕੰਮਕਾਰ ਠੱਪ ਨਹੀਂ ਹੋਣ ਦੇਣਾ ਚਾਹੁੰਦੀ ਸੀ। ਇਸ ਲਈ ਉਨ੍ਹਾਂ ਨੂੰ ਕੰਧ ਬਣਾਉਣ ਲਈ ਮਿਲਣ ਵਾਲੀ ਰਾਸ਼ੀ ਨਾਲ ਸਮਝੌਤਾ ਕਰਨਾ ਪਿਆ। ਟਰੰਪ ਨੇ ਇਸ ਲਈ 5.7 ਅਰਬ ਡਾਲਰ



ਬਾਕੀ ਸਫ਼ਾ 29 'ਤੇ



















Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਨਕੋਦਰ ਕਾਂਡ ਦੇ ਸ਼ਹੀਦਾਂ ਦੀ ਯਾਦ ਵਿਚ ਹੋਵੇਗਾ ਅਰਦਾਸ ਸਮਾਗਮ

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :**
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਗੁਰਦੁਆਰਾ





ਸਿੰਘ ਸਭਾ ਮਿਲਪੀਟਸ ਵਿਚ 17 ਫਰਵਰੀ, ਦਿਨ ਐਤਵਾਰ ਨੂੰ ਨਕੋਦਰ ਕਾਂਡ ਦੇ ਸ਼ਹੀਦਾਂ ਦੀ ਯਾਦ ਵਿਚ ਸਵੇਰੇ 10 ਵਜੇ ਵਿਸ਼ੇਸ਼ ਅਰਦਾਸ ਸਮਾਗਮ ਕਰਵਾਇਆ ਜਾਵੇਗਾ। ਯਾਦ ਰਹੇ ਕਿ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ, ਸ਼ਹੀਦ ਭਾਈ ਹਰਮਿੰਦਰ ਸਿੰਘ ਜੀ ਚਲੂਪੁਰ, ਸ਼ਹੀਦ ਭਾਈ ਝਿਲਮਣ ਸਿੰਘ ਗੋਰਸੀਆਂ ਤੇ ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ੍ਹ ਨੂੰ ਪੰਜਾਬ ਦੀ ਅਕਾਲੀ-ਬਰਨਾਲਾ ਸਰਕਾਰ ਦੀ ਬੁੱਚੜ ਪੁਲੀਸ ਨੇ 4 ਫਰਵਰੀ, 1986 ਨੂੰ ਨਕੋਦਰ ਵਿਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਇਹ ਚਾਰੇ ਸਿੰਘ ਬਾਕੀ ਸੰਗਤਾਂ ਨਾਲ ਸ਼ਿਵ ਸੈਨਾ ਦੁਆਰਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਪੰਜ ਬੀੜਾਂ ਦੀ ਕੀਤੀ ਗਈ ਬੇਅਦਬੀ ਤੋਂ ਬਾਅਦ ਸ਼ਾਂਤਮਈ ਢੰਗ ਨਾਲ ਬੀੜਾਂ ਦੀ ਬਚੀ ਹੋਈ ਸਮੱਗਰੀ ਨੂੰ ਗੋਇੰਦਵਾਲ ਵਿਖੇ ਜਲ ਪਰਵਾਹ ਕਰਨ ਵਾਸਤੇ ਹਾਸਲ ਕਰਨ ਲਈ ਮੁਜ਼ਾਹਰੇ ਦੇ ਰੂਪ ਵਿਚ ਜਾ ਰਹੇ ਸਨ ਕਿ ਪੁਲੀਸ ਨੇ ਬਿਨਾ ਕਿਸੇ ਭੜਕਾਹਟ ਦੇ ਅੰਨ੍ਹੇਵਾਹ ਗੋਲੀ ਚਲਾ ਕੇ ਚਾਰ ਸਿੰਘ ਸ਼ਹੀਦ ਕਰ ਦਿੱਤੇ ਸਨ। 33 ਸਾਲ ਬੀਤਣ ਤੋਂ ਬਾਅਦ ਵੀ ਉਸ ਗੋਲੀਕਾਂਡ ਦੀ ਜਾਂਚ ਰਿਪੋਰਟ ਲੋਕਾਂ ਦੀ ਜਾਣਕਾਰੀ ਲਈ ਜਾਰੀ ਨਹੀਂ ਕੀਤੀ ਗਈ ਜੋ ਜੱਜ ਗੁਰਨਾਮ ਸਿੰਘ ਨੇ ਤਿਆਰ ਕੀਤੀ ਸੀ।

ਸ਼ਹੀਦੀ ਸਮਾਗਮ ਸਮੇਂ ਗੁਰਦੁਆਰਾ ਸਾਹਿਬ ਵਿਚ ਉਨ੍ਹਾਂ ਚਾਰ ਸਿੰਘਾਂ ਦੀਆਂ ਤਸਵੀਰਾਂ ਵੀ ਸ਼ੁਸ਼ੋਭਤ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਦੇ ਜਨਮ ਸਮਾਗਮ ਵੀ ਕਰਵਾਏ ਜਾਣਗੇ। ਕਥਾ-ਕੀਰਤਨ ਤੇ ਵਿਚਾਰ ਪ੍ਰਵਾਹ ਚੱਲਣਗੇ ਅਤੇ ਪੰਥਕ ਬੁਲਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ।

## ਨਕੋਦਰ ਬੇਅਦਬੀ ਕਾਂਡ : ਪੰਜਾਬ ਸਰਕਾਰ ਵੱਲੋਂ ਕਾਰਵਾਈ ਦੇ ਸੰਕੇਤ

### ਅਮਰੀਕਾ ਦੇ ਗੁਰੂਘਰਾਂ ਵਿਚ ਲੱਗਣਗੀਆਂ ਸ਼ਹੀਦਾਂ ਦੀਆਂ ਤਸਵੀਰਾਂ





**ਜਲੰਧਰ/ਏਟੀ ਨਿਊਜ਼ :**
ਨਕੋਦਰ ਬੇਅਦਬੀ ਕਾਂਡ ਦੇ 33 ਸਾਲ ਬੀਤਣ ਤੋਂ ਬਾਅਦ ਉਸ ਦੀ ਗੂੰਜ ਪੰਜਾਬ ਵਿਧਾਨ ਸਭਾ ਤੋਂ ਲੈ ਕੇ ਅਮਰੀਕਾ ਦੇ ਗੁਰੂਘਰਾਂ ਤਕ ਪੈ ਰਹੀ ਹੈ। ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ 'ਚ ਸ਼ਰਧਾਂਜਲੀਆਂ ਦੇਣ ਸਮੇਂ ਇਸ ਮਾਮਲੇ ਨੂੰ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਉਠਾਇਆ ।

ਪੰਜਾਬ ਸਰਕਾਰ ਨੇ ਇਸ ਭਖੇ ਮਾਮਲੇ ਨੂੰ ਸ਼ਾਂਤ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸਰਕਾਰ ਦਾ ਇਕ ਨੁਮਾਇੰਦਾ ਇਸ ਕਾਂਡ ਵਿਚ ਸ਼ਹੀਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਨੂੰ ਉਨ੍ਹਾਂ ਦੇ ਪਿੰਡ ਲਿੱਤਰਾਂ ਵਿਚ ਆ ਕੇ ਮਿਲਿਆ। ਸਰਕਾਰੀ ਨੁਮਾਇੰਦੇ ਵੱਲੋਂ ਕੀਤੀ ਗਈ ਗੱਲਬਾਤ ਦੀ ਪੁਸ਼ਟੀ ਕਰਦਿਆਂ ਬਲਦੇਵ ਸਿੰਘ ਲਿੱਤਰਾਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਇਹ ਆਸ ਰੱਖਦੇ ਹਨ ਕਿ 2 ਫਰਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸਾੜਨ ਅਤੇ 4 ਫਰਵਰੀ 1986 ਨੂੰ ਪੁਲੀਸ ਦੀਆਂ ਗੋਲੀਆਂ ਨਾਲ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਬਾਰੇ ਕੀਤੀ ਗਈ ਜਾਂਚ ਰਿਪੋਰਟ ਨੂੰ ਜਨਤਕ ਕਰਨ। ਉਨ੍ਹਾਂ ਸਰਕਾਰੀ ਨੁਮਾਇੰਦੇ ਨੂੰ ਦੱਸਿਆ ਕਿ ਉਸ ਵੇਲੇ ਜ਼ਿਲ੍ਹਾ ਜਲੰਧਰ ਦੇ ਐੱਸਐੱਸਪੀ ਇਜ਼ਹਾਰ ਆਲਮ ਸਨ ਅਤੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਦੀ ਭੂਮਿਕਾ ਬਾਰੇ ਵੀ ਜਾਂਚ ਹੋਣੀ ਚਾਹੀਦੀ ਹੈ।

ਇਸੇ ਤਰ੍ਹਾਂ ਕੈਲੀਫੋਰਨੀਆ ਸਟੇਟ ਦੇ ਗੁਰਦੁਆਰਾ ਫਰੀਮੌਂਟ ਵਿਚ ਬੇਅਦਬੀ ਕਾਂਡ 'ਚ ਪੁਲੀਸ ਦੀਆਂ ਗੋਲੀਆਂ ਨਾਲ ਮਾਰੇ ਗਏ ਚਾਰ ਨੌਜਵਾਨਾਂ ਵਿਚੋਂ ਦੋ ਜਣਿਆਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਅਤੇ ਪ੍ਰਧਾਨ ਜਸਵੰਤ ਸਿੰਘ ਹੋਠੀ ਨੇ ਦੱਸਿਆ ਕਿ ਗੁਰਦੁਆਰਾ ਸਿੰਘ ਸਭਾ ਕੈਲੀਫੋਰਨੀਆ ਵਿਚ ਇਨ੍ਹਾਂ ਚਾਰ ਸਿੱਖ ਨੌਜਵਾਨਾਂ ਦੀਆਂ ਤਸਵੀਰਾਂ ਲਾਈਆਂ ਜਾਣਗੀਆਂ। ਉਨ੍ਹਾਂ ਦੀ ਯਾਦ ਵਿਚ 17 ਫਰਵਰੀ ਨੂੰ 33ਵੀਂ ਬਰਸੀ ਮਨਾਈ ਜਾਵੇਗੀ। ਕੈਲੀਫੋਰਨੀਆ ਦੇ ਫਰੀਮੌਂਟ ਗੁਰਦੁਆਰੇ ਵਿਚ ਹੋਏ ਸਮਾਗਮ ਦੌਰਾਨ ਇਸ ਕਾਂਡ ਵਿਚ ਸ਼ਹੀਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੀ ਮਾਤਾ ਬਲਦੀਪ ਕੌਰ ਅਤੇ ਭਰਾ ਹਰਿੰਦਰ ਸਿੰਘ ਲਿੱਤਰਾਂ ਅਤੇ ਸ਼ਹੀਦ ਭਾਈ ਹਰਮਿੰਦਰ ਸਿੰਘ ਦੀ ਭੈਣ ਹਰਦੀਪ ਕੌਰ ਨੂੰ ਸਨਮਾਨਿਤ ਕੀਤਾ ਗਿਆ।

ਸੰਤ ਅਨੂਪ ਸਿੰਘ ਊਨੇ ਵਾਲੇ, ਦਮਦਮੀ ਟਕਸਾਲ ਦੇ ਕਥਾਵਾਚਕ ਭਾਈ ਸੁਖਵਿੰਦਰ ਸਿੰਘ, ਭਾਈ ਜਤਿੰਦਰ ਸਿੰਘ ਅਤੇ ਕੁਲਵਿੰਦਰ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਮੰਗ ਕੀਤੀ ਕਿ ਸੰਨ 1986 ਵਿਚ ਵਾਪਰੇ ਨਕੋਦਰ ਬੇਅਦਬੀ ਕਾਂਡ ਦੀ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਜਾਵੇ।




# ਸਨਾਤਨੀ ਪ੍ਰਚਾਰਕਾਂ ਨੂੰ ਸ਼੍ਰੋਮਣੀ ਕਮੇਟੀ ਦੇ ਰਹੀ ਏ ਤਰਜੀਹ

- **ਸਿੰਘ ਸਭਾਈ ਪ੍ਰਚਾਰਕਾਂ ਨੂੰ ਕੀਤਾ ਜਾ ਰਿਹਾ ਏ ਅੱਖੋ ਪਰੋਖੇ**
- **ਆਪਣੇ ਹੀ ਗੁਣੀ ਪ੍ਰਚਾਰਕਾਂ ਨੂੰ ਮੌਕਾ ਦੇਣ ਤੋਂ ਆਕੀ ਹੈ ਸ਼੍ਰੋਮਣੀ ਕਮੇਟੀ**

**ਅੰਮ੍ਰਿਤਸਰ/ਏਟੀ ਨਿਊਜ਼ :**
ਸਿੱਖ ਕੌਮ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਕੰਪਲੈਕਸ ਸਥਿਤ ਦੀਵਾਨ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਵਿਖੇ ਸ਼ਬਦ ਗੁਰਬਾਣੀ ਦੀ ਕਥਾ ਕਰਨ ਲਈ ਸ਼੍ਰੋਮਣੀ ਕਮੇਟੀ, ਸਚਖੰਡ ਵਿਖੇ ਸੇਵਾ ਨਿਭਾਅ ਰਹੇ ਗ੍ਰੰਥੀ ਸਾਹਿਬਾਨ ਅਤੇ ਕਮੇਟੀ ਪ੍ਰਬੰਧ ਹੇਠਲੀ ਧਰਮ ਪ੍ਰਚਾਰ ਕਮੇਟੀ ਦੇ ਗੁਣੀ ਕਥਾਵਾਚਕਾਂ ਨੂੰ ਸਮਾਂ ਦੇਣ ਤੋਂ ਕਿਨਾਰਾ ਕਰ ਰਹੀ ਹੈ ? ਇਹ ਸਵਾਲ ਸਿੱਖ ਸੰਗਤ ਵਲੋਂ ਜੁਬਾਨੀ ਤੇ ਸ਼ੋਸ਼ਲ ਮੀਡੀਆ ਰਾਹੀਂ ਉਠਾਏ ਜਾ ਰਹੇ ਹਨ। ਗੁਰਦੁਆਰਾ ਮੰਜੀ ਸਾਹਿਬ ਦੀਵਾਨ ਅਸਥਾਨ ਇੱਕ ਅਜਿਹਾ ਅਸਥਾਨ ਹੈ ਜਿਥੇ ਗੁਰੂ ਕਾਲ ਤੋਂ ਹੀ ਹਰ ਰੋਜ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਰਕਾਸ਼ ਮੌਕੇ ਲਏ ਗਏ ਹੁਕਮਨਾਮੇ ਦੀ ਵਖਿਆਨ ਰੂਪ ਕਥਾ ਹੁੰਦੀ ਆ ਰਹੀ ਹੈ। ਇਸ ਅਸਥਾਨ ਤੇ ਗੁਰਬਾਣੀ, ਗੁਰ ਇਤਿਹਾਸ ਤੇ ਗੁਰ ਸਿਧਾਂਤ ਦੀ ਕਥਾ ਕਰਨ ਦੀ ਸੇਵਾ ਨਿਭਾਉਣ ਵਾਲਿਆਂ ਵਿੱਚ ਵਿਸ਼ਵ ਪ੍ਰਸਿੱਧ ਸਿੱਖ ਪ੍ਰਚਾਰਕ ਤੇ ਕਥਾਵਾਚਕ ਸ਼ਾਮਿਲ ਹਨ। ਗੁਰਪੁਰ ਵਾਸੀ ਗਿਆਨੀ ਸੰਤ ਸਿੰਘ ਮਸਕੀਨ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਗਿਆਨੀ ਕਰਨੈਲ ਸਿੰਘ ਗੌਹਰ-ਏ ਮਸਕੀਨ, ਗਿਆਨੀ ਜਗਤਾਰ ਸਿੰਘ ਜਾਚਕ, ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ ਤੋਂ ਇਲਾਵਾ ਅਣਗਿਣਤ ਅਜਿਹੀਆਂ ਸ਼ਖਸ਼ੀਅਤਾਂ ਹਨ, ਜਿਨ੍ਹਾਂ ਪਾਸੋਂ ਗੁਰ ਸ਼ਬਦ ਦੀ ਕਥਾ ਸੁਨਣ ਲਈ ਸੰਗਤਾਂ ਵੱਡੀ ਗਿਣਤੀ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਅਸਥਾਨ ਵਿਖੇ ਜੁੜਦੀਆਂ ਹਨ ਤੇ ਖਾਸ ਕਰਕੇ ਸਿੱਖ ਧਰਮ ਇਤਿਹਾਸ ਨਾਲ ਜੁੜੇ ਦਿਹਾੜਿਆਂ ਮੌਕੇ ਸੰਗਤਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਸੰਗਤਾਂ ਦੀ ਸ਼ਰਧਾ ਤੇ ਉਤਸ਼ਾਹ ਨੂੰ ਵੇਖਦਿਆਂ ਸ਼੍ਰੋਮਣੀ ਕਮੇਟੀ ਨੇ ਪਿਛਲੇ ਕੁਝ ਸਾਲਾਂ ਤੋਂ ਇਸ ਵਿਸ਼ਾਲ ਦੀਵਾਨ ਅਸਥਾਨ ਨੂੰ ਕੇਂਦਰੀ ਵਾਤਾਅਨਕੂਲ ਕਰਵਾਇਆ ਹੈ। ਕਿਉਂਕਿ ਇਥੇ ਹੋਣ ਵਾਲੀ ਕਥਾ ਜਾਂ ਹੋਰ ਵੀ ਸਮਾਗਮਾਂ ਦਾ ਅਕਸਰ ਕੁਝ ਟੀਵੀ ਚੈਨਲਾਂ ਵਲੋਂ ਸਿੱਧਾ ਪ੍ਰਸਾਰਨ ਵੀ ਹੁੰਦਾ ਹੈ ਇਸ ਲਈ ਸ਼੍ਰੋਮਣੀ ਕਮੇਟੀ ਇਸ ਦੇ ਰੱਖ ਰਖਾਵ ਤੇ ਸੰਭਾਲ ਲਈ ਪੂਰੀ ਤਾਕਤ ਝੋਕ ਦਿੰਦੀ ਹੈ।

ਪਰ ਪਿਛਲੇ ਕੁਝ ਮਹੀਨਿਆਂ ਤੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਅਸਥਾਨ ਚਰਚਾ ਦੇ ਘੇਰੇ ਵਿੱਚ ਹੈ, ਕਿਉਂਕਿ ਇਥੇ ਗੁਰਬਾਣੀ ਕਥਾ ਲਈ ਪੁਜਣ ਵਾਲੇ ਕੁਝ ਕਥਾਵਾਚਕਾਂ ਉਪਰ ਸੰਗਤਾਂ ਵਿੱਚ ਦੁਵਿਧਾ ਪਾਣ ਜਾਂ ਅਕਾਲ ਤਖਤ ਸਾਹਿਬ ਦੁਆਰਾ ਪ੍ਰਵਾਨਿਤ ਤੇ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਿਤ ਸਿੱਖ ਰਹਿਤ ਮਰਿਆਦਾ ਤੇ ਕਿੰਤੂ ਪ੍ਰੰਤੂ ਕਰਨ ਜਾਂ ਆਪਣੀਆਂ ਸੰਸਥਾਵਾਂ ਦੀ ਰਹਿਤ ਮਰਿਆਦਾ ਨੂੰ ਪ੍ਰਚਾਰਨ ਤੇ ਪ੍ਰਸਾਰਨ ਦੇ ਦੋਸ਼ ਲਗਣ ਲੱਗ ਪਏ ਹਨ।

ਯੋਗ ਕਥਾ ਪ੍ਰਚਾਰਕਾਂ ਦਾ ਬਾਈਕਾਟ : ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਪ੍ਰਬੰਧਕਾਂ ਉਪਰ ਵੀ ਅਜੇਹੇ ਸੰਗੀਨ ਦੋਸ਼ ਲਗ ਰਹੇ ਹਨ ਕਿ ਉਹ ਆਪੇ ਸਿਆਸੀ ਮਾਲਕਾਂ ਦੀ ਇੱਛਾ ਪੂਰਤੀ ਲਈ ਆਪਣੇ ਹੀ ਪ੍ਰਬੰਧ ਹੇਠਲੇ ਯੋਗ ਤੇ ਗੁਣੀ ਪ੍ਰਚਾਰਕਾਂ ਤੇ ਕਥਾਵਾਚਕਾਂ ਨੂੰ ਮੰਜੀ ਸਾਹਿਬ ਦੀਵਾਨ ਅਸਥਾਨ ਦੇ ਮੰਚ ਤੇ ਮੌਕਾ ਦੇਣ ਤੋਂ ਕਿਨਾਰਾ ਕਰ ਰਹੇ ਹਨ। ਅਜਿਹੇ ਦੋਸ਼ਾਂ ਦੀ ਤਹਿ ਤੀਕ ਜਾਇਆ ਜਾਏ ਤਾਂ ਦਰਬਾਰ ਸਾਹਿਬ ਵਿਖੇ ਗ੍ਰੰਥੀ ਸਿੰਘ (ਸਿੰਘ ਸਾਹਿਬ) ਦੀ ਸੇਵਾ ਨਿਭਾਉਣ ਵਾਲੇ ਅੱਧੀ ਦਰਜਨ ਦੇ ਕਰੀਬ ਸਿੰਘ ਹਨ ਜਿਨ੍ਹਾਂ ਵਿੱਚ ਗੁਰਬਾਣੀ ਕਥਾ ਦੇ ਮਾਮਲੇ ਵਿੱਚ ਸੰਗਤਾਂ ਦੀ ਅਥਾਹ ਸ਼ਰਧਾ ਤੇ ਸਤਿਕਾਰ ਪਾਣ ਵਾਲੇ ਸਿੰਘ ਸਾਹਿਬਾਨ ਵੀ ਮੌਜੂਦ ਹਨ ਲੇਕਿਨ ਇਨ੍ਹਾਂ ਸਿੰਘ ਸਾਹਿਬਾਨ ਨੂੰ ਮੰਜੀ ਸਾਹਿਬ ਦੀਵਾਨ ਅਸਥਾਨ ਵਿਖੇ ਕਥਾ ਕਰਨ ਦਾ ਮੌਕਾਂ ਹੀ ਨਹੀ ਦਿੱਤਾ ਜਾਂਦਾ। ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਸੈਂਕੜੇ ਪ੍ਰਚਾਰਕ ਤੇ ਕਥਾਵਾਚਕ ਹੋਣ ਦਾ ਦਾਅਵਾ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿਭਾਗ ਪਾਸ ਵੀ ਦਰਜਨ ਦੇ ਕਰੀਬ ਅਜਿਹੇ ਪ੍ਰਚਾਰਕ ਤੇ ਕਥਾਵਾਚਕ ਮੌਜੂਦ ਹਨ ਜੋ ਗੁਰ ਸਿਧਾਂਤ ਤੇ ਗੁਰ ਇਤਿਹਾਸ ਦੀ ਗੁਰਬਾਣੀ ਆਸ਼ੇ ਅਨੁਸਾਰ ਕਥਾ ਵਖਿਆਨ ਕਰਨ ਵਿੱਚ ਮੁਹਾਰਤ ਰੱਖਦੇ ਹਨ ਲੇਕਿਨ ਇਨ੍ਹਾਂ ਨੂੰ ਸਾਲ ਭਰ ਵਿੱਚ ਕਦੇ ਕਦਾਈਂ ਹੀ ਮੰਜੀ ਸਾਹਿਬ ਵਿਖੇ ਮੌਕਾ ਦਿੱਤਾ ਜਾਂਦਾ ਤੇ ਸਾਲ ਦੇ ਬਾਕੀ ਦਿਨ ਅਜੇਹੇ ਕਥਾਵਾਚਕ ਵੇਖਣ ਸੁਨ ਨੂੰ ਮਿਲਦੇ ਹਨ ਜੋ ਗੁਰਬਾਣੀ ਕਥਾ ਦੀ ਬਜਾਏ ਨਿੱਜੀ ਡੇਰਿਆਂ ਦੀ ਮਰਿਆਦਾ ਦਾ ਗੁਣਗਾਨ ਕਰਨ ਤੀਕ ਸੀਮਤ ਹੋ ਰਹਿੰਦੇ ਹਨ ।ਇਹ ਦੋਸ਼ ਖੁਦ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ ਉਪਰ ਵੀ ਲੱਗੇ ਸਨ ਕਿ ਇੱਕ ਵਾਰ ਕਥਾ ਕਰਦਿਆਂ ਸਿੰਘ ਸਾਹਿਬ ਨੇ ਅੱਧੇ ਤੋਂ ਵੱਧ ਸਮਾਂ ਆਪਣੇ ਉਪਰ ਲਗ ਰਹੇ ਦੋਸ਼ਾਂ ਦਾ ਸਪੱਸ਼ਟੀਕਰਨ ਦੇਣ ਵਿੱਚ ਹੀ ਬਤੀਤ ਕਰ ਦਿੱਤਾ। ਮੰਜੀ ਸਾਹਿਬ ਵਿਖੇ ਗੁਰਬਾਣੀ ਕਥਾ ਵਖਿਆਨ ਕਰਨ ਵਾਲੇ ਪੰਥ ਪ੍ਰਸਿੱਧ ਕਥਾਵਾਚਕਾਂ ਤੇ ਪ੍ਰਚਾਰਕਾਂ ਬਾਰੇ ਇਹ ਵੀ ਇੱਕ ਰੁਝਾਨ ਰਿਹਾ ਹੈ ਕਿ ਉਹ ਕਈ ਕਈ ਦਿਨ ਅੰਮ੍ਰਿਤਸਰ ਵਿਖੇ ਰਹਿਕੇ ਮੰਜੀ ਸਾਹਿਬ ਵਿਖੇ ਕਥਾ ਵੀ ਕਰਦੇ ਸਨ ਤੇ ਜਗਿਆਸੂ ਸੰਗਤਾਂ ਦੇ ਸਵਾਲਾਂ ਦਾ ਜਵਾਬ ਦੇਣ ਲਈ ਆਰਜੀ ਨਿਵਾਸ ਅਸਥਾਨਾਂ ਤੇ ਸਮਾਂ ਵੀ ਦਿੰਦੇ ਸਨ।

ਲੇਕਿਨ ਜਿਹੜੇ ਕਥਾਵਾਚਕਾਂ ਨੂੰ ਅੱਜ ਕਲ੍ਹ ਸ਼੍ਰੋਮਣੀ ਕਮੇਟੀ ਧੜਾ ਧੜ ਆਪਣੀ ਪਹਿਚਾਣ ਸਥਾਪਤ ਕਰਨ ਦਾ ਮੌਕਾ ਦੇ ਰਹੀ ਹੈ ਉਹ ਸੰਗਤਾਂ ਦੀ ਜਗਿਆਸਾ ਦੇ ਅਨੁਸਾਰੀ ਸਵਾਲਾਂ ਦੇ ਜਵਾਬ ਦੇਣ ਤੋਂ ਕਿਨਾਰਾ ਕਰਨ ਵਾਲੇ ਹਨ। ਸੰਗਤ ਵਿੱਚ ਖੁਲੇਆਮ ਵਿਚਰਨ ਤੋਂ ਗੁਰੇਜ ਕਰਨ ਵਾਲੇ ਅਜੇਹੇ ਕਥਾਵਾਚਕ ਅਕਸਰ ਸੰਗਤ ਵਿੱਚ ਦੁਵਿਧਾ ਪਾਣ ਦੇ ਦੋਸ਼ਾਂ ਦਾ ਸਾਹਮਣਾ ਵੀ ਕਰਦੇ ਹਨ। ਇਸਦੇ ਨਾਲ ਹੀ ਸ਼੍ਰੋਮਣੀ ਕਮੇਟੀ ਪਰਬੰਧ ਹੇਠਲੇ ਗੁਣੀ ਕਥਾਵਾਚਕ ਤੇ ਪ੍ਰਚਾਰਕ ਇਹ ਮਹਿਸੂਸ ਜਰੂਰ ਕਰਦੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਇਸ ਅਹਿਮ ਮੰਚ ਤੇ ਉਨ੍ਹਾਂ ਦੇ ਹਾਜ਼ਰੀ ਭਰਨ ਤੇ ਅਣਐਲਾਨੀ ਰੋਕ ਕਿਉਂ ਹੈ ?

## ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਫ਼ਿਲਮਾਂ ਰਾਹੀਂ ਪ੍ਰਚਾਰ



**ਜਲੰਧਰ/ਏਟੀ ਨਿਊਜ਼ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰਪਾਲ ਸਿੰਘ ਗੋਲਡੀ, ਸਕੱਤਰ ਜਨਰਲ ਪ੍ਰੋ. ਬਲਵਿੰਦਰਪਾਲ ਸਿੰਘ, ਮਨਜੀਤ ਸਿੰਘ ਗਤਕਾ ਮਾਸਟਰ, ਅਰਿੰਦਰਜੀਤ ਸਿੰਘ ਚੱਡਾ, ਸੰਦੀਪ ਸਿੰਘ ਚਾਵਲਾ ਨੇ ਦੱਸਿਆ ਕਿ ਬੀਤੇ ਦਿਨੀਂ ਖਾਲਸਾ ਫ਼ਿਲਮ ਪ੍ਰੋਡੈਕਸ਼ਨ ਵੱਲੋਂ ਇਹ ਸ਼ੁਕਰਾਨਾ ਫ਼ਿਲਮ ਗੁਰਕਰਨ ਸਿੰਘ ਵੱਲੋਂ ਡਾਇਰੈਕਟ ਕੀਤੀ ਗਈ ਹੈ, ਜੋ ਹੁਣ ਤੱਕ ਪਹਿਲਾਂ ਵੀ 14 ਦੇ ਕਰੀਬ ਫ਼ਿਲਮਾਂ ਵਿਚ ਕੰਮ ਕਰ ਚੁੱਕੇ ਹਨ। ਕਈ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਵਿਚ ਜੇਤੂ ਵੀ ਰਹਿ ਚੁੱਕੇ ਹਨ। 'ਕੌਰ' ਤੇ 'ਫਤਹਿ' ਤੋਂ ਬਾਅਦ ਇਸ ਫ਼ਿਲਮ ਦਾ ਮੁੱਖ ਉਦੇਸ਼ ਹੈ ਕਿ ਸਿੱਖ ਯੂਥ ਨੂੰ ਤੇ ਸਿੱਖ ਸੰਗਤ ਨੂੰ ਸਿੱਖ ਸੱਭਿਆਚਾਰ ਵਲ ਤੋਰਿਆ ਜਾਵੇ, ਅਖੰਡ ਪਾਠਾਂ ਦੀ ਥਾਂ ਸਹਿਜ ਪਾਠ ਕਰਵਾਏ ਜਾਣ, ਸੋਨੇ ਦੀਆਂ ਪਾਲਕੀਆਂ, ਮਹਿੰਗੇ ਰੁਮਾਲੇ ਤੇ ਫਜ਼ੂਲ ਖਰਚੀ ਕਰਨ ਦੀ ਥਾਂ ਗਰੀਬ ਤੇ ਲੋੜਵੰਦ ਸਿੱਖਾਂ ਨੂੰ ਹਾਈ ਐਜੂਕੇਸ਼ਨ ਦਿੱਤੀ ਜਾਵੇ ਤਾਂ ਜੋ ਸਿੱਖੀ ਦਾ ਭਵਿੱਖ ਉੱਜਵਲ ਹੋ ਸਕੇ। ਗੁਰਦੁਆਰਿਆਂ ਵਿਚ ਦਸਵੰਧ ਫੰਡ ਖੋਲ੍ਹਿਆ ਜਾਵੇ ਤੇ ਸਿੱਖਾਂ ਦੀ ਐਜੂਕੇਸ਼ਨ 'ਤੇ ਖਰਚ ਕੀਤਾ ਜਾਵੇ ਤਾਂ ਜੋ ਯਹੂਦੀਆਂ ਵਾਂਗ ਸਿੱਖ ਸਮਾਜ ਪੜ੍ਹਿਆ ਲਿਖਿਆ ਸਮਾਜ ਬਣ ਸਕੇ ਤੇ ਵਿਸ਼ਵ ਵਿਚ ਆਪਣੀ ਸਿੱਖੀ ਦਾ ਪ੍ਰਚਾਰ-ਪਸਾਰ ਕਰ ਸਕੇ। ਨਗਰ ਕੀਰਤਨਾਂ ਦੌਰਾਨ ਫਾਈਵ ਸਟਾਰ ਲੰਗਰ ਦੀ ਥਾਂ 'ਤੇ ਸਾਦੇ ਲੰਗਰਾਂ ਦੀ ਪਿਰਤ ਪਾਈ ਜਾਵੇ। ਸ. ਖਾਲਸਾ ਨੇ ਕਿਹਾ ਕਿ ਸਿੱਖ ਕੌਮ ਨੂੰ ਗਿਆਨ ਖੇਤਰ ਨਾਲ ਜੋੜਨ ਲਈ ਗ੍ਰੰਥੀ ਤੇ ਪ੍ਰਚਾਰਕ ਪੜ੍ਹੇ ਲਿਖੇ ਬਣਾਉਣੇ ਚਾਹੀਦੇ ਹਨ ਤੇ ਉਨ੍ਹਾਂ ਦੀਆਂ ਤਨਖਾਹਾਂ ਵਧੀਆ ਟੀਚਰ ਦੇ ਬਰਾਬਰ ਹੋਣ ਤਾਂ ਜੋ ਉਹ ਆਪਣੇ ਪਰਿਵਾਰਕ ਜ਼ਿੰਦਗੀ ਤੋਂ ਨਿਸ਼ਚਿਤ ਰਹਿ ਕੇ ਕੌਮ ਦੀ ਸੇਵਾ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਫ਼ਿਲਮ ਇੰਗਲੈਂਡ, ਅਮਰੀਕਾ ਵਿਚ ਰਿਲੀਜ਼ ਹੋ ਚੁੱਕੀ ਹੈ ਤੇ ਕੈਨੇਡਾ ਵਿਚ

**ਬਾਕੀ ਸਫ਼ਾ 28 'ਤੇ**

WHITE HAWK TRUCKING INC
*Need Drivers & Owner Operators*
Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
*Call for more Info:*
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

# ਕਾਨਪੁਰ ਸਿੱਖ ਕਤਲੇਆਮ ਦੇ ਗਵਾਹ ਨੇ ਸੁਣਾਈ ਹੱਡਬੀਤੀ

## 'ਕੋਈ ਸਰਦਾਰ ਹੈ ਤਾਂ ਮਾਰੋ' ਦੀਆਂ ਆ ਰਹੀਆਂ ਸਨ ਅਵਾਜ਼ਾਂ...

**ਕਾਨਪੁਰ/ਏਟੀ ਨਿਊਜ਼ :** ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿੱਚ ਹੋਈਆਂ ਵਾਰਦਾਤਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ। ਯੂਪੀ ਪੁਲਿਸ ਦੇ ਸਾਬਕਾ ਡੀਜੀਪੀ ਅਤੁਲ ਦੀ ਅਗਵਾਈ ਵਿੱਚ 4 ਮੈਂਬਰੀ ਕਮੇਟੀ 125 ਕਤਲਾਂ ਦੀ ਜਾਂਚ ਦਾ ਕੰਮ 6 ਮਹੀਨੇ ਵਿੱਚ ਪੂਰਾ ਕਰੇਗੀ। ਇਹ ਜਾਂਚ ਸੁਪਰੀਮ ਕੋਰਟ ਦੇ ਹੁਕਮਾਂ ਉੱਤੇ ਕੀਤੀ ਜਾ ਰਹੀ ਹੈ।

**ਮੁਖ ਗਵਾਹ ਦੀ ਜ਼ੁਬਾਨੀ ਦਾਸਤਾਨ :** ਸਮਾਜਿਕ ਤੇ ਮਨੁੱਖੀ ਅਧਿਕਾਰ ਕਾਰਕੁਨ ਕੁਲਬੀਰ ਸਿੰਘ ਦੌਰਾਨ ਰੇਲ ਗੱਡੀ ਰਾਹੀਂ ਦਿੱਲੀ ਤੋਂ ਬਿਹਾਰ ਆ ਰਹੇ ਸਨ ਅਤੇ ਕਾਨਪੁਰ ਵਿੱਚ ਉਨ੍ਹਾਂ ਨੂੰ ਸਿੱਖ ਹੋਣ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ



31 ਅਕਤੂਬਰ 1984 ਵਾਲੇ ਦਿਨ ਹੀ ਮੇਰੀ ਦਿੱਲੀ ਤੋਂ ਬਿਹਾਰ ਵਾਪਸੀ ਰੇਲ ਗੱਡੀ ਰਾਹੀਂ ਸੀ। ਮੈਨੂੰ ਕਾਨਪੁਰ ਤੋਂ ਥੋੜ੍ਹੇ ਪਹਿਲਾਂ ਹੀ ਰਸਤੇ ਵਿਚ ਸੁਣਨ ਵਿਚ ਆਇਆ ਕਿ ਇੰਦਰਾ ਗਾਂਧੀ ਨੂੰ ਕਿਸੇ ਨੇ ਮਾਰ ਦਿੱਤਾ ਅਤੇ ਲੋਕ ਟ੍ਰੇਨ ਵਿਚ ਗੱਲਾਂ ਕਰਨ ਲੱਗੇ ਤੇ ਥੋੜ੍ਹਾ ਰੌਲਾ-ਰੱਪਾ ਪੈਣਾ ਸ਼ੁਰੂ ਹੋ ਗਿਆ ਸੀ। ਜਿਵੇਂ ਹੀ ਟਰੇਨ ਕਾਨਪੁਰ ਸਟੇਸ਼ਨ 'ਤੇ ਪਹੁੰਚੀ ਤਾਂ ਉੱਥੇ ਬਹੁਤ ਜ਼ਿਆਦਾ ਰੌਲਾ ਸੀ ਅਤੇ ਕਿਸੇ ਨੇ ਅਚਾਨਕ ਆ ਕੇ ਦੱਸਿਆ ਕਿ ਸਿੱਖਾਂ ਨੂੰ ਕੁੱਟਿਆ ਤੇ ਮਾਰਿਆ ਜਾ ਰਿਹਾ ਹੈ, ਉਨ੍ਹਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਕੁਲਬੀਰ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਤੋਂ ਇੱਕ ਹੋਰ ਸਿੱਖ ਸਾਡੇ ਨਾਲ ਸਫ਼ਰ ਕਰ ਰਿਹਾ ਸੀ ਤੇ ਮੇਰੇ ਦੋਸਤ ਮੇਘਨਾਥ ਨੇ ਸਾਨੂੰ ਕਿਹਾ ਕਿ "ਤੁਸੀਂ ਗੁਸਲਖਾਨੇ ਵਿੱਚ ਲੁਕ ਜਾਓ।" ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਅਸੀਂ ਮੇਘਨਾਥ ਦੀ ਗੱਲ ਮੰਨ ਲਈ ਤੇ ਲੁਕ ਗਏ। ਸ਼ੋਰ ਇੰਨਾ ਜ਼ਿਆਦਾ ਸੀ ਕਿ ਅਸੀਂ ਅੰਦਰੋਂ ਸੁਣ ਵੀ ਰਹੇ ਸੀ, "ਕੋਈ ਸਿੱਖ ਹੈ, ਕੋਈ ਸਰਦਾਰ ਹੈ ਤਾਂ ਫੜੋ ਮਾਰੋ ਉਸ ਨੂੰ।" ਅਸੀਂ ਸੁਣਿਆ ਕਿ ਕਿਸੇ ਨੇ ਮੇਘਨਾਥ ਨੂੰ ਪੁੱਛਿਆ ਕਿ ਅੰਦਰ ਕੌਣ ਹੈ ਤਾਂ ਉਸ ਨੇ ਕਿਹਾ ਕਿ ਕੋਈ ਔਰਤ ਹੈ, ਇਹ ਸੁਣ ਕੇ ਉਹ ਉੱਥੋਂ ਚਲੇ ਗਏ।

ਇਸ ਤਰ੍ਹਾਂ ਅਸੀਂ ਕਾਨਪੁਰ ਤੋਂ ਤਾਂ ਸਹੀ ਸਲਾਮਤ ਨਿਕਲ ਆਏ ਪਰ ਉਸ ਤੋਂ ਬਾਅਦ ਇੱਕ ਸੱਚਮੁੱਚ ਦਾ ਖੌਫ਼ ਸਾਡੇ ਮਨ ਵਿੱਚ ਆ ਗਿਆ। ਫਿਰ ਅਸੀਂ ਇਲਾਹਾਬਾਦ ਸਟੇਸ਼ਨ 'ਤੇ ਆ ਗਏ। ਉੱਥੇ ਆ ਕੇ ਦੇਖਿਆ ਕਿ ਸਟੇਸ਼ਨ ਬਿਲਕੁਲ ਸੁੰਨਸਾਨ ਸੀ। ਕੋਈ ਬੰਦਾ ਵੀ ਨਜ਼ਰ ਨਹੀਂ ਆਇਆ। ਇੱਕ ਬੰਦਾ ਦੋ ਪੰਨਿਆਂ ਦਾ ਅਖ਼ਬਾਰ ਵੇਚ ਰਿਹਾ ਸੀ, ਜਿਸ ਵਿੱਚ ਲਿਖਿਆ ਸੀ ਕਿ, 'ਇੰਦਰਾ ਗਾਂਧੀ ਨੂੰ ਸਿੱਖਾਂ ਨੇ ਮਾਰ ਦਿੱਤਾ।' ਉਸ ਵਿੱਚ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਦੀਆਂ ਤਸਵੀਰਾਂ ਵੀ ਛਪੀਆਂ ਹੋਈਆਂ ਸਨ। ਉਸ ਤੋਂ ਬਾਅਦ ਡਰ ਹੋਰ ਵਧ ਗਿਆ। ਉਹ ਰਾਤ ਸਾਡੀ ਠੀਕ-ਠਾਕ ਨਿਕਲ ਗਈ ਪਰ ਰਸਤੇ ਵਿਚ ਸਫ਼ਰ ਦੌਰਾਨ ਮੇਘਨਾਥ ਨੇ ਸਾਨੂੰ ਕਿਹਾ ਕਿ ਖ਼ਤਰਾ ਵਧ ਗਿਆ ਹੈ। ਇਸੇ ਤਰ੍ਹਾਂ ਹੀ ਹੋਰਨਾਂ ਯਾਤਰੀਆਂ ਨੇ ਵੀ ਕਿਹਾ, "ਤੁਸੀਂ ਆਪਣੇ ਕੇਸ ਕੱਟ ਲਉ ਤਾਂ ਜੋ ਤੁਸੀਂ ਬਾਕੀ ਰਸਤੇ ਸਲਾਮਤ ਰਹਿ ਸਕੋਗੇ।" ਅਸੀਂ ਕੈਂਚੀ ਲੈ ਕੇ ਬਾਥਰੂਮ ਵਿਚ ਚਲੇ ਗਏ




ਪਰ ਮੈਂ ਆਪਣੇ ਵਾਲ ਨਹੀਂ ਕੱਟੇ ਹਾਲਾਂਕਿ ਅੰਮ੍ਰਿਤਸਰ ਵਾਲੇ ਸਿੱਖ ਨੇ ਆਪਣੇ ਵਾਲ ਕੱਟ ਲਏ ਸਨ। ਜਦੋਂ ਅਸੀਂ ਬਿਹਾਰ ਅੰਦਰ ਦਾਖ਼ਲ ਹੋਏ ਤਾਂ ਥੋੜ੍ਹੀ ਰਾਹਤ ਮਹਿਸੂਸ ਹੋਈ ਕਿ ਹੁਣ ਆਪਣੇ ਇਲਾਕੇ ਵਿਚ ਆ ਗਏ ਹਾਂ। ਉੱਥੇ ਵੀ ਸਟੇਸ਼ਨ 'ਤੇ ਬਹੁਤ ਰੌਲਾ ਸੀ, ਸਿੱਖਾਂ ਨੂੰ ਮਾਰ ਦਿਓ, ਸਿੱਖਾਂ ਨੂੰ ਮਾਰ ਦਿਓ।

ਕਿਸੇ ਗੁੰਡੇ ਨੇ ਰੇਲਗੱਡੀ ਦੀ ਖਿੜਕੀ ਉਤੇ ਪੱਥਰ ਮਾਰ ਕੇ ਸ਼ੀਸ਼ਾ ਤੋੜ ਦਿੱਤਾ ਤੇ ਰੌਲਾ ਪਾ ਦਿੱਤਾ ਕਿ ਅੰਦਰ ਇੱਕ ਸਰਦਾਰ ਹੈ। ਜਦੋਂ ਭੀੜ ਨੇ ਦਰਵਾਜ਼ਾ ਭੰਨਿਆ ਤਾਂ ਮੈਂ ਬਾਹਰ ਵੱਲ ਆਇਆ ਅਤੇ ਦੇਖਿਆ ਜੋ ਭੀੜ ਕੁੱਟਣ ਲਈ ਆਈ ਹੈ, ਉਸ ਵਿੱਚ ਉਨ੍ਹਾਂ ਦਾ ਇੱਕ ਜਾਣਕਾਰ ਦੇਵ ਕੁਮਾਰ ਵੀ ਸੀ। ਦੇਵ ਕੁਮਾਰ ਨੇ ਮੇਰੇ ਵੱਲ ਦੇਖਿਆ ਤੇ ਮੇਰਾ ਨਾਂ ਲੈ ਕੇ ਮੈਨੂੰ ਬਚਾਉਣ ਲਈ ਭੱਜਿਆ ਅਤੇ ਇਸੇ ਦੌਰਾਨ 20-25 ਬੰਦੇ ਉਸ ਨੂੰ ਹੀ ਕੁੱਟਣ ਲੱਗ ਗਏ ਤੇ ਮੈਂ ਉਸ ਮੌਕੇ ਦਾ ਫਾਇਦਾ ਚੁੱਕ ਕੇ ਉੱਥੋਂ ਭੱਜ ਗਿਆ। ਕੁਲਬੀਰ ਨੇ ਦੱਸਿਆ ਕਿ "ਇਸ ਦੌਰਾਨ ਜਿੰਨੀ ਵੀ ਮਾਰ ਪਈ ਉਹ ਸਿਰ 'ਤੇ ਅਤੇ ਪਿੱਠ 'ਤੇ ਪਈ ਜਿਸ ਦੇ ਦੋ ਨਿਸ਼ਾਨ ਅਜੇ ਵੀ ਬਾਕੀ ਹਨ। ਅੱਜ 30 ਸਾਲ ਤੋਂ ਵੱਧ ਹੋ ਗਏ ਹਨ ਪਰ ਲਗਦਾ ਹੈ ਜਖ਼ਮ ਜਿਵੇਂ ਅਜੇ ਵੀ ਤਾਜ਼ਾ ਹਨ।"

ਇੱਥੇ ਜ਼ਿਕਰਯੋਗ ਹੈ ਕਿ ਸਾਲ 1984 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਭਾਰਤ ਦੇ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿਚ ਸਿੱਖਾਂ ਦਾ ਕਤਲੇਆਮ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਸੀ। ਸੱਤਾਧਾਰੀ ਪਾਰਟੀ ਦੇ ਕਈ ਆਗੂਆਂ ਨੇ ਕਈ ਥਾਵਾਂ 'ਤੇ ਹਿੰਸਕ ਭੀੜਾਂ ਨੂੰ ਉਕਸਾਇਆ ਤੇ ਉਨ੍ਹਾਂ ਦੀ ਅਗਵਾਈ ਵੀ ਕੀਤੀ। ਬਾਅਦ ਵਿਚ ਪੁਲੀਸ ਨੇ ਤਫ਼ਤੀਸ਼ ਵੱਲ ਯੋਗ ਧਿਆਨ ਨਹੀਂ ਦਿੱਤਾ। ਤਿੰਨ ਸਾਲ ਪਹਿਲਾਂ ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ ਨੇ ਆਰਟੀਆਈ ਦੀ ਅਰਜ਼ੀ ਦਿੱਤੀ ਜਿਸ ਤੋਂ ਇਹ ਤੱਥ ਸਾਹਮਣੇ ਆਏ ਕਿ ਕਾਨਪੁਰ ਵਿਚ ਹੋਈਆਂ ਹਿੰਸਕ ਘਟਨਾਵਾਂ ਵਿਚ 127 ਸਿੱਖ ਮਾਰੇ ਗਏ ਸਨ ਤੇ ਇਨ੍ਹਾਂ ਬਾਰੇ ਦਰਜ ਹੋਏ ਕੇਸਾਂ ਵਿਚ 34 ਜਣੇ ਨਾਮਜ਼ਦ ਹੋਏ।

ਮਾਰਚ 2017 ਵਿਚ ਉਪਰੋਕਤ ਰਾਹਤ ਕਮੇਟੀ ਨੇ ਸੁਪਰੀਮ ਕੋਰਟ ਵਿਚ ਜਨਤਕ ਪਟੀਸ਼ਨ ਦਾਇਰ ਕੀਤੀ ਜਿਸ ਵਿਚ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਵਿਸ਼ੇਸ਼ ਜਾਂਚ ਦਲ ਬਣਾ ਕੇ ਇਨ੍ਹਾਂ ਕੇਸਾਂ ਦੀ ਦੁਬਾਰਾ ਪੜਤਾਲ ਕਰਨ ਦੀ ਮੰਗ ਕੀਤੀ ਗਈ। ਇਸ ਸਾਲ 13 ਜਨਵਰੀ ਨੂੰ ਰਾਹਤ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਭੋਗਲ ਨੇ ਪ੍ਰਧਾਨ ਮੰਤਰੀ ਤਕ ਦੁਬਾਰਾ ਪਹੁੰਚ ਕੀਤੀ ਅਤੇ 'ਸਿੱਟ' ਬਣਾਉਣ ਲਈ ਕਿਹਾ। ਉੱਤਰ ਪ੍ਰਦੇਸ਼ ਸਰਕਾਰ ਨੇ ਹੁਣ ਵਿਸ਼ੇਸ਼ ਜਾਂਚ ਦਲ ਬਣਾਇਆ ਹੈ ਜਿਸ ਦੇ ਮੁਖੀ ਸੇਵਾਮੁਕਤ ਡੀਜੀਪੀ ਹੋਣਗੇ। ਇਹ ਘਟਨਾਕ੍ਰਮ ਪੁਲੀਸ ਤੇ ਕਾਨੂੰਨ ਨਾਲ ਸਬੰਧਤ ਪ੍ਰਬੰਧਕੀ ਢਾਂਚੇ ਦੀ ਤਰਸਯੋਗ ਤਸਵੀਰ ਪੇਸ਼ ਕਰਦਾ ਹੈ। ਸਮੂਹਿਕ ਹਿੰਸਾ ਹੋਈ, ਸਿੱਖਾਂ ਦੀਆਂ ਜਾਨਾਂ ਗਈਆਂ, ਪਰਿਵਾਰ ਬਰਬਾਦ ਹੋ ਗਏ ਪਰ ਨਾ ਤਾਂ ਕੇਸਾਂ ਦੀ ਉਚਿਤ ਢੰਗ ਨਾਲ ਤਫ਼ਤੀਸ਼ ਹੋਈ ਅਤੇ ਨਾ ਹੀ ਦੋਸ਼ੀਆਂ ਨੂੰ ਸਜ਼ਾ ਮਿਲੀ।

ਇਸ ਦਾ ਕਾਰਨ ਬਹੁਤ ਸਪੱਸ਼ਟ ਹੈ ਕਿ ਹਿੰਸਾ ਕਰਨ ਵਾਲਿਆਂ ਨੂੰ ਸੱਤਾਧਾਰੀ ਪਾਰਟੀ ਦੇ ਕੁਝ ਆਗੂਆਂ ਦੀ ਹਮਾਇਤ ਹਾਸਲ ਸੀ। ਨਾਲ ਨਾਲ ਇਸ ਤਰ੍ਹਾਂ ਦੀ ਸੋਚ-ਸਮਝ ਦਾ ਸੰਚਾਰ ਵੀ ਕੀਤਾ ਗਿਆ ਕਿ ਸਮੂਹਿਕ ਹਿੰਸਾ ਦੇ ਕੇਸਾਂ ਵਿਚ ਕਿਸੇ ਵਿਅਕਤੀ ਵਿਸ਼ੇਸ਼ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਅਜਿਹੀ ਸੋਚ-ਸਮਝ ਕਰਕੇ ਇਸ ਤਰ੍ਹਾਂ ਦੀ ਹਿੰਸਾ ਕਰਨ ਵਾਲਿਆਂ ਨੂੰ ਹੋਰ ਹੱਲਾਸ਼ੇਰੀ ਮਿਲੀ। ਸੰਨ 1992, 2002 ਅਤੇ ਬਾਅਦ ਵਿਚ ਹੋਈਆਂ ਸਮੂਹਿਕ ਹਿੰਸਾ ਦੀਆਂ ਕਾਰਵਾਈਆਂ ਇਨ੍ਹਾਂ ਤੱਥਾਂ ਦੀਆਂ ਗਵਾਹ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਰੋਜ਼ਾ ਪਾਰਕਸ ਟਰੇਲਬਲੇਜ਼ਰ ਪੁਰਸਕਾਰ ਜੇਤੂ ਖ਼ਾਲਸਾ ਵੱਲੋਂ ਰਾਜਨੀਤੀ 'ਚ ਆਉਣ ਦਾ ਐਲਾਨ

**ਵਾਸ਼ਿੰਗਟਨ/ਏਟੀ ਨਿਊਜ਼ :** ਹਾਲ ਹੀ ਵਿਚ ਵਕਾਰੀ ਰੋਜ਼ਾ ਪਾਰਕਸ ਟਰੇਲਬਲੇਜ਼ਰ ਪੁਰਸਕਾਰ ਹਾਸਲ ਕਰਨ ਤੋਂ ਕੁਝ ਹਫ਼ਤਿਆਂ ਬਾਅਦ ਗੁਰਿੰਦਰ ਸਿੰਘ ਖ਼ਾਲਸਾ ਨੇ ਰਾਜਨੀਤੀ ਵਿਚ ਆਉਣ ਦਾ ਫ਼ੈਸਲਾ



ਕੀਤਾ ਹੈ। ਉਨ੍ਹਾਂ ਸਿਟੀ ਕੌਂਸਲ ਆਫ਼ ਫਿਸ਼ਰਜ਼ ਦੀ ਚੋਣ ਲਈ ਆਪਣੀ ਯੋਜਨਾ ਦਾ ਐਲਾਨ ਕਰਨ ਤੋਂ ਬਾਅਦ ਇੰਡੀਆਨਾਪੋਲਿਸ ਵਿਚ ਆਪਣੇ ਸਮਰਥਕਾਂ ਨੂੰ ਕਿਹਾ, ਕਿ ਆਪਣੇ ਸਮਾਜ ਦੇ ਲੋਕਾਂ ਲਈ ਕੁਝ ਕਰਨ ਦੀ ਇੱਛਾ ਅਤੇ ਜਨਤਕ ਨੀਤੀ ਵਿਚ ਰੁਚੀ ਕਰਕੇ ਮੈਂ ਰਾਜਨੀਤੀ ਵਿਚ ਆਉਣ ਦਾ ਫ਼ੈਸਲਾ ਲਿਆ ਹੈ। ਇੱਕ ਤੋਂ ਵੱਧ ਦਹਾਕੇ ਤੋਂ ਇੰਡੀਆਨਾ ਵਿਚ ਫਿਸ਼ਰਜ਼ ਸਮਾਜ ਦੇ ਵਸਨੀਕ ਖ਼ਾਲਸਾ ਮੰਨੇ-ਪ੍ਰੰਮਨੇ ਕਾਰੋਬਾਰੀ ਆਗੂ, ਉੱਦਮੀ ਅਤੇ ਪਰਉਪਕਾਰੀ ਵਿਅਕਤੀ ਹਨ ਜਿਨ੍ਹਾਂ ਰਾਜ ਤੇ ਦੇਸ਼ ਵਿਚ ਲੋਕ ਸੇਵਾਵਾਂ ਦੇ ਆਗੂਆਂ ਤੇ ਸੰਸਥਾਵਾਂ ਨਾਲ ਕੰਮ ਕੀਤਾ ਹੈ। ਜਾਰੀ ਇੱਕ ਪ੍ਰੈਸ ਨੋਟ ਮੁਤਾਬਕ ਉਨ੍ਹਾਂ ਕਿਹਾ, ਕਿ ਮੈਂ ਲੋਕ ਸੇਵਾ ਰਾਹੀਂ ਸਮਾਜ ਨੂੰ ਕੁਝ ਵਾਪਸ ਕਰਨਾ ਚਾਹੁੰਦਾ ਹਾਂ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਗੁਰਿੰਦਰ ਸਿੰਘ ਖ਼ਾਲਸਾ ਨੂੰ ਮਈ 2007 ਵਿਚ ਵਿਖਾਏ ਗਏ ਉਨ੍ਹਾਂ ਦੇ ਸਾਹਸ ਲਈ ਵਕਾਰੀ ਰੋਜ਼ ਪਾਰਕਸ ਟਰੇਲਬਲੇਜ਼ਰ ਪੁਰਸਕਾਰ ਲਈ ਚੁਣਿਆ ਗਿਆ ਸੀ। ਮਈ 2007 ਵਿਚ ਉਨ੍ਹਾਂ ਨੂੰ ਨਿਊਯਾਰਕ ਵਿਚ ਜਹਾਜ਼ ਚੜ੍ਹਨ ਮੌਕੇ ਆਪਣੀ ਪੱਗ ਲਾਹੁਣ ਲਈ ਕਿਹਾ ਗਿਆ ਸੀ। ਇਸ ਘਟਨਾ ਤੋਂ ਬਾਅਦ ਉਨ੍ਹਾਂ ਇਸ ਮੁੱਦੇ ਵੱਲ ਅਮਰੀਕੀ ਸੰਸਦ ਦਾ ਧਿਆਨ ਦਿਵਾਇਆ ਸੀ।

# ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਵਿਆਹ ਪੁਰਬ ਮਨਾਇਆ

**ਅਨੰਦਪੁਰ ਸਾਹਿਬ/ਏਟੀ ਨਿਊਜ਼ :**
ਦਸਮ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਦਾ ਵਿਆਹ ਪੁਰਬ ਹਰ ਸਾਲ ਦੀ ਤਰ੍ਹਾਂ ਗੁਰੂ ਕਾ ਲਾਹੌਰ ਵਿਖੇ ਬਹੁਤ ਹੀ ਉਤਸ਼ਾਹ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤੋਂ ਮਹਿਜ਼ 13 ਕਿਲੋਮੀਟਰ ਦੀ ਦੂਰੀ 'ਤੇ ਹਿਮਾਚਲ ਦੇ ਜ਼ਿਲ੍ਹਾ ਬਿਲਾਸਪੁਰ ਸਥਿਤ ਗੁਰੂ ਕਾ ਲਾਹੌਰ ਨਗਰ ਵਿਖੇ ਵਿਆਹ ਪੁਰਬ ਦੀਆ ਰੌਣਕਾਂ ਵੇਖਿਆਂ ਹੀ ਬਣਦੀਆਂ ਸਨ।

ਗੁਰਦੁਆਰਾ ਗੁਰੂ ਕੇ ਮਹਿਲ ਜੋ ਦਸਮ ਪਾਤਸ਼ਾਹ ਦਾ ਨਿਵਾਸ ਅਸਥਾਨ ਹੋਇਆ ਕਰਦਾ ਸੀ, ਉਸ ਅਸਥਾਨ ਤੋਂ ਨਗਰ ਕੀਰਤਨ ਦੇ ਰੂਪ ਚ ਬਰਾਤ ਗੁਰਦੁਆਰਾ



ਸੇਹਰਾ ਸਾਹਿਬ ਪਹੁੰਚੀ, ਜਿੱਥੇ ਧਾਰਮਿਕ ਦੀਵਾਨ ਸਜਾਉਣ ਉਪਰੰਤ ਪਾਵਨ ਪਾਲਕੀ ਨੂੰ ਚਲੀ ਆ ਰਹੀ ਮਰਿਆਦਾ ਅਨੁਸਾਰ ਸੰਗਤਾਂ ਗੁਰੂ ਦਾ ਹਰ ਜੱਸ ਕਰਦੀਆਂ ਗੁਰੂ ਕੇ ਲਾਹੌਰ ਲੈ ਕੇ ਪਹੁੰਚੀਆਂ।

ਇਤਿਹਾਸ ਮੁਤਾਬਕ ਸੰਨ1673 ਵਿੱਚ ਗੁਰੂ ਸਾਹਿਬ ਦਾ ਵਿਆਹ ਲਾਹੌਰ ਨਿਵਾਸੀ ਭਾਈ ਹਰਜਸ ਜੀ ਦੀ ਸਪੁੱਤਰੀ ਮਾਤਾ ਜੀਤੋ ਜੀ ਨਾਲ ਹੋਇਆ ਸੀ।ਇੱਥੇ ਹੀ ਦਸਮ ਪਾਤਸ਼ਾਹ ਨੇ ਨਵਾਂ ਨਗਰ ਵਸਾਇਆ ਸੀ। ਅੱਜ ਵੀ ਸੰਗਤਾਂ ਗੁਰੂ ਸਾਹਿਬ ਦੇ ਵਿਆਹ ਪੁਰਬ ਮੌਕੇ ਖ਼ੁਸ਼ੀਆਂ ਮਨਾਉਂਦਿਆਂ ਗੁਰੂ ਚਰਨਾਂ ਵਿੱਚ ਨਤਮਸਕ ਹੁੰਦੀਆਂ ਹਨ ਤੇ ਰਾਗੀ ਢਾਡੀ ਇਤਿਹਾਸਿਕ ਪ੍ਰਸੰਗ ਸੁਣਾ ਕੇ ਗੁਰੂ ਦੀ ਮਹਿਮਾ ਕਰਦੇ ਹਨ।

# ਸਿੱਖਾਂ ਨੇ ਪਟਨਾ ਸਾਹਿਬ 'ਚ ਮਰੀਜ਼ਾਂ ਲਈ ਲੰਗਰ ਲਗਾ ਕੇ ਵਾਹ-ਵਾਹ ਖੱਟੀ

**ਪਟਨਾ/ਏਟੀ ਨਿਊਜ਼ :** ਪਟਨਾ ਸਾਹਿਬ (ਬਿਹਾਰ) ਦੇ ਸਿੱਖ ਨੌਜਵਾਨਾਂ ਦੀ ਇੱਕ ਟੋਲੀ ਹਰ ਰੋਜ਼ ਬਿਹਾਰ ਦੇ ਸਭ ਤੋਂ ਵੱਡੇ ਸਰਕਾਰੀ ਹਸਪਤਾਲ ਪੀਐਮਸੀਐਚ ਵਿੱਚ ਮਰੀਜ਼ਾਂ ਨੂੰ ਸਵੇਰ ਦਾ ਖਾਣਾ ਮੁਹੱਈਆ ਕਰਵਾ ਰਹੀ ਹੈ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਨੌਜਵਾਨਾਂ ਵਿੱਚ ਕੁਝ ਕਾਰੋਬਾਰੀ ਹਨ ਤੇ ਕੁਝ ਵਿਦਿਆਰਥੀ ਹਨ। ਇਹ ਆਪਣੀ ਜੇਬ ਖ਼ਰਚੀ ਵਿੱਚੋਂ ਦਸਵੰਦ ਕੱਢ ਕੇ ਮਰੀਜ਼ਾਂ ਲਈ ਗੁਰੂ ਕਾ ਲੰਗਰ ਚਲਾ ਰਹੇ ਹਨ। ਦੱਸਿਆ ਜਾਂਦਾ ਹੈ ਕਿ ਹਸਪਤਾਲ ਵਿੱਚ ਸਵੇਰੇ 8 ਵਜੇ ਹੀ ਮਰੀਜ਼ਾਂ ਦੇ ਵਾਰਸਾਂ ਦੀਆਂ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ। ਨੌਜਵਾਨ ਵੈਨ ਵਿੱਚ ਆਉਂਦੇ ਹਨ ਤੇ ਕਤਾਰਾਂ ਵਿੱਚ ਖੜ੍ਹੇ ਮਰੀਜ਼ਾਂ ਦੇ ਪਰਿਵਾਰਕ ਮੈਂਬਰਾਂ ਲਈ ਚਾਹ ਬਿਸਕੁੱਟਾਂ ਦਾ ਲੰਗਰ ਲਾਉਂਦੇ ਹਨ। ਰੋਜ਼ਾਨਾ 20 ਲੀਟਰ ਚਾਹ ਤੇ 2 ਹਜ਼ਾਰ ਰੁਪਏ ਦੇ ਬਿਸਕੁਟਾਂ ਦਾ ਲੰਗਰ ਲਾਇਆ ਜਾਂਦਾ ਹੈ।

ਨੌਵਜਾਨਾਂ ਦੇ ਸਮਰਥਨ ਲਈ ਹੁਣ ਬਜ਼ੁਰਗ ਤੇ ਮਹਿਲਾਵਾਂ ਵੀ ਉਨ੍ਹਾਂ ਨਾਲ ਆਉਣ ਲੱਗ ਪਈਆਂ ਹਨ। ਨੌਜਵਾਨ ਆਪਣੀ ਆਮਦਨ ਦਾ ਕੁਝ ਹਿੱਸਾ ਲੰਗਰ ਵਿੱਚ ਖ਼ਰਚ ਕਰਦੇ ਹਨ। ਜੋ ਬਹੁਤੇ ਵਿਦਿਆਰਥੀ ਹਨ। ਉਹ ਆਪਣੀ ਜੇਬ੍ਹ ਖ਼ਰਚੀ ਇਸ ਨੇਕ ਕੰਮ ਲਈ ਦਸਵੰਦ ਵਜੋਂ ਦਿੰਦੇ ਹਨ। ਲੰਗਰ ਵਿੱਚ ਸ਼ਾਮਲ ਹੋਣ ਵਾਲਾ ਕੋਈ ਵੀ ਸ਼ਖ਼ਸ ਨਿਰਾਸ਼ ਹੋ ਕੇ ਨਹੀਂ ਜਾਂਦਾ। ਹਸਪਤਾਲ ਦੇ ਮਰੀਜ਼ਾਂ ਦਾ ਕਹਿਣਾ ਹੈ ਕਿ ਇਹ ਅਦਭੁਤ ਸੇਵਾ ਹੈ ਜੋ ਉਨ੍ਹਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ।

# ਸੁਪਰੀਮ ਕੋਰਟ ਵਿਚ ਸਿੱਖ ਵਕੀਲ ਨੂੰ ਕਿਰਪਾਨ ਸਮੇਤ ਦਾਖ਼ਲ ਹੋਣੋਂ ਰੋਕਿਆ

## ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਵੱਲੋਂ ਨਿਖੇਧੀ

**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤ ਦੀ ਸਰਬਉੱਚ ਅਦਾਲਤ ਵਿੱਚ ਅੰਮ੍ਰਿਤਧਾਰੀ ਵਕੀਲ ਨੂੰ ਕਿਰਪਾਨ ਸਮੇਤ ਜਾਣ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ ਹੈ। ਵਕੀਲ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਇਸ ਸਬੰਧੀ ਦੇਸ਼ ਦੇ ਚੀਫ਼ ਜਸਟਿਸ ਨੂੰ ਇਸ ਸਬੰਧੀ ਸ਼ਿਕਾਇਤ ਕੀਤੀ ਹੈ। ਵਕੀਲ ਮੁਤਾਬਕ ਜਿਸ ਨਿਯਮ ਤਹਿਤ ਉਨ੍ਹਾਂ ਨੂੰ ਰੋਕਿਆ ਗਿਆ, ਉਹ ਸਿਰਫ ਹਵਾਈ ਅੱਡਿਆਂ 'ਤੇ ਲਾਗੂ ਹੁੰਦਾ ਹੈ। ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਦੋ ਸਾਲਾਂ ਤੋਂ ਸੁਪਰੀਮ ਕੋਰਟ ਵਿੱਚ ਵਕਾਲਤ ਦੀ ਪ੍ਰੈਕਟਿਸ ਕਰ ਰਹੇ ਹਨ। ਬੀਤੇ ਦਿਨ ਦਿੱਲੀ ਪੁਲਿਸ ਦੇ ਸੁਰੱਖਿਆ ਕਰਮੀਆਂ ਨੇ ਉਨ੍ਹਾਂ ਨੂੰ ਰੋਕਿਆ ਤੇ ਕਿਰਪਾਨ ਨੂੰ ਅੰਦਰ ਨਾ ਲਿਜਾਣ ਦੀ ਗੱਲ ਕਹੀ। ਪੁਲਿਸ ਮੁਤਾਬਕ ਅੰਮ੍ਰਿਤਪਾਲ ਦੀ ਕਿਰਪਾਨ ਛੇ ਇੰਚ ਤੋਂ ਵੱਧ ਲੰਮੀ ਸੀ, ਜਿਸ ਨੂੰ ਅਦਾਲਤ ਵਿੱਚ ਲਿਜਾਣ ਨਹੀਂ ਦਿੱਤਾ ਜਾ ਸਕਦਾ ਪਰ ਅੰਮ੍ਰਿਤਪਾਲ ਦਾ ਤਰਕ ਹੈ ਕਿ ਦੇਸ਼ ਦੇ ਕਾਨੂੰਨ ਵਿੱਚ ਕਿਧਰੇ ਵੀ ਕਿਰਪਾਨ ਦੀ ਲੰਬਾਈ ਬਾਰੇ ਕਿਤੇ ਵੀ ਕੁਝ ਨਹੀਂ ਲਿਖਿਆ ਹੋਇਆ। ਖ਼ਾਲਸਾ ਮੁਤਾਬਕ ਉਨ੍ਹਾਂ ਨੂੰ ਅਜਿਹੀ ਸ਼ਰਮਿੰਦਗੀ ਦਾ ਕਈ ਵਾਰ ਸ਼ਿਕਾਰ ਹੋਣਾ ਪਿਆ ਹੈ ਪਰ ਇਸ ਵਾਰ ਉਸ ਨੂੰ ਸੁਪਰੀਮ ਕੋਰਟ ਦੇ ਬਾਹਰਲੇ ਗੇਟ 'ਤੇ ਹੀ ਰੋਕ ਕੇ ਬੇਇੱਜ਼ਤ ਕੀਤਾ ਗਿਆ, ਜਦਕਿ ਉਸ ਕੋਲ ਕਿਰਪਾਨ ਧਾਰਨ ਦੇ ਸਾਰੇ ਕਾਨੂੰਨੀ ਹੱਕ ਹਨ ਅਤੇ ਨਾਲ ਹੀ ਉਨ੍ਹਾਂ ਨੂੰ ਅਦਾਲਤ ਦਾ ਪਛਾਣ ਪੱਤਰ ਵੀ ਹਾਸਲ ਹੈ। ਅੰਮ੍ਰਿਤਪਾਲ ਉਹੀ ਵਕੀਲ ਹਨ, ਜਿਨ੍ਹਾਂ ਸ਼ਾਹਰੁਖ਼ ਖ਼ਾਨ ਵੱਲੋਂ ਫ਼ਿਲਮ ਜ਼ੀਰੋ ਵਿਚ ਕਿਰਪਾਨ ਧਾਰਨ ਕੀਤੇ ਜਾਣ 'ਤੇ ਇਤਰਾਜ਼ ਪ੍ਰਗਟਾਇਆ ਸੀ।

ਬਾਕੀ ਸਫ਼ਾ 28 'ਤੇ

## ਹਿਮਾਚਲ ਵਿਚ ਭਾਜਪਾਈਆਂ ਨੇ ਸੰਸਕ੍ਰਿਤ ਬਣਾਈ ਦੂਜੀ ਭਾਸ਼ਾ

**ਚੰਡੀਗੜ੍ਹ/ਏਟੀ ਨਿਊਜ਼ :** ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਾਲੇ ਹਿਮਾਚਲ ਪ੍ਰਦੇਸ਼ ਰਾਜ ਵਿਚ ਸੰਸਕ੍ਰਿਤ ਨੂੰ ਸੂਬੇ ਦੀ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ। ਸੂਬਾ ਸਰਕਾਰ ਦੇ ਇਸ ਫੈਸਲੇ ਦਾ ਪੰਜਾਬੀ ਭਾਸ਼ਾ ਹਿਤੈਸ਼ੀ ਜਥੇਬੰਦੀਆਂ ਵੱਲੋਂ ਪੁਰਜ਼ੋਰ ਵਿਰੋਧ ਜਤਾਇਆ ਜਾ ਰਿਹਾ ਹੈ। ਪੰਜਾਬੀ ਕਲਚਰਲ ਕੌਂਸਲ ਨੇ ਹਿਮਾਚਲ ਸਰਕਾਰ ਦੇ ਇਸ ਕਦਮ ਦੀ ਸਖਤ ਕੀਤੀ ਤੇ ਕਿਹਾ ਕਿ ਇਹ ਕਦਮ ਪੰਜਾਬ ਦਾ ਹਿੱਸਾ ਰਹੇ ਹਿਮਾਚਲ ਪ੍ਰਦੇਸ਼

ਬਾਕੀ ਸਫ਼ਾ 28 'ਤੇ










ਜਨਮ ਦਿਨ 'ਤੇ ਵਿਸ਼ੇਸ਼

# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਯਾਦ ਕਰਦਿਆਂ...

**ਜਸਪਾਲ ਸਿੰਘ ਹੇਰਾਂ**



ਵੀਹਵੀ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦਾ ਹਰ ਸਾਲ 12 ਫਰਵਰੀ ਨੂੰ ਜਨਮ ਦਿਹਾੜਾ ਮਨਾਇਆ ਜਾਂਦਾ ਹੈ। ਭਾਵੇਂ ਕਿ ਅਸਲ 'ਚ ਸੰਤਾਂ ਦਾ ਜਨਮ ਦਿਨ 2 ਜੂਨ ਦਾ ਹੈ, ਪ੍ਰੰਤੂ ਉਹ ਦਿਨ ਸਾਕਾ ਦਰਬਾਰ ਸਾਹਿਬ ਅਤੇ ਸ਼ਹਾਦਤਾਂ ਦੇ ਦਿਨ ਹੋਣ ਕਾਰਨ ਸੰਤਾਂ ਦਾ ਜਨਮ ਦਿਹਾੜਾ ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਹਰ ਸਾਲ ਹੀ 12 ਫਰਵਰੀ ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਹੈ। ਕੁਦਰਤੀ ਇਸ ਵਾਰ ਇਨਾਂ ਦਿਨਾਂ 'ਚ ਦੇਸ਼ ਦੀ ਨਿਆਪਾਲਿਕਾਂ ਨੇ ਸਿੱਖਾਂ ਨੂੰ ਇੱਕ ਗੰਭੀਰ ਚੁਣੌਤੀ ਦੇ ਦਿੱਤੀ ਹੈ। ਸਿੱਖਾਂ ਨੂੰ ਆਪਣੇ ਸ਼ਹੀਦਾਂ ਨੂੰ ਯਾਦ ਰੱਖਣ ਦੇ ਇਵਜ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ ਹੈ। ਅਸੀਂ ਸਮਝਦੇ ਹਾਂ ਕਿ ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ, ਸਮੇਂ ਦੀ ਹਿੰਦੂਤਵੀ ਸੱਤਾ ਪ੍ਰਣਾਲੀ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਬੇਹੱਦ ਢੁਕਵਾਂ ਹੈ। ਕੌਮ ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾ ਕੇ ਸਮੇਂ ਦੇ ਹਾਕਮਾਂ ਤੇ ਦੇਸ਼ ਦੀ ਸੱਤਾਪ੍ਰਣਾਲੀ ਨੂੰ ਇਹ ਦੱਸ ਦੇਣਾ ਚਾਹੁੰਦੀ ਹੈ ਕਿ ਸਿੱਖ ਆਪਣੇ ਸ਼ਹੀਦਾਂ ਨੂੰ, ਉਨਾਂ ਦੀ ਸ਼ਹਾਦਤ ਨੂੰ ਦਿਲੋ ਯਾਦ ਕਰਦੇ ਹਨ ਅਤੇ ਕਰਦੇ ਰਹਿਣਗੇ। ਕਾਨੂੰਨ ਦੀ ਸਖ਼ਤੀ, ਸਰਕਾਰਾਂ ਦਾ ਜ਼ੁਲਮ, ਸਿੱਖਾਂ ਨੂੰ ਆਪਣੇ ਸ਼ਹੀਦਾਂ ਨੂੰ ਯਾਦ ਕਰਨ ਤੋਂ ਰੋਕ ਨਹੀਂ ਸਕਦਾ। ਇਸ ਲਈ 12 ਫਰਵਰੀ ਨੂੰ ਸੰਤ ਭਿੰਡਰਾਂਵਾਲਿਆਂ ਨੂੰ ਸਿੱਖ ਕੌਮ ਪੂਰੀ ਸ਼ਿੱਦਤ ਨਾਲ ਯਾਦ ਕਰਕੇ ਨਿਆਪਾਲਿਕਾਂ ਵੱਲੋਂ ਲਏ ਗਏ ਗਲ਼ਤ ਫੈਸਲੇ ਨੂੰ ਚੈਲਿੰਜ ਕਰਦੀ ਹੈ, ਕਿਉਂਕਿ ਇਹ ਫੈਸਲਾ ਸਿੱਖ ਮਨਾਂ 'ਚ ਆਪਣੇ ਸ਼ਹੀਦਾਂ ਅਤੇ ਆਪਣੇ ਕੌਮੀ ਘਰ ਦੀ ਯਾਦ ਨੂੰ ਕੱਢਣ ਲਈ ਦਹਿਸ਼ਤ ਪੈਦਾ ਕਰਨ ਲਈ ਕੀਤਾ ਗਿਆ ਹੈ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਨੂੰ ਸਮੁੱਚੀ ਕੌਮ ਨੇ 20ਵੀਂ ਸਦੀ ਦੇ ਮਹਾਨ ਸਿੱਖ ਦੀ ਉਪਾਧੀ ਦਿੱਤੀ ਹੈ। ਇਸ ਕਰ ਕੇ ਉਨਾਂ ਦਾ ਜਨਮ ਦਿਹਾੜਾ ਯਾਦ ਕਰਨਯੋਗ ਹੈ। ਭਾਵੇਂ ਕਿ ਸਮੁੱਚੀ ਕੌਮ ਨੇ ਵਿਸ਼ਵ ਪੱਧਰ 'ਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸਬੰਧੀ ਆਪਣਾ ਫਤਵਾ ਸੰਤ ਭਿੰਡਰਾਂਵਾਲਿਆਂ ਦੇ ਹੱਕ 'ਚ ਦਿੱਤਾ ਹੋਇਆ ਹੈ, ਪਰ ਜਿਸ ਤਰਾਂ ਸਿੱਖ ਵਿਰੋਧੀ ਸ਼ਕਤੀਆਂ ਨੇ ਸੰਤਾਂ ਦੀ ਸਖ਼ਸੀਅਤ, ਉਨਾਂ ਦੀ ਕਾਰਜਸ਼ੈਲੀ ਅਤੇ ਉਨਾਂ ਦੀ ਸ਼ਹਾਦਤ ਬਾਰੇ ਭੁਲੇਖੇ ਪਾਏ ਹਨ, ਕਿਤੇ ਨਾ ਕਿਤੇ ਸਿੱਖ ਕੌਮ ਉਨਾਂ ਭੁਲੇਖਿਆਂ ਨੂੰ ਦੂਰ ਕਰਨ ਦੀ ਆਪਣੀ ਜੁੰਮੇਵਾਰੀ ਤੋਂ ਦੌੜ ਗਈ ਜਾਪਦੀ ਹੈ। ਜਨਮ ਦਿਹਾੜੇ ਮੌਕੇ ਇਸ ਸਬੰਧੀ ਡੂੰਘੀ ਵਿਚਾਰ ਅਤੇ ਆਤਮ ਵਿਸ਼ਲੇਸ਼ਣ ਦੀ ਵੱਡੀ ਲੋੜ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸੰਤ-ਸਿਪਾਹੀ ਦੀ ਚੜਤ ਕੌਮ 'ਚ ਦੁਬਾਰਾ ਪੈਦਾ ਕੀਤੀ, ਉਨਾਂ ਸਿੱਖਾਂ ਦੇ ਹੱਕਾਂ ਦੀ ਰਾਖੀ ਕੀਤੀ, ਮਨੁੱਖਤਾ ਨੂੰ ਸਿੱਖੀ ਦੇ ਉਸ ਬੇਨਜ਼ੀਰ ਬੁਰਜ ਦੀ ਉਚਾਈ ਤੋਂ ਸ਼ਾਨ ਨਾਲ ਵੇਖਿਆ, ਜੋ ਸਰਬੱਤ ਦੇ ਭਲੇ ਦੀ ਨੁਹਾਰ ਨੂੰ ਸਿਰਜਦਾ ਹੈ। ਪਰ ਅਫ਼ਸੋਸ ਹੈ ਕਿ ਫਿਰਕੂ ਨਫ਼ਰਤ 'ਚ ਅੰਨੀਆਂ ਅਤੇ ਦੁਨਿਆਵੀ ਸੱਤਾ ਦੀ ਹਵਸ 'ਚ ਹਾਂਭੜੀਆਂ ਸ਼ਕਤੀਆਂ, ਜਿਨਾਂ ਦੀ ਭਾਰਤੀ ਪ੍ਰੈਸ ਨੇ ਵੀ ਪਿੱਠ ਥਾਪੜੀ, ਵੱਲੋਂ ਸੰਤਾ ਵਿਰੁੱਧ ਕੂੜ ਦੇ ਤੂਫ਼ਾਨ ਨੂੰ ਸਿਰਜਿਆ ਗਿਆ। ਅੱਜ ਵੀ ਕੱਟੜ-ਫਿਰਕੂ, ਜਾਨੂੰਨੀ ਹਿੰਦੂਵਾਦੀਆਂ ਵੱਲੋਂ ਸੰਤਾਂ ਦੇ ਪੋਸਟਰ ਪਾੜ ਕੇ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ, ਪ੍ਰੰਤੂ ਉਨਾਂ ਦੀਆਂ ਇਹ ਕੋਝੀਆਂ ਹਰਕਤਾਂ ਵੀ ਸੰਤਾਂ ਦੇ ਤੇਜ਼ ਅਤੇ ਕੁਰਬਾਨੀ ਨੂੰ ਡੱਕ ਨਹੀਂ ਸਕੀਆਂ ਅਤੇ ਇਸ ਕੂੜ ਤੂਫ਼ਾਨ ਦੇ ਬਾਵਜੂਦ ਸਮੁੱਚੀ ਕੌਮ ਵੱਲੋਂ ਸੰਤ ਭਿੰਡਰਾਂਵਾਲਿਆਂ ਨੂੰ ਸਿੱਖਾਂ ਦੀ ਅਜ਼ਾਦੀ ਦੀ ਜੰਗ ਲੜਨ ਵਾਲੇ ਇਕ ਬਹਾਦਰ ਜਰਨੈਲ, ਦਰਬਾਰ ਸਾਹਿਬ ਦੀ ਰਾਖੀ ਕਰਨ ਵਾਲੇ ਮਹਾਨ ਯੋਧੇ, ਸਿੱਖਾਂ ਦੇ ਮਨਾਂ ਅਤੇ ਤਨਾਂ ਤੋਂ ਰੁਖਸਤ ਹੋ ਰਹੀ ਸਿੱਖੀ ਨੂੰ ਦੁਬਾਰਾ ਜਗਾ ਕੇ ਅੰਮ੍ਰਿਤਧਾਰੀ ਸਿੰਘ ਸਜਾ ਕੇ ਗੁਰੂ ਲੜ ਲਾਉਣ ਵਾਲੇ ਮਹਾਨ ਸੰਤ, ਸਿੱਖ ਹਿੱਤਾਂ ਲਈ ਲੜ ਕੇ ਹਿੰਦੋਸਤਾਨ ਦੇ ਅਖੌਤੀ ਲੋਕਤੰਤਰ ਦਾ ਸਮੁੱਚੇ ਵਿਸ਼ਵ ਅੱਗੇ ਭਾਂਡਾ ਭੰਨਣ ਵਾਲੇ 20ਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਵਜੋਂ ਪ੍ਰਵਾਨ ਕੀਤਾ ਹੈ।

ਖਾਲਸਾ ਪੰਥ ਸੰਤ ਭਿੰਡਰਾਂਵਾਲੇ ਨੂੰ ਸੁੱਤੀ ਕੌਮ ਜਗਾਉਣ ਵਾਲਾ ਜਰਨੈਲ ਮੰਨਦਾ ਹੈ ਪਰ ਹੁਣ ਜਦੋਂ ਸੰਤਾਂ ਨੂੰ ਸ਼ਹੀਦ ਹੋਇਆ ੩੫ ਵਰੇ ਹੋਣ ਵਾਲੇ ਹਨ, ਤਾਂ ਉਨਾਂ ਵੱਲੋਂ ਆਮ ਸਿੱਖਾਂ ਦੇ ਮਨਾਂ 'ਚ ਜਗਾਈ ਅਣਖ, ਗੈਰਤ ਤੇ ਅਜ਼ਾਦੀ ਦੀ ਚਿਣਗ ਮੱਠੀ ਪੈ ਗਈ ਹੈ। ਦੂਜੇ ਪਾਸੇ ਸਿੱਖ ਵਿਰੋਧੀ ਸ਼ਕਤੀਆਂ ਨੇ ਆਪਣੇ ਕੂੜ ਪ੍ਰਚਾਰ ਨਾਲ ਫਿਰਕੂ ਜ਼ਹਿਰ ਉਗਲ ਕੇ ਸੰਤਾਂ ਨੂੰ ਸੰਤ ਸਿਪਾਹੀ ਦੀ ਥਾਂ 'ਅੱਤਵਾਦੀ' ਗਰਦਾਨਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਹੋਈ। ਇਸ ਸਮੇਂ ਉਹਨਾਂ ਸ਼ਕਤੀਆਂ ਵੱਲੋਂ, ਜਿਨਾਂ ਨੂੰ 'ਨਰਮ ਦਲੀਏ ਸਿੱਖ' ਆਖਿਆ ਜਾਂਦਾ ਹੈ, ਆਪਣੀ ਸੱਤਾ ਲਾਲਸਾ ਅਤੇ ਪਦਾਰਥ ਦੀ ਭੁੱਖ ਕਾਰਨ ਪੰਥ ਵਿਰੋਧੀਆਂ ਦੇ ਹੱਥਾਂ ਦੇ ਖਿਡੌਣੇ ਬਣ ਕੇ ਅਤੇ ਆਪਣੇ ਉਸ ਕਿਰਦਾਰ ਨੂੰ, ਜਿਹੜਾ ਇਨਾਂ ਤਾਕਤਾਂ ਨੇ ਕੌਮ ਉਤੇ ਹੋਏ ਹਮਲੇ ਸਮੇਂ ਹਮਲਾਵਰ ਸ਼ਕਤੀਆਂ ਦਾ ਸਾਥ ਦੇ ਕੇ ਨਿਭਾਇਆ ਸੀ, ਠੀਕ ਸਿੱਧ ਕਰਨ ਲਈ ਸੰਤਾਂ ਦੀ ਸਖ਼ਸੀਅਤ ਦੀ ਅਕਾਸ਼ ਛੂਹਦੀ ਬੁਲੰਦੀ ਨੂੰ ਬੌਣਾ ਕਰਨ ਦਾ ਹਰ ਸੰਭਵ ਯਤਨ ਕੀਤਾ ਹੈ ਅਤੇ ਕੀਤਾ ਜਾ ਰਿਹਾ ਹੈ। ਅੱਜ ਲੋੜ ਹੈ ਕਿ ਸੰਤਾਂ ਵੱਲੋਂ ਨਿਭਾਈ ਭੂਮਿਕਾ ਨੂੰ ਸਿੱਖੀ ਸਿਧਾਂਤਾਂ ਅਤੇ ਗੁਰੂ ਸਾਹਿਬ ਵੱਲੋਂ ਕੌਮ ਸਿਰਜਣਾ ਦੇ ਆਸ਼ੇ ਦੇ ਸੰਦਰਭ 'ਚ ਰੱਖ ਕੇ ਪਰਖਿਆ ਜਾਵੇ ਅਤੇ ਪਿੰਜਰੇ 'ਚ ਬੰਦ ਸ਼ੇਰ ਨੂੰ ਅਜ਼ਾਦੀ ਦੇ ਅਰਥ ਸਮਝਾਉਣ ਅਤੇ ਆਪਣੀ ਸ਼ਕਤੀ ਨੂੰ ਸਮਝਣ ਲਈ ਸੰਤ ਭਿੰਡਰਾਂਵਾਲਿਆਂ ਵੱਲੋਂ ਕੀਤੇ ਯਤਨਾਂ ਨੂੰ, ਸਿੱਖਾਂ ਨਾਲ ਦੇਸ਼ ਦੀ ਅਜ਼ਾਦੀ ਤੋਂ ਬਾਅਦ ਹੋ ਰਹੇ ਲਗਾਤਾਰ ਵਿਤਕਰਿਆਂ ਨੂੰ ਸਾਹਮਣੇ ਰੱਖ ਕੇ ਵਾਚਣਾ ਜ਼ਰੂਰੀ ਹੈ। ਧਾਰਮਿਕ ਵਿਅਕਤੀ ਵੱਲੋਂ ਕੌਮੀ ਸੰਘਰਸ਼ ਦੀ ਅਗਵਾਈ ਕੋਈ ਅਲੋਕਾਰੀ ਵਰਤਾਰਾ ਨਹੀਂ ਸੀ।

ਗੁਰੂ ਸਾਹਿਬ ਵੱਲੋਂ ਸਿਰਜੇ ਮੀਰੀ-ਪੀਰੀ ਦੇ ਸਿਧਾਂਤ ਕਾਰਨ, ਹਰ ਔਕੜ, ਬਿਪਤਾ ਤੇ ਕਠਿਨਾਈ ਸਮੇਂ ਧਾਰਮਿਕ ਆਗੂਆਂ ਨੇ ਅੱਗੇ ਆ ਕੇ ਕੌਮ ਨੂੰ ਅਗਵਾਈ ਦਿੱਤੀ ਹੈ। ਉਹ ਭਾਵੇਂ ਬਾਬਾ ਦੀਪ ਸਿੰਘ ਜੀ ਹੋਣ ਜਾਂ ਫਿਰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ। ਸਿੱਖੀ ਦਾ ਸਰਬੱਤ ਦੇ ਭਲਾ ਦਾ ਨਾਅਰਾ ਅਤੇ ਹਰ ਮਜ਼ਲੂਮ ਦੀ ਜ਼ਾਲਮ ਤੋਂ ਸੁਰੱਖਿਆ ਨੂੰ, ਜਿਸ ਤਰਾਂ ਸੰਤਾਂ ਨੇ ਆਪਣਾ ਜੀਵਨ ਵਾਰ ਕੇ ਸਿਰੇ ਚਾੜਿਆ, ਉਹ ਹਰ ਸਿੱਖੀ ਸਿਧਾਤਾਂ ਦੇ ਸੱਚੇ ਪਹਿਰੇਦਾਰ ਦਾ ਮੁੱਢਲਾ ਮਿਸ਼ਨ ਹੁੰਦਾ ਹੈ। ਅਸੀਂ ਸਾਰੇ ਵਾਰ-ਵਾਰ ਇਹ ਦੁਹਰਾਉਂਦੇ ਆ ਰਹੇ ਹਾਂ ਕਿ ਆਪਣੇ ਸ਼ਹੀਦਾਂ ਨੂੰ ਭੁੱਲ ਜਾਣ ਵਾਲੀਆਂ ਕੌਮਾਂ ਇਤਿਹਾਸ 'ਚੋਂ ਖ਼ਤਮ ਹੋ ਜਾਂਦੀਆਂ ਹਨ ਪ੍ਰੰਤੂ ਕਦੇ ਵੀ ਇਹ ਨਹੀਂ ਵਿਚਾਰਿਆ ਕਿ ਜਿਹੜੀ ਕੌਮ ਇਨਕਲਾਬੀ ਮੋੜ ਨੂੰ ਹੀ ਵਿਸਰ ਜਾਵੇ, ਫਿਰ ਉਹ ਆਪਣੇ ਨਿਸ਼ਾਨੇ ਤੇ ਕਿਵੇਂ ਪਹੁੰਚ ਸਕੇਗੀ ? ਲੋੜ ਹੈ ਅਸੀਂ ਸਿੱਖੀ ਦੇ ਮਹਾਨ ਫਲਸਫ਼ੇ ਨੂੰ ਜਿੱਥੇ ਦੁਨੀਆ 'ਚ ਲੈ ਕੇ ਜਾਈਏ, ਉਥੇ ਕੌਮ ਵੱਲੋਂ ਸਮੇਂ-ਸਮੇਂ ਲੜੇ ਗਏ ਸੰਘਰਸ਼ਾਂ ਨੂੰ, ਉਨਾਂ ਪਿੱਛੇ ਲੁਕੇ ਕਾਰਨਾਂ, ਮੰਤਵ ਅਤੇ ਮਿਸ਼ਨ ਨੂੰ ਦੁਨੀਆ ਸਾਹਮਣੇ ਰੱਖੀਏ ਤਾਂ ਕਿ ਜਿਸ ਮਹਾਨ ਸਖ਼ਸੀਅਤ ਨੂੰ ਸਮੁੱਚੀ ਕੌਮ ਨੇ ਇਕ ਸਦੀ ਦਾ ਮਹਾਨ ਸਿੱਖ ਸ਼ਹੀਦ ਮੰਨਿਆ ਹੋਵੇ, ਉਸ ਬਾਰੇ ਕਿਸੇ ਨੂੰ ਕੋਈ ਭਰਮ ਭੁਲੇਖਾ ਨਾ ਰਹੇ ਅਤੇ ਕੌਮ ਨੂੰ ਆਪਣੇ ਫਰਜ਼ ਦਾ ਅਹਿਸਾਸ ਵੀ ਹੋਵੇ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਪੰਜਾਬ ਦੀ ਕੁੜੀ ਬਰਤਾਨੀਆਂ ਵਿਚ ਸਿਵਲ ਸਰਵਿਸਿਜ਼ ਲਈ ਚੁਣੀ ਗਈ

**ਸੰਗਰੂਰ/ਏਟੀ ਨਿਊਜ਼ :** ਪੰਜਾਬ ਦੇ ਸੰਗਰੂਰ ਸ਼ਹਿਰ ਦੀ ਜੰਮਪਲ ਚਾਹਤ ਸੇਖੋਂ ਯੂਕੇ ਵਿਚ ਸਿਵਲ ਸਰਵਿਸਿਜ਼ ਲਈ ਚੁਣੀ ਗਈ ਹੈ ਜਿੱਥੇ ਉਸ ਨੇ ਬਤੌਰ ਸਿਵਲ ਅਫ਼ਸਰ ਜੁਆਇਨ ਕੀਤਾ ਹੈ। ਉਸ ਦੀ ਨਿਯੁਕਤੀ ਸਕੌਟਿਸ਼ ਸਰਕਾਰ ਯੂਕੇ ਦੇ ਵਿੱਤ ਵਿਭਾਗ ਵਿੱਚ ਬਤੌਰ ਅਰਥ ਸ਼ਾਸਤਰੀ ਹੋਈ ਹੈ। ਚਾਹਤ ਸੇਖੋਂ ਸੰਗਰੂਰ ਦੇ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ ਅਤੇ ਡਾ. ਰਾਜ ਬਾਲਾ ਸੇਖੋਂ ਦੀ ਹੋਣਹਾਰ ਪੁੱਤਰੀ ਹੈ। ਉਸ ਨੇ ਯੂਨੀਵਰਸਿਟੀ ਆਫ਼ ਐਡਨਬਰਗ ਸਕਾਟਲੈਂਡ ਤੋਂ ਸੰਨ 20 18 ਵਿੱਚ ਅਰਥ ਸ਼ਾਸਤਰ ਅਤੇ ਫਾਇਨਾਂਸ ਦੀ ਐਮਐਸਸੀ ਦੀ ਡਿਗਰੀ ਪ੍ਰਾਪਤ ਕੀਤੀ ਸੀ। ਪਿਤਾ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ ਨੇ ਦੱਸਿਆ ਕਿ ਚਾਹਤ ਨੇ ਨਰਸਰੀ ਤੋਂ ਲੈ ਕੇ ਦਸਵੀਂ ਤੱਕ ਦੀ ਪੜ੍ਹਾਈ 'ਬਚਪਨ ਇੰਗਲਿਸ਼ ਸਕੂਲ ਸੰਗਰੂਰ' ਅਤੇ ਬਾਰ੍ਹਵੀਂ ਦੀ ਪ੍ਰੀਖਿਆ 'ਲਾਰੈਂਸ ਸਕੂਲ ਸਨਾਵਰ' ਤੋਂ ਪਾਸ ਕੀਤੀ। ਉਸ ਨੇ ਗਰੈਜੂਏਸ਼ਨ ਦੀ ਡਿਗਰੀ (ਆਨਰਜ਼ ਇਨ ਇਕਨਾਮਿਕਸ) ਸਰਕਾਰੀ ਕਾਲਜ ਲੜਕੀਆਂ ਸੈਕਟਰ 11 ਚੰਡੀਗੜ੍ਹ ਤੋਂ ਪ੍ਰਾਪਤ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮਏ ਫਸਟ ਡਵੀਜ਼ਨ ਵਿੱਚ ਕੀਤੀ। ਸਾਲ 2017 ਵਿੱਚ ਉਸ ਨੇ ਅਰਥ ਸ਼ਾਸਤਰ ਦੇ ਵਿਸ਼ੇ ਵਿੱਚ ਉੱਚ ਵਿਦਿਆ ਹਾਸਲ ਕਰਨ ਲਈ ਯੂਨੀਵਰਸਿਟੀ ਆਫ਼ ਐਡਨਬਰਗ ਸਕਾਟਲੈਂਡ (ਯੂਕੇ) ਵਿੱਚ ਦਾਖ਼ਲਾ ਲੈ ਕੇ ਐਮਐਸਸੀ ਇਨ ਇਕਨਾਮਿਕਸ ਅਤੇ ਫਾਇਨਾਂਸ ਦੀ ਡਿਗਰੀ ਪ੍ਰਾਪਤ ਕੀਤੀ। ਇਸ ਦੇ ਨਾਲ ਯੂਕੇ ਸਰਕਾਰ ਦੇ ਸਿਵਲ ਸਰਵਿਸਿਜ਼ ਇਮਤਿਹਾਨ ਦੀ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ ਸਫ਼ਲਤਾਪੂਰਵਕ ਪਾਸ ਕਰਕੇ ਫਾਇਨਾਂਸ ਵਿਭਾਗ ਵਿੱਚ ਸਿਵਲ ਅਫ਼ਸਰ ਜੁਆਇਨ ਕਰ ਲਿਆ ਹੈ। ਉਸ ਦੇ ਪਿਤਾ ਨੇ ਦੱਸਿਆ ਕਿ ਚਾਹਤ ਸਿਆਣੀ ਲੜਕੀ ਹੈ ਜਿਸ ਦਾ ਜ਼ਿੰਦਗੀ ਅਤੇ ਸਮਾਜ ਪ੍ਰਤੀ ਨਜ਼ਰੀਆ ਬਹੁਤ ਹੀ ਉਸਾਰੂ ਅਤੇ ਹਾਂ ਪੱਖੀ ਹੈ।



## ਪੰਜਾਬ ਪੁਲੀਸ ਦੇ ਨਵੇਂ ਮੁਖੀ ਨੂੰ ਅਹੁਦਾ ਸੰਭਾਲਦਿਆਂ ਹੀ ਚੁਣੌਤੀਆਂ ਸ਼ੁਰੂ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਸਰਕਾਰ ਨੇ ਸੰਨ 1987 ਬੈਚ ਦੇ ਆਈਪੀਐਸ ਅਧਿਕਾਰੀ ਦਿਨਕਰ ਗੁਪਤਾ ਨੂੰ ਸੂਬੇ ਦਾ ਡੀਜੀਪੀ ਨਿਯੁਕਤ ਕਰ ਦਿੱਤਾ ਹੈ। ਸ੍ਰੀ ਗੁਪਤਾ ਇਸ ਤੋਂ ਪਹਿਲਾਂ ਸੂਬੇ ਦੇ ਡੀਜੀਪੀ (ਇੰਟੈਲੀਜੈਂਸ) ਦੇ ਅਹੁਦੇ 'ਤੇ ਤਾਇਨਾਤ ਸਨ। ਉਹ ਕੇਂਦਰੀ ਖ਼ੁਫ਼ੀਆ ਏਜੰਸੀ (ਆਈਬੀ) ਵਿੱਚ ਵੀ ਤਕਰੀਬਨ 8 ਸਾਲ ਤਾਇਨਾਤ ਰਹੇ ਅਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਸਮੇਤ ਚੰਡੀਗੜ੍ਹ ਦੇ ਐਸਐਸਪੀ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਸ੍ਰੀ ਗੁਪਤਾ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਸੰਦੀਦਾ ਪੁਲੀਸ ਅਫ਼ਸਰਾਂ 'ਚੋਂ ਮੰਨਿਆ ਜਾਂਦਾ ਹੈ। ਸੰਘ ਲੋਕ ਸੇਵਾ ਕਮਿਸ਼ਨ (ਯੂਪੀਐਸਸੀ) ਨੇ ਸੂਬੇ ਦੇ ਡੀਜੀਪੀ ਦੀ ਨਿਯੁਕਤੀ ਲਈ 1984 ਤੋਂ ਲੈ ਕੇ 1988 ਬੈਚ ਤੱਕ ਦੇ 12 ਪੁਲੀਸ ਅਧਿਕਾਰੀਆਂ ਵਿੱਚੋਂ 1987 ਬੈਚ ਨਾਲ ਸਬੰਧਤ ਤਿੰਨ ਅਧਿਕਾਰੀਆਂ ਦਿਨਕਰ ਗੁਪਤਾ, ਮਿਥਲੇਸ਼ ਕੁਮਾਰ ਤਿਵਾੜੀ ਅਤੇ ਵਿਰੇਸ਼ ਕੁਮਾਰ ਭਾਵੜਾ ਦੀ ਚੋਣ ਕੀਤੀ ਸੀ।

ਸੀਨੀਅਰ ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਧੜੇਬੰਦੀ ਦਾ ਸ਼ਿਕਾਰ ਪੰਜਾਬ ਪੁਲੀਸ ਵਿੱਚ ਅਨੁਸ਼ਾਸਨ ਲਿਆਉਣਾ ਨਵੇਂ ਡੀਜੀਪੀ ਲਈ ਸਭ ਤੋਂ ਵੱਡੀ ਚੁਣੌਤੀ ਹੋਵੇਗੀ। ਪੰਜਾਬ ਵਿੱਚ ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੀ ਸਮਗਲਿੰਗ ਕਾਰਨ ਵੀ ਪੁਲੀਸ ਅਕਸਰ ਸੁਰਖ਼ੀਆਂ ਵਿੱਚ ਰਹਿੰਦੀ ਹੈ। ਇਨ੍ਹਾਂ ਗੰਭੀਰ ਮਸਲਿਆਂ ਨਾਲ ਨਜਿੱਠਣਾ ਵੀ ਦਿਨਕਰ ਗੁਪਤਾ ਲਈ ਵੰਗਾਰ ਤੋਂ ਘੱਟ ਨਹੀਂ ਹੈ। ਮੁਹੰਮਦ ਮੁਸਤਫ਼ਾ ਦੇ ਮਾਮਲੇ ਵਿੱਚ ਜਿਸ ਤਰ੍ਹਾਂ ਰਾਜ ਸਰਕਾਰ ਵੱਲੋਂ ਯੂਪੀਐਸਸੀ ਦੀ ਮੀਟਿੰਗ ਦੌਰਾਨ ਰੁਖ਼ ਅਖਤਿਆਰ ਕੀਤਾ ਗਿਆ ਉਸ ਤੋਂ ਸਪੱਸ਼ਟ ਹੈ ਕਿ ਮੁੱਖ ਮੰਤਰੀ ਨੇ ਡੀਜੀਪੀ ਦੀ ਨਿਯੁਕਤੀ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੇ ਸਿਆਸੀ ਦਬਾਅ ਦੀ ਪ੍ਰਵਾਹ ਨਹੀਂ ਕੀਤੀ। ਪੁਲੀਸ ਵਿਚਲੀ ਧੜੇਬੰਦੀ ਕੈਪਟਨ ਸਰਕਾਰ ਲਈ ਚੁਣੌਤੀ ਹੈ। ਇਹੋ ਕਾਰਨ ਹੈ ਕਿ ਯੂਪੀਐਸਸੀ ਦੀ ਮੀਟਿੰਗ ਤੋਂ ਤੁਰੰਤ ਬਾਅਦ ਹੀ ਮੁੱਖ ਮੰਤਰੀ ਦਫ਼ਤਰ ਨਾਲ ਸਬੰਧਤ ਇੱਕ ਸੀਨੀਅਰ 'ਜ਼ਿੰਮੇਵਾਰ ਅਹੁਦੇਦਾਰ' ਵੱਲੋਂ ਸਾਮੰਤ ਗੋਇਲ, ਮੁਹੰਮਦ ਮੁਸਤਫ਼ਾ ਅਤੇ ਦਿਨਕਰ ਗੁਪਤਾ 'ਤੇ ਅਧਾਰਿਤ ਆਈਪੀਐਸ ਅਧਿਕਾਰੀਆਂ ਦਾ ਪੈਨਲ ਹੋਣ ਦਾ ਦਾਅਵਾ ਕੀਤਾ ਗਿਆ ਸੀ। ਜਦੋਂ ਕਿ ਕਮਿਸ਼ਨ ਵੱਲੋਂ ਭੇਜੇ ਪੈਨਲ ਸਬੰਧੀ ਅਸਲ ਤਸਵੀਰ ਹੋਰ ਹੀ ਸਾਹਮਣੇ ਆਈ। ਰਾਜ ਸਰਕਾਰ ਵੱਲੋਂ ਯੂਪੀਐਸਸੀ ਦੇ ਪੈਨਲ ਸਬੰਧੀ ਖ਼ੁਦ ਹੀ ਭੰਬਲਭੂਸਾ ਪੈਦਾ ਕਰਨ ਦਾ ਮਾਮਲਾ ਪ੍ਰਸ਼ਾਸਕੀ ਤੇ ਰਾਜਸੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।



ਨਵੇਂ ਡੀਜੀਪੀ ਦਿਨਕਰ ਗੁਪਤਾ ਨੂੰ ਅਹੁਦੇ ਤੋਂ ਸੇਵਾ ਮੁਕਤ ਹੋ ਰਹੇ ਸੁਰੇਸ਼ ਅਰੋੜਾ 'ਬੈਟਨ' ਸੌਂਪਦੇ ਹੋਏ।

**ਮੁਹੰਮਦ ਮੁਸਤਫ਼ਾ ਯੂਪੀਐਸਸੀ ਦੇ ਫ਼ੈਸਲੇ ਨੂੰ ਚੁਣੌਤੀ ਦੇਣਗੇ :** ਯੂਪੀਐਸਸੀ ਨੇ 1985 ਬੈਚ ਦੇ ਆਈਪੀਐਸ ਅਧਿਕਾਰੀ ਤੇ ਐਸਟੀਐਫ ਮੁਖੀ ਮੁਹੰਮਦ ਮੁਸਤਫ਼ਾ ਅਤੇ 1986 ਬੈਚ ਦੇ ਅਧਿਕਾਰੀ ਸਿਧਾਰਥ ਚਟੌਪਾਧਿਆਏ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਸ੍ਰੀ ਮੁਸਤਫ਼ਾ ਨੇ ਕਮਿਸ਼ਨ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਪੁਲੀਸ ਵਿੱਚ ਇਸ ਸਮੇਂ ਤਿੰਨ ਆਈਪੀਐਸ ਅਧਿਕਾਰੀ ਸ੍ਰੀ ਗੁਪਤਾ ਤੋਂ ਸੀਨੀਅਰ ਹਨ। ਤਾਜ਼ਾ ਨਿਯੁਕਤੀ ਦੌਰਾਨ ਸੀਨੀਅਰ ਅਧਿਕਾਰੀਆਂ ਦੇ ਨਜ਼ਰਅੰਦਾਜ਼ ਹੋਣ ਕਰਕੇ ਧੜੇਬੰਦੀ ਵਧਣ ਦੇ ਵੀ ਆਸਾਰ ਮੰਨੇ ਜਾ ਰਹੇ ਹਨ।

**ਸੁਰੇਸ਼ ਅਰੋੜਾ ਸੇਵਾਮੁਕਤ :** ਸੰਨ 1982 ਬੈਚ ਦੇ ਆਈਪੀਐਸ ਅਧਿਕਾਰੀ ਸੁਰੇਸ਼ ਅਰੋੜਾ ਸੇਵਾਮੁਕਤ ਹੋ ਗਏ। ਉਨ੍ਹਾਂ ਨੂੰ ਅਕਾਲੀ-ਭਾਜਪਾ ਸਰਕਾਰ ਨੇ ਬੇਅਦਬੀ ਤੇ ਗੋਲੀ ਕਾਂਡ ਕਰਕੇ ਵਿਵਾਦਾਂ 'ਚ ਘਿਰਨ ਤੋਂ ਬਾਅਦ ਅਕਤੂਬਰ 2015 ਵਿੱਚ ਸੁਮੇਧ ਸਿੰਘ ਸੈਣੀ ਦੀ ਥਾਂ 'ਤੇ ਡੀਜੀਪੀ ਨਿਯੁਕਤ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਮਾਰਚ 2017 ਵਿੱਚ ਕਾਂਗਰਸ ਸਰਕਾਰ ਦੇ ਗਠਨ ਤੋਂ ਬਾਅਦ ਵੀ ਸ੍ਰੀ ਅਰੋੜਾ ਨੂੰ ਇਸ ਅਹੁਦੇ 'ਤੇ ਕਾਇਮ ਰੱਖਿਆ ਗਿਆ। ਮੋਦੀ ਸਰਕਾਰ ਨੇ ਸਤੰਬਰ 'ਚ ਸੁਰੇਸ਼ ਅਰੋੜਾ ਦਾ ਸੇਵਾਕਾਲ 31 ਦਸੰਬਰ 2018 ਤੱਕ ਤਿੰਨ ਮਹੀਨਿਆਂ ਲਈ ਵਧਾ ਦਿੱਤਾ ਸੀ ਅਤੇ ਫਿਰ ਸੁਪਰੀਮ ਕੋਰਟ ਨੇ 31 ਜਨਵਰੀ ਤੱਕ ਕਾਰਜਕਾਲ 'ਚ ਵਾਧਾ ਕਰ ਦਿੱਤਾ ਸੀ। ਉਸ ਤੋਂ ਬਾਅਦ ਕੇਂਦਰ ਸਰਕਾਰ ਨੇ 30 ਸਤੰਬਰ 2019 ਤੱਕ ਉਨ੍ਹਾਂ ਦਾ ਸੇਵਾਕਾਲ ਵਧਾ ਦਿੱਤਾ ਸੀ ਪਰ ਸ੍ਰੀ ਅਰੋੜਾ ਨੇ ਕੈਪਟਨ ਸਰਕਾਰ ਨੂੰ ਸੇਵਾਮੁਕਤ ਕਰਨ ਦੀ ਅਪੀਲ ਕਰਦਿਆਂ ਕਿਹਾ ਸੀ ਕਿ ਨਵੇਂ ਡੀਜੀਪੀ ਦੀ ਨਿਯੁਕਤੀ ਤੱਕ ਹੀ ਉਨ੍ਹਾਂ ਨੂੰ ਇਸ ਅਹੁਦੇ 'ਤੇ ਰੱਖਿਆ ਜਾਵੇ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਅਕਾਲੀ ਆਗੂ ਗੋਬਿੰਦ ਸਿੰਘ ਕਾਂਝਲਾ ਦਾ ਦੇਹਾਂਤ

**ਸ਼ੇਰਪੁਰ(ਧੂਰੀ)/ਏਟੀ ਨਿਊਜ਼ :** ਸਾਬਕਾ ਕੈਬਨਿਟ ਮੰਤਰੀ, ਅਕਾਲੀ ਆਗੂ ਗੋਬਿੰਦ ਸਿੰਘ ਕਾਂਝਲਾ ਦਾ ਲੰਬੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। ਸ੍ਰੀ ਕਾਂਝਲਾ ਸ਼ੂਗਰ ਅਤੇ ਗੁਰਦਿਆਂ ਦੇ ਰੋਗ ਤੋਂ ਪੀੜਤ ਸਨ। ਸਾਹ ਲੈਣ 'ਚ ਤਕਲੀਫ਼ ਹੋਣ 'ਤੇ



ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਆਖਰੀ ਸਾਹ ਲਏ। ਸ੍ਰੀ ਕਾਂਝਲਾ ਦਾ ਅੰਤਿਮ ਸੰਸਕਾਰ ਮਾਨਵ ਕਲਿਆਣ ਕੇਂਦਰ ਕਾਂਝਲਾ ਵਿਖੇ ਕੀਤਾ ਗਿਆ।

ਮਰਹੂਮ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਵਜ਼ਾਰਤਾਂ 'ਚ ਵਜ਼ੀਰ ਰਹੇ ਸ੍ਰੀ ਕਾਂਝਲਾ 69 ਸਾਲ ਦੇ ਸਨ ਤੇ ਸ਼ੇਰਪੁਰ ਤੋਂ ਤਿੰਨ ਵਾਰ ਵਿਧਾਇਕ ਚੁਣੇ ਗਏ ਸਨ। ਉਹ ਰਾਸ਼ਟਰੀ ਘੱਟ ਗਿਣਤੀ ਤੇ ਦਲਿਤ ਦਲ ਦੇ ਪ੍ਰਧਾਨ ਵੀ ਰਹੇ।

ਅਕਾਲੀ ਸਿਆਸਤ ਵਿੱਚ ਆਪਣੀ ਬੇਬਾਕੀ ਅਤੇ 'ਪੈਨਸ਼ਨਾਂ ਵਾਲੇ ਵਜ਼ੀਰ' ਵਜੋਂ ਪ੍ਰਸਿੱਧ ਸ੍ਰੀ ਕਾਂਝਲਾ ਸੰਨ 1985 ਵਿੱਚ ਪਹਿਲੀ ਵਾਰ ਸ਼ੇਰਪੁਰ ਤੋਂ ਵਿਧਾਇਕ ਬਣੇ ਸਨ। ਉਨ੍ਹਾਂ ਨੂੰ ਬਰਨਾਲਾ ਵਜ਼ਾਰਤ ਵਿੱਚ ਸੰਸਦੀ ਸਕੱਤਰ ਬਣਾਇਆ ਗਿਆ ਸੀ। ਸਾਲ 1997 ਵਿੱਚ ਉਹ ਦੂਜੀ ਵਾਰ ਵਿਧਾਇਕ ਚੁਣੇ ਗਏ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਪਹਿਲਾਂ ਰਾਜ ਮੰਤਰੀ ਤੇ ਫਿਰ ਕੈਬਨਿਟ ਮੰਤਰੀ ਬਣਾਏ ਗਏ। ਫਰਵਰੀ-2002 ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਟਿਕਟ ਨਾ ਦਿੱਤੇ ਜਾਣ 'ਤੇ ਸ੍ਰੀ ਕਾਂਝਲਾ ਨੇ ਆਜ਼ਾਦ ਉਮੀਦਵਾਰ ਵਜੋਂ ਹਲਕਾ ਸ਼ੇਰਪੁਰ ਤੋਂ ਚੋਣ ਜਿੱਤੀ ਸੀ।

# ਦਰਸ਼ਨ ਸੰਧੂ ਤੇ ਸਾਥੀਆਂ ਵੱਲੋਂ ਕੀਤੀ ਝੂਠੀ ਬਿਆਨਬਾਜ਼ੀ ਦੀ ਪੋਲ ਖੁੱਲ੍ਹੀ

**ਫਰੀਮੌਂਟ/ਏਟੀ ਨਿਊਜ਼ :**

23 ਨਵੰਬਰ-2018 ਨੂੰ ਦਰਸ਼ਨ ਸਿੰਘ ਸੰਧੂ ਨੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਮਾਮੂਲੀ ਬਹਿਸ ਤੋਂ ਬਾਅਦ ਤਲਖ਼ੀ ਵਿਚ ਆ ਕੇ ਕੰਵਲਜੀਤ ਸਿੰਘ ਦੇ ਸਿਰ ਉਤੇ ਸਿਰੀ ਸਾਹਿਬ ਨਾਲ ਵਾਰ ਕਰ ਦਿੱਤਾ ਸੀ, ਜਿਸ ਨਾਲ ਉਨ੍ਹਾਂ ਦੇ ਸਿਰ ਵਿਚ ਟਾਂਕੇ ਲੱਗੇ ਸਨ। ਦਰਸ਼ਨ ਸਿੰਘ ਸੰਧੂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ 30,000 ਡਾਲਰ ਦੀ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ ਸੀ। ਕੰਵਲਜੀਤ ਸਿੰਘ ਨੇ 'ਅੰਮ੍ਰਿਤਸਰ ਟਾਈਮਜ਼' ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਐਲਾਮੀਡਾ ਕਾਊਂਟੀ ਵਿਚ ਜੇ ਕੋਈ ਪਹਿਲੀ ਵਾਰ ਅਜਿਹੀ ਵਾਰਦਾਤ ਕਰਦਾ ਹੈ, ਤਾਂ ਉਸ ਨੂੰ ਇਕ ਪ੍ਰੋਗਰਾਮ ਦੇ ਦਿੱਤਾ ਜਾਂਦਾ ਹੈ ਅਤੇ ਗੁੱਸੇ ਉਤੇ ਕੰਟਰੋਲ ਕਰਨ ਦੀਆਂ ਕਲਾਸਾਂ ਵੀ ਲਾਉਣੀਆਂ ਪੈਂਦੀਆਂ ਹਨ। ਸਰਕਾਰੀ ਵਕੀਲ ਨੇ ਦਰਸ਼ਨ ਸਿੰਘ ਸੰਧੂ ਨੂੰ ਉਹ ਪ੍ਰੋਗਰਾਮ ਦਿੱਤਾ ਹੈ ਪਰ ਕੇਸ ਡਰਾਪ ਨਹੀਂ ਕੀਤਾ; ਜਿਵੇਂ ਕਿ ਦਰਸ਼ਨ ਸੰਧੂ ਤੇ ਉਸ ਦੀ ਪਾਰਟੀ ਵੱਲੋਂ ਕਿਹਾ ਜਾ ਰਿਹਾ ਹੈ। ਇਹ ਵੀ ਸਜ਼ਾ ਦਾ ਹੀ ਇੱਕ ਦਰਜਾ ਹੈ ਜਿਵੇਂ ਕਿ ਟ੍ਰੈਫ਼ਿਕ ਟਿਕਟ ਮਿਲਣ ਉਤੇ ਸਕੂਲ ਨਾਲ ਟਿਕਟ ਡਿਸਮਿਸ ਹੋ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਦਰਸ਼ਨ ਸੰਧੂ, ਭਾਈ ਗੁਰਮੀਤ ਸਿੰਘ ਖਾਲਸਾ ਗਰੁੱਪ ਨਾਲ ਸਬੰਧਤ ਹੈ। ਇਹਨਾਂ ਵੱਲੋਂ ਸੰਗਤ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਸਰਕਾਰੀ ਵਕੀਲ ਨੇ ਇਸ ਨੂੰ ਸਵੈ ਰੱਖਿਆ ਸਮਝਦੇ ਹੋਏ ਕੇਸ ਵਾਪਿਸ ਲੈ ਲਿਆ ਪਰ ਇਸ ਗੱਲ ਦਾ ਪਾਜ ਉਦੋਂ ਖੁੱਲ੍ਹ ਗਿਆ ਜਦੋਂ ਰਸਟਰੇਨਿੰਗ ਆਰਡਰਾਂ ਦੀ ਤਰੀਕ ਵੇਲੇ ਦਰਸ਼ਨ ਸੰਧੂ ਦੇ ਵਕੀਲ ਨੇ ਕਿਹਾ ਕਿ ਇਸ ਨੇ ਡਾਇਵਰਸ਼ਨ ਪ੍ਰੋਗਰਾਮ ਪੂਰਾ ਕਰ ਲਿਆ ਹੈ ਤੇ ਸਰਕਾਰੀ ਵਕੀਲ ਨੇ 90 ਦਿਨ ਕੇਸ ਉਤੇ ਨਜਰਸ਼ਾਨੀ ਕਰਨੀ ਹੈ। ਇਸ ਤੋਂ ਸ਼ਪੱਸ਼ਟ ਹੈ ਕਿ ਦਰਸ਼ਨ ਸੰਧੂ ਨੂੰ ਇਹ ਸਜ਼ਾ ਮਿਲੀ ਹੈ।

ਕੰਵਲਜੀਤ ਸਿੰਘ ਮੁਤਾਬਕ ਦਰਸ਼ਨ ਸਿੰਘ ਸੰਨ 1996 ਵਿਚ ਬੈਲਜੀਅਮ ਵਿਚ ਵੀ ਕਿਰਪਾਨਾਂ ਨਾਲ ਹਮਲਾ ਕਰ ਚੁੱਕਾ ਹੈ। ਦੂਜੀ ਵਾਰੀ ਹਮਲਾ ਕਰਨ ਕਰਕੇ ਇਹ ਇਸ ਪ੍ਰੋਗਰਾਮ ਅਧੀਨ ਕੁਆਲੀਫਾਈ ਨਹੀਂ ਕਰਦਾ ਸੀ ਪਰ ਸਰਕਾਰੀ ਵਕੀਲ ਨੂੰ ਬੈਲਜੀਅਮ ਦੇ ਰਿਕਾਰਡ ਨਹੀਂ ਮਿਲੇ ਜਿਸ ਕਾਰਨ ਉਸ ਨੇ ਇਸ ਨੂੰ ਇਹ ਪ੍ਰੋਗਰਾਮ ਦਿੱਤਾ ਹੈ। ਸਰਕਾਰੀ ਵਕੀਲ ਨੇ ਕੰਵਲਜੀਤ ਸਿੰਘ ਤੋਂ ਬੈਲਜੀਅਮ ਦੇ ਰਿਕਾਰਡ ਮੰਗੇ ਹਨ। ਜੇ ਉਹ ਰਿਕਾਰਡ ਸਰਕਾਰੀ ਵਕੀਲ ਨੂੰ ਮਿਲ ਜਾਂਦੇ ਹਨ ਤਾਂ ਦਰਸ਼ਨ ਸੰਧੂ ਉਪਰ ਇਸ ਲਏ ਪ੍ਰੋਗਰਾਮ ਨੂੰ ਕੈਂਸਲ ਕਰਕੇ ਕੇਸ ਚੱਲ ਸਕਦਾ ਹੈ।

ਯਾਦ ਰਹੇ ਕਿ ਦਰਸ਼ਨ ਸਿੰਘ ਉੱਥੇ ਜੋਗਾ ਸਿੰਘ ਦੇ ਨਾਮ ਹੇਠਾਂ ਰਹਿੰਦਾ ਰਿਹਾ ਹੈ ਪਰ ਅਮਰੀਕਾ ਵਿਚ ਇਸ ਨੇ ਆਪਣਾ ਨਾਮ ਦਰਸ਼ਨ ਸੰਧੂ ਦੱਸਿਆ ਹੈ। ਕੋਰਟ ਵਿਚ ਕੰਵਲਜੀਤ ਸਿੰਘ ਦੇ ਵਕੀਲ ਨੇ ਜਦੋਂ ਦਰਸ਼ਨ ਸੰਧੂ ਨੂੰ ਬੈਲਜੀਅਮ ਵਿਚ ਕਿਸੇ ਘਟਨਾ ਵਿਚ ਸ਼ਾਮਿਲ ਹੋਣ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਹ ਕਿਸੇ ਘਟਨਾ ਵਿਚ ਸ਼ਾਮਿਲ ਨਹੀਂ ਰਿਹਾ। ਜੇ ਬੈਲਜੀਅਮ ਵਿਚ ਕੀਤੇ ਹਮਲੇ ਦੇ ਸਬੂਤ ਸਾਹਮਣੇ ਆ ਜਾਂਦੇ ਹਨ ਤਾਂ ਇਹ ਦਰਸ਼ਨ ਸੰਧੂ ਲਈ ਨਵੀਂ ਪਰੇਸ਼ਾਨੀ ਖੜ੍ਹੀ ਕਰ ਸਕਦੇ ਹਨ।

ਕੰਵਲਜੀਤ ਸਿੰਘ ਨੇ ਇਹ ਵੀ ਕਿਹਾ ਕਿ ਦਰਸ਼ਨ ਸੰਧੂ ਦੇ ਵਕੀਲ ਨੇ ਤਿੰਨ ਸੁਪਰੀਮ ਕੌਂਸਲ ਮੈਬਰਾਂ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਵਲੋਂ ਬਿਆਨ ਦਿੱਤਾ ਹੈ ਕਿ ਜਸਜੀਤ ਸਿੰਘ ਕਰਕੇ ਇਹ ਘਟਨਾ ਵਾਪਰੀ ਤੇ ਦਰਸ਼ਨ ਸਿੰਘ ਇੱਕ ਚੰਗਾ ਵਿਅਕਤੀ ਹੈ। ਇਹ ਤਿੰਨ ਅੰਮ੍ਰਿਤਧਾਰੀ ਇਹ ਕਹਿਣ ਵੇਲੇ ਭੁੱਲ ਗਏ ਕਿ ਹਰਜੀਤ ਸਿੰਘ ਨੇ ਆਪ ਹੀ ਲਿਖ ਕੇ ਦਿੱਤਾ ਹੈ ਕਿ ਗੱਲ ਉਸ ਤੋਂ ਸ਼ੁਰੂ ਹੋਈ ਸੀ ਅਤੇ ਦਰਸ਼ਨ ਸੰਧੂ ਵੀ ਸੰਗਤ ਦੇ ਕਈ ਮੈਬਰਾਂ ਨੂੰ ਕਹਿ ਚੁੱਕਿਆ ਹੈ ਕਿ ਮੇਰੇ ਤੋਂ ਬਹੁਤ ਵੱਡੀ ਗਲਤੀ ਹੋਈ ਹੈ, ਫਿਰ ਵੀ ਇਹ ਜਸਜੀਤ ਸਿੰਘ ਵਿਰੁੱਧ ਜ਼ਹਿਰ ਉਗਲਣ ਤੋਂ ਬਿਨਾ ਨਹੀਂ ਰਹਿ ਸਕੇ।

ਕੰਵਲਜੀਤ ਸਿੰਘ ਨੇ ਅਫਸੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਏ ਤਾਂ ਗੁਰੂ ਰਾਖਾ। ਵੀਡੀਉ ਵਿਚ ਸੱਚ ਸਾਹਮਣੇ ਆ ਹੀ ਚੁੱਕਾ ਹੈ ਤੇ ਬਾਕੀ ਰਹਿੰਦਾ ਵੀ ਸੰਗਤ ਨੂੰ ਪਤਾ ਲੱਗ ਹੀ ਜਾਣਾ ਹੈ। ਉਨ੍ਹਾਂ ਨੇ ਸੁਪਰੀਮ ਕੌਂਸਲ ਦੇ ਇਹਨਾਂ ਤਿੰਨ ਮੈਂਬਰਾਂ ਨੂੰ ਵੀ ਚੈਲਿੰਜ ਕਰਦਿਆਂ ਕਿਹਾ ਕਿ ਸੰਗਤ ਵਿਚ ਵੀਡੀਉ ਦਿਖਾਉਣ ਤਾਂ ਜੋ ਸੰਗਤ ਨੂੰ ਸਚਾਈ ਦਾ ਪਤਾ ਲੱਗ ਸਕੇ।

# ਗੁਰੂ ਨਾਨਕ ਸਾਹਿਬ ਦੇ 550ਵੇਂ ਜਨਮ ਦਿਹਾੜੇ ਨੂੰ ਯਾਦਗਾਰੀ ਬਣਾਉਣ ਵਾਸਤੇ ਗਲੋਬਲ ਸਿੱਖ ਕੌਂਸਲ ਵੱਲੋਂ ਪਾਕਿ ਪ੍ਰਧਾਨ ਮੰਤਰੀ ਦਾ ਸਵਾਗਤ

**ਕਰਤਾਰਪੁਰ ਸਾਹਿਬ/ਏਟੀ ਨਿਊਜ਼ :** ਗੁਰੂ ਨਾਨਕ ਸਾਹਿਬ ਦੇ 550 ਵੇਂ ਜਨਮ ਦਿਹਾੜੇ ਨੂੰ ਪਾਕਿਸਤਾਨ ਵਿਚ ਵੱਡੇ ਪੱਧਰ ਉਤੇ ਮਨਾਉਣ ਲਈ ਪਾਕਿ ਪ੍ਰਧਾਨ ਮੰਤਰੀ ਮਿਸਟਰ ਇਮਰਾਨ ਖਾਨ ਦੇ ਐਲਾਨ ਤੋਂ ਬਾਅਦ ਵਰਲਡ ਸਿੱਖ ਕੌਂਸਲ ਨੇ ਉਨ੍ਹਾਂ ਦਾ ਸਵਾਗਤ ਕੀਤਾ ਹੈ।

ਆਸਟ੍ਰੇਲੀਆ, ਏਸ਼ੀਆ, ਅਫਰੀਕਾ, ਯੂਰਪ ਅਤੇ ਹੋਰ ਦੇਸ਼ਾਂ ਤੋਂ ਗਲੋਬਲ ਸਿੱਖ ਕੌਂਸਲ ਦੇ ਮੈਂਬਰਾਂ ਵੱਲੋਂ ਜਾਰੀ ਪ੍ਰੈਸ ਨੋਟ ਵਿਚ ਕਿਹਾ ਗਿਆ ਹੈ ਕਿ ਪਾਕਿ ਪ੍ਰਧਾਨ ਮੰਤਰੀ ਵੱਲੋਂ ਗੁਰੂ ਨਾਨਕ ਯੂਨੀਵਰਸਿਟੀ ਸਮੇਤ ਬਹੁਤ ਸਾਰੀਆਂ ਯੋਜਨਾਵਾਂ ਦਾ ਐਲਾਨ ਕਰਨ ਲਈ ਉਹ ਪ੍ਰਸ਼ੰਸਾ ਦੇ ਪਾਤਰ ਹਨ। ਗੁਰੂ ਨਾਨਕ ਸਾਹਿਬ ਦੇ ਸਰਵ ਵਿਆਪਕ ਅਤੇ ਸਦੀਵੀ ਅਮਨ ਦੇ ਵਿਸ਼ਵ ਨਜ਼ਰੀਏ ਅਤੇ ਮਨੁੱਖਤਾ ਨੂੰ ਸੰਦੇਸ਼ ਨੂੰ ਯਾਦ ਕਰਦਿਆਂ ਇਹ ਐਲਾਨ ਨਿਰਸੰਦੇਹ ਮੁਸਲਮਾਨਾਂ ਅਤੇ ਸਿੱਖਾਂ ਦਰਮਿਆਨ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਗੇ।

ਉਨ੍ਹਾਂ ਕਿਹਾ ਕਿ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਯਕੀਨੀ ਤੌਰ 'ਤੇ ਇਸ ਲਈ ਇਕ ਅਨੁਕੂਲ ਮਾਹੌਲ ਮੁਹੱਈਆ ਕਰਵਾਏਗੀ। ਗਲੋਬਲ ਸਿੱਖ ਕੌਂਸਲ (ਜੀਐਸਸੀ) ਦੇ ਪ੍ਰਧਾਨ ਸ. ਗੁਰਪ੍ਰੀਤ ਸਿੰਘ ਨੇ ਸਰਵ ਸ਼ਕਤੀਮਾਨ ਅੱਲ੍ਹਾ-ਵਾਹਿਗੁਰੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਗਵਾਈ ਵਿਚ ਪਾਕਿਸਤਾਨ ਸਰਕਾਰ ਇਹ ਇਤਿਹਾਸਕ ਕਦਮ ਚੁੱਕਣ ਦੀ ਪਹਿਲਕਦਮੀ ਕਰਕੇ ਦੁਨੀਆ ਭਰ ਦੇ ਪੰਜਾਬੀ ਵਿਦਿਆਰਥੀਆਂ ਨੂੰ ਇਕੱਠੇ ਕਰਨ ਅਤੇ ਖੁਸ਼ਹਾਲੀ ਲਈ ਇਕਮੁੱਠਤਾ ਨਾਲ ਕੰਮ ਕਰਨ ਦਾ ਕੰਮ ਕਰ ਰਹੀ ਹੈ। ਅੰਤਰਰਾਸ਼ਟਰੀ

ਬਾਕੀ ਸਫ਼ਾ 28 'ਤੇ



# ਪੰਜਾਬ ਵਿਚ ਰਵਾਇਤੀ ਪਾਰਟੀਆਂ ਪੁਰਾਣੇ ਚਿਹਰਿਆਂ 'ਤੇ ਹੀ ਲਗਾਉਣਗੀਆਂ ਦਾਅ

- ਆਮ ਆਦਮੀ ਪਾਰਟੀ ਤੋਂ ਇਲਾਵਾ ਹਾਲੇ ਤੱਕ ਕਿਸੇ ਨੇ ਵੀ ਨਹੀਂ ਕੀਤਾ ਉਮੀਦਵਾਰਾਂ ਦਾ ਐਲਾਨ ਤੇ ਨਾ ਹੀ ਪ੍ਰਚਾਰ ਮੁਹਿੰਮ ਸ਼ੁਰੂ ਹੋਈ
- ਡਾ: ਨਵਜੋਤ ਕੌਰ ਸਿੱਧੂ ਬਠਿੰਡਾ ਜਾਂ ਅੰਮ੍ਰਿਤਸਰ ਤੋਂ ਲੜ ਸਕਦੇ ਨੇ ਚੋਣ, ਬਠਿੰਡਾ ਤੋਂ ਬਾਦਲ ਦਲ ਦੇ ਉਮੀਦਵਾਰ ਹੋ ਸਕਦੇ ਨੇ ਹਰਸਿਮਰਤ ਕੌਰ ਬਾਦਲ



- ਫਤਹਿਗੜ੍ਹ ਤੋਂ ਅਜ਼ਾਦ ਉਮੀਦਵਾਰ ਵਜੋਂ ਹਰਿੰਦਰ ਸਿੰਘ ਨਾਰਵੇ ਸਰਗਰਮ
- ਭਾਜਪਾ ਅਕਸ਼ੈ ਖੰਨਾ ਨੂੰ ਗੁਰਦਾਸਪੁਰ ਤੋਂ ਲੜਾ ਸਕਦੀ ਏ ਚੋਣ
- ਗੁਰਦਾਸਪੁਰ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਇਥੋਂ ਹੀ ਸੰਸਦ ਮੈਂਬਰ ਸੁਨੀਲ ਜਾਖੜ ਦੇ ਹੀ ਕਾਂਗਰਸ ਉਮੀਦਵਾਰ ਬਣਨ ਦੇ ਆਸਾਰ

**ਜਲੰਧਰ/ਏਟੀ ਨਿਊਜ਼ :**
ਭਾਵੇਂ ਲੋਕ ਸਭਾ ਚੋਣਾਂ ਦੀ ਚਰਚਾ ਸਿਖ਼ਰ 'ਤੇ ਪਹੁੰਚ ਗਈ ਹੈ ਪਰ ਅਜੇ ਤੱਕ ਆਮ ਆਦਮੀ ਪਾਰਟੀ ਨੂੰ ਛੱਡ ਕੇ ਕਿਸੇ ਵੀ ਪਾਰਟੀ ਵਲੋਂ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਤਾਂ ਦੂਰ ਉਮੀਦਵਾਰਾਂ ਦੀ ਵਿਧੀਵੱਤ ਚੋਣ ਪ੍ਰਕਿਰਿਆ ਵੀ ਸ਼ੁਰੂ ਨਹੀਂ ਕੀਤੀ ਗਈ। ਜਾਣਕਾਰੀ ਮੁਤਾਬਕ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਲਈ ਕਾਂਗਰਸ ਅਤੇ ਅਕਾਲੀ ਦਲ-ਭਾਜਪਾ ਗੱਠਜੋੜ ਦੇ ਸੰਭਾਵਿਤ ਉਮੀਦਵਾਰਾਂ ਦੇ ਜੋ ਨਾਂਅ ਸਾਹਮਣੇ ਆ ਰਹੇ ਹਨ, ਉਹ ਲਗਪਗ ਸਾਰੇ ਹੀ ਪਹਿਲਾਂ ਤੋਂ ਸਥਾਪਿਤ ਨੇਤਾਵਾਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਹਨ। ਦੋਵਾਂ ਧਿਰਾਂ ਵਲੋਂ ਪਾਰਟੀ ਲਈ ਮਿਹਨਤ ਕਰਨ ਵਾਲੇ ਤੀਸਰੇ ਦਰਜੇ ਦੇ ਨੇਤਾਵਾਂ ਲਈ ਕੋਈ ਟਿਕਟ ਨਹੀਂ ਰੱਖੀ ਗਈ। ਉਨ੍ਹਾਂ ਨੂੰ ਸਿਰਫ ਪਾਰਟੀ ਦੇ ਅਹੁਦੇ ਦੇ ਕੇ ਹੀ ਵਰ੍ਹਾ ਲਿਆ ਜਾਂਦਾ ਹੈ। ਇਸ ਦਰਮਿਆਨ ਅਕਾਲੀ ਦਲ ਤੇ ਭਾਜਪਾ ਵਲੋਂ ਅੰਮ੍ਰਿਤਸਰ ਬਦਲੇ ਲੁਧਿਆਣਾ ਅਤੇ ਹੁਸ਼ਿਆਰਪੁਰ ਬਦਲੇ ਜਲੰਧਰ ਸੀਟਾਂ ਬਦਲਣ ਦੀ ਚਰਚਾ ਵੀ ਚੱਲ ਰਹੀ ਹੈ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ: ਨਵਜੋਤ ਕੌਰ ਸਿੱਧੂ ਨੂੰ ਦੋ ਥਾਵਾਂ ਬਠਿੰਡਾ ਜਾਂ ਅੰਮ੍ਰਿਤਸਰ ਵਿਚੋਂ ਕਿਸੇ ਇਕ 'ਤੇ ਚੋਣ ਲੜਾਉਣ ਦੀ ਚਰਚਾ ਚੱਲਣ ਦਾ ਪਤਾ ਵੀ ਲੱਗਾ ਹੈ। ਦੂਜੇ ਪਾਸੇ ਦਿੱਲੀ ਕਮੇਟੀ ਦੀ ਲੜਾਈ ਤੋਂ ਬਾਅਦ ਮਨਜੀਤ ਸਿੰਘ ਜੀਕੇ. ਜਾਂ ਮਨਜਿੰਦਰ ਸਿੰਘ ਸਿਰਸਾ ਦੋਵਾਂ ਵਿਚੋਂ ਕਿਸੇ ਇਕ ਨੂੰ ਪੰਜਾਬ ਤੋਂ ਚੋਣ ਲੜਾਉਣ ਦੀ ਗੱਲ ਵੀ ਖ਼ਤਮ ਹੋ ਗਈ ਹੈ। ਹੁਣ ਤਕ ਪ੍ਰਾਪਤ ਜਾਣਕਾਰੀ ਅਨੁਸਾਰ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਦੇ ਸੰਭਾਵਿਤ ਉਮੀਦਵਾਰਾਂ ਬਾਰੇ ਕਈ ਤਰ੍ਹਾਂ ਦੀਆਂ ਕਿਆਸਰਾਈਆਂ ਲੱਗ ਰਹੀਆਂ ਹਨ।

**ਅੰਮ੍ਰਿਤਸਰ** : ਕਾਂਗਰਸ ਦੇ ਅੰਮ੍ਰਿਤਸਰ ਤੋਂ ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ ਹੀ ਦੁਬਾਰਾ ਟਿਕਟ ਦਿੱਤੇ ਜਾਣ ਦੀ ਸੰਭਾਵਨਾ ਹੈ। ਪਰ ਪਤਾ ਲੱਗਾ ਹੈ ਕਿ ਕਾਂਗਰਸ ਦੀ ਇਕ ਤਕੜੀ ਧਿਰ ਇਹ ਚਾਹੁੰਦੀ ਹੈ ਕਿ ਉਨ੍ਹਾਂ ਦੀ ਥਾਂ ਡਾ: ਨਵਜੋਤ ਕੌਰ ਸਿੱਧੂ ਨੂੰ ਇਥੋਂ ਟਿਕਟ ਦਿੱਤੀ ਜਾਵੇ। ਭਾਜਪਾ ਕੋਲ ਇਥੇ ਰਾਜਿੰਦਰ ਸਿੰਘ ਛੀਨਾ ਤੋਂ ਇਲਾਵਾ ਹੋਰ ਕੋਈ ਗੰਭੀਰ ਉਮੀਦਵਾਰ ਨਜ਼ਰ ਨਹੀਂ ਆ ਰਿਹਾ। ਜੇਕਰ ਇਹ ਸੀਟ ਸਮਝੌਤੇ ਵਿਚ ਲੁਧਿਆਣਾ ਨਾਲ ਬਦਲਣ ਦੀ ਗੱਲ ਸਿਰੇ ਚੜ੍ਹ ਗਈ ਤਾਂ ਇਥੋਂ ਅਕਾਲੀ ਦਲ ਬਿਕਰਮ ਸਿੰਘ ਮਜੀਠੀਆ ਨੂੰ ਉਮੀਦਵਾਰ ਬਣਾ ਸਕਦਾ ਹੈ।

**ਸ੍ਰੀ ਅਨੰਦਪੁਰ ਸਾਹਿਬ** : ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਨਰਿੰਦਰ ਸਿੰਘ ਸ਼ੇਰਗਿੱਲ ਉਮੀਦਵਾਰ ਹਨ। ਕਾਂਗਰਸ ਦੀ ਟਿਕਟ ਲਈ ਪਾਰਟੀ ਦੀ ਸੀਨੀਅਰ ਨੇਤਾ ਅੰਬਿਕਾ ਸੋਨੀ ਦਾ ਨਾਮ ਚਰਚਾ ਵਿਚ ਹੈ। ਅਕਾਲੀ ਦਲ ਵਲੋਂ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਦੀ ਟਿਕਟ ਪੱਕੀ ਹੀ ਮੰਨੀ ਜਾ ਰਹੀ ਹੈ।

**ਬਠਿੰਡਾ** : ਬਠਿੰਡਾ ਤੋਂ ਕਾਂਗਰਸ ਵਲੋਂ ਕਿਸੇ ਤਕੜੇ ਉਮੀਦਵਾਰ ਦੀ ਭਾਲ ਕੀਤੀ ਜਾ ਰਹੀ ਹੈ। ਚਰਚਾ ਹੈ ਕਿ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਇਸ ਵਾਰ ਚੋਣ ਲੜਨ ਲਈ ਤਿਆਰ ਨਹੀਂ ਹਨ। ਇਸ ਲਈ ਇਥੋਂ ਹਾਲ ਦੀ ਘੜੀ ਡਾ: ਨਵਜੋਤ ਕੌਰ ਸਿੱਧੂ ਅਤੇ ਅਜੀਤਇੰਦਰ ਸਿੰਘ ਮੋਫਰ ਦੇ ਨਾਵਾਂ ਦੀ ਚਰਚਾ ਹੈ ਜਦੋਂ ਕਿ ਅਕਾਲੀ ਦਲ ਵਲੋਂ ਹਰਸਿਮਰਤ ਕੌਰ ਬਾਦਲ ਦੇ ਹੀ ਉਮੀਦਵਾਰ ਹੋਣ ਦੇ ਆਸਾਰ ਹਨ।

**ਫ਼ਰੀਦਕੋਟ** : ਫ਼ਰੀਦਕੋਟ ਤੋਂ ਕਾਂਗਰਸ ਵਿਚ ਮੁਹੰਮਦ ਸਦੀਕ, ਸਾਬਕਾ ਕੇਂਦਰੀ ਮੰਤਰੀ ਬੂਟਾ ਸਿੰਘ ਦੇ ਬੇਟੇ ਸਰਬਜੀਤ ਸਿੰਘ ਲਵਲੀ, ਜਗਦਰਸ਼ਨ ਕੌਰ ਅਤੇ ਅਜਾਇਬ ਸਿੰਘ ਭੱਟੀ ਦੇ ਨਾਵਾਂ 'ਤੇ ਚਰਚਾ ਚੱਲ ਰਹੀ ਹੈ ਜਦੋਂ ਕਿ ਅਕਾਲੀ ਦਲ ਵਲੋਂ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਅਜੀਤ ਸਿੰਘ ਸ਼ਾਂਤ, ਦਰਸ਼ਨ ਸਿੰਘ ਕੋਟਫੱਤਾ, ਜੋਗਿੰਦਰ ਸਿੰਘ ਪੰਜਗਰਾਈਂ ਅਤੇ ਪਰਮਜੀਤ ਕੌਰ ਗੁਲਸ਼ਨ ਦੇ ਨਾਂਅ ਚਰਚਾ ਵਿਚ ਹਨ।

**ਫ਼ਤਹਿਗੜ੍ਹ ਸਾਹਿਬ** : ਇਥੋਂ ਕਾਂਗਰਸ ਦੇ ਸੰਭਾਵਿਤ ਉਮੀਦਵਾਰਾਂ ਦੀ ਸੂਚੀ ਬਹੁਤ ਲੰਮੀ ਹੈ, ਜਿਸ ਵਿਚ ਡਾ: ਅਮਰ ਸਿੰਘ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਵਿਧਾਇਕ ਲਖਵੀਰ ਸਿੰਘ ਲੱਖਾ, ਗੁਰਪ੍ਰੀਤ ਸਿੰਘ ਜੀਪੀ., ਮੌਜੂਦਾ ਮੈਂਬਰ ਰਾਜ ਸਭਾ ਸ਼ਮਸ਼ੇਰ ਸਿੰਘ ਦੂਲੋ ਖ਼ੁਦ ਜਾਂ ਉਨ੍ਹਾਂ ਦਾ ਬੇਟਾ ਬੰਨਦੀਪ ਸਿੰਘ ਬੰਨੀ ਦੂਲੋ, ਗੁਰਪਾਲ ਸਿੰਘ ਗੋਲਡੀ ਤੋਂ ਇਲਾਵਾ ਇਕ ਹਾਕੀ ਖਿਡਾਰੀ ਦਾ ਨਾਂਅ ਵੀ ਚਰਚਾ ਵਿਚ ਹੈ, ਜਦੋਂ ਕਿ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਵੀ ਇਥੋਂ ਚੋਣ ਲੜਨ ਲਈ ਕਹੇ ਜਾਣ ਦੇ ਸੰਕੇਤ ਹਨ।

ਅਕਾਲੀ ਦਲ ਵਲੋਂ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਦਰਬਾਰਾ ਸਿੰਘ ਗੁਰੂ, ਬਿਕਰਮਜੀਤ ਸਿੰਘ ਖਾਲਸਾ, ਜਸਟਿਸ ਨਿਰਮਲ ਸਿੰਘ ਤੇ ਸਤਵੰਤ ਸਿੰਘ ਮੋਹੀ ਦੇ ਨਾਂਅ ਚਰਚਾ ਵਿਚ ਹਨ, ਜਦੋਂ ਕਿ ਹਰਿੰਦਰ ਸਿੰਘ ਖਾਲਸਾ ਜੋ ਇਥੋਂ ਮੌਜੂਦਾ ਸੰਸਦ ਮੈਂਬਰ ਹਨ, ਦੇ ਭਾਜਪਾ ਵਿਚ ਸ਼ਾਮਿਲ ਹੋਣ 'ਤੇ ਉਨ੍ਹਾਂ ਦੇ ਇਥੋਂ ਚੋਣ ਲੜਨ ਦੀ ਸੰਭਾਵਨਾ ਵੀ ਹੈ, ਜਿਸ ਦੀ ਉਹ ਖ਼ੁਦ ਪੁਸ਼ਟੀ ਵੀ ਕਰਦੇ ਹਨ।

**ਫ਼ਿਰੋਜ਼ਪੁਰ** : ਫ਼ਿਰੋਜ਼ਪੁਰ ਤੋਂ ਅਕਾਲੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਨਾਂਅ ਕਾਂਗਰਸ ਦੀ ਟਿਕਟ ਲਈ ਸਭ ਤੋਂ ਉੱਪਰ ਹੈ। ਪਰ ਰਾਣਾ ਗੁਰਮੀਤ ਸਿੰਘ ਸੋਢੀ ਤੇ ਭਾਈ ਰਾਹੁਲ ਸਿੰਘ ਦੇ ਨਾਵਾਂ ਦੀ ਵੀ ਚਰਚਾ ਹੈ, ਜਦੋਂ ਕਿ ਅਕਾਲੀ ਦਲ ਵਲੋਂ ਜੋਰਾ ਸਿੰਘ ਮਾਨ ਦੇ ਦੋਵਾਂ ਬੇਟਿਆਂ ਵਿਚੋਂ ਕਿਸੇ ਇਕ ਤੋਂ ਇਲਾਵਾ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਦੇ ਨਾਂਅ ਦੀ ਵੀ ਚਰਚਾ ਹੈ।

**ਗੁਰਦਾਸਪੁਰ** : ਗੁਰਦਾਸਪੁਰ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਇਥੋਂ ਹੀ ਸੰਸਦ ਮੈਂਬਰ ਸੁਨੀਲ ਜਾਖੜ ਦੇ ਹੀ ਕਾਂਗਰਸ ਉਮੀਦਵਾਰ ਬਣਨ ਦੇ ਆਸਾਰ ਹਨ। ਪਰ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਖ਼ੁਦ ਜਾਂ ਆਪਣੀ ਪਤਨੀ ਨੂੰ ਉਮੀਦਵਾਰ ਬਣਾਉਣ ਲਈ ਕਾਫੀ ਦਬਾਅ ਬਣਾ ਰਹੇ ਦੱਸੇ ਜਾਂਦੇ ਹਨ। ਭਾਜਪਾ ਵਲੋਂ ਇਥੋਂ ਪਹਿਲੇ ਨੰਬਰ 'ਤੇ ਅਦਾਕਾਰ ਅਕਸ਼ੈ ਖੰਨਾ ਦਾ ਨਾਂਅ ਹੈ ਪਰ ਰਾਕੇਸ਼ ਰਾਠੌੜ, ਸਵਰਨ ਸਲਾਰੀਆ ਤੇ ਕਵਿਤਾ ਖੰਨਾ ਦੇ ਨਾਂਅ ਵੀ ਚਰਚਾ ਵਿਚ ਹਨ।

**ਹੁਸ਼ਿਆਰਪੁਰ** : ਹੁਸ਼ਿਆਰਪੁਰ ਤੋਂ ਕਾਂਗਰਸ ਵਲੋਂ ਮਹਿੰਦਰ ਸਿੰਘ ਕੇਪੀ., ਯਾਮਿਨੀ ਗੋਮਰ ਅਤੇ ਸੰਤੋਸ਼ ਚੌਧਰੀ ਮੁੱਖ ਸੰਭਾਵਿਤ ਉਮੀਦਵਾਰ ਹਨ ਜਦੋਂ ਕਿ ਜੇਕਰ ਇਹ ਹਲਕਾ ਭਾਜਪਾ ਨੇ ਅਕਾਲੀ ਦਲ ਨਾਲ ਬਦਲ ਲਿਆ ਤਾਂ ਅਕਾਲੀ ਦਲ ਵਲੋਂ ਮਹਿੰਦਰ ਕੌਰ ਜੋਸ਼ ਤੇ ਸੋਹਣ ਸਿੰਘ ਠੰਡਲ ਦੇ ਨਾਂਅ ਸੁਣਾਈ ਦੇ ਰਹੇ ਹਨ। ਪਰ ਜੇ ਹਲਕਾ ਨਾ ਬਦਲਿਆ ਤਾਂ ਭਾਜਪਾ ਦੇ ਕੇਂਦਰੀ ਮੰਤਰੀ ਵਿਜੇ ਸਾਂਪਲਾ ਅਤੇ ਸੋਮ ਪ੍ਰਕਾਸ਼ ਵਿਚੋਂ ਕੋਈ ਇਕ ਉਮੀਦਵਾਰ ਹੋਵੇਗਾ।

**ਜਲੰਧਰ** : ਜਲੰਧਰ ਤੋਂ ਕਾਂਗਰਸ ਵਲੋਂ ਚੌਧਰੀ ਸੰਤੋਖ ਸਿੰਘ ਨੂੰ ਹੀ ਟਿਕਟ ਦਿੱਤੇ ਜਾਣ ਦੇ ਆਸਾਰ ਹਨ ਜਦੋਂ ਕਿ ਅਕਾਲੀ-ਭਾਜਪਾ ਵਿਚਕਾਰ ਸੀਟ ਬਦਲਣ 'ਤੇ ਭਾਜਪਾ ਵਲੋਂ ਵਿਜੇ ਸਾਂਪਲਾ ਇਥੋਂ ਉਮੀਦਵਾਰ ਹੋ ਸਕਦੇ ਹਨ ਪਰ ਜੇ ਸੀਟ ਅਕਾਲੀ ਦਲ ਕੋਲ ਹੀ ਰਹੀ ਤਾਂ ਚਰਨਜੀਤ ਸਿੰਘ ਅਟਵਾਲ, ਪਵਨ ਟੀਨੂੰ ਅਤੇ ਬਲਦੇਵ ਸਿੰਘ ਖਹਿਰਾ ਪ੍ਰਮੁੱਖ ਦਾਅਵੇਦਾਰ ਹਨ।

**ਲੁਧਿਆਣਾ** : ਲੁਧਿਆਣਾ ਵਿਚ ਕਾਂਗਰਸ ਟਿਕਟ ਤਾਂ ਰਵਨੀਤ ਸਿੰਘ ਬਿੱਟੂ ਦੀ ਪੱਕੀ ਸਮਝੀ ਜਾ ਰਹੀ ਹੈ ਪਰ ਜੇਕਰ ਇਹ ਸੀਟ ਅਕਾਲੀ-ਭਾਜਪਾ ਆਪਸ ਵਿਚ ਬਦਲ ਲੈਂਦੇ ਹਨ ਤਾਂ ਭਾਜਪਾ ਇਥੋਂ ਵਕੀਲ ਐਚ.ਐਸ. ਫੂਲਕਾ ਨੂੰ ਲੜਾਉਣਾ ਚਾਹੁੰਦੀ ਹੈ। ਭਾਜਪਾ ਉਨ੍ਹਾਂ ਨੂੰ ਬਕਾਇਦਾ ਸ਼ਾਮਿਲ ਹੋਣ ਲਈ ਕਹਿ ਵੀ ਚੁੱਕੀ ਹੈ ਪਰ ਜੇ ਗੱਲ ਸਿਰੇ ਨਹੀਂ ਚੜ੍ਹਦੀ ਤਾਂ ਇਥੋਂ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨਾਂ ਵਿਚੋਂ ਇਕ ਅਜਿਹੇ ਪ੍ਰਧਾਨ ਨੂੰ ਖੜ੍ਹਾ ਕੀਤਾ ਜਾ ਸਕਦਾ ਹੈ ਜੋ ਭਾਜਪਾ ਵਿਚ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦਾ ਮੁੱਦਈ ਮੰਨਿਆ ਜਾਂਦਾ ਹੈ। ਪਰ ਜੇਕਰ ਸੀਟ ਅਕਾਲੀ ਦਲ ਕੋਲ ਹੀ ਰਹੀ ਤਾਂ ਇਥੋਂ ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ ਅਤੇ ਸ਼ਰਨਜੀਤ ਸਿੰਘ ਢਿੱਲੋਂ ਵਿਚੋਂ ਕਿਸੇ ਇਕ ਨੂੰ ਅੱਗੇ ਕੀਤੇ ਜਾਣ ਦੇ ਵਧੇਰੇ ਆਸਾਰ ਹਨ। ਉਂਜ ਜੇ ਇਨ੍ਹਾਂ ਵਿਚੋਂ ਕੋਈ ਨਾ ਮੰਨਿਆ ਤਾਂ ਫਿਰ ਗੁਣਾ ਮਨਪ੍ਰੀਤ ਸਿੰਘ ਇਆਲੀ 'ਤੇ ਵੀ ਪੈ ਸਕਦਾ ਹੈ।

**ਖਡੂਰ ਸਾਹਿਬ** : ਖਡੂਰ ਸਾਹਿਬ ਹਲਕੇ ਤੋਂ ਕਾਂਗਰਸ ਟਿਕਟ ਦੇ ਬਹੁਤ ਸਾਰੇ ਦਾਅਵੇਦਾਰ ਹਨ। ਇਨ੍ਹਾਂ ਵਿਚ ਇੰਦਰਜੀਤ ਸਿੰਘ ਜ਼ੀਰਾ, ਗੁਰਚੇਤ ਸਿੰਘ ਭੁੱਲਰ, ਉਨ੍ਹਾਂ ਦਾ ਬੇਟਾ ਅਨੂਪ ਸਿੰਘ ਭੁੱਲਰ, ਪਰਮਜੀਤ ਸਿੰਘ ਸਿੱਕੀ, ਜਸਵੀਰ ਸਿੰਘ ਡਿੰਪਾ ਤੇ ਹਰਮਿੰਦਰ ਸਿੰਘ ਗਿੱਲ ਆਦਿ ਸ਼ਾਮਿਲ ਹਨ, ਜਦੋਂ ਕਿ ਅਕਾਲੀ ਦਲ ਵਲੋਂ ਸੱਜਣ ਕੁਮਾਰ ਨੂੰ ਸਿੱਖ ਕਤਲੇਆਮ ਦੇ ਦੋਸ਼ੀ ਵਜੋਂ ਸਜ਼ਾ ਦੁਆਉਣ ਵਾਲੇ ਕੇਸ ਵਿਚ ਆਪਣੀ ਗਵਾਹੀ ਤੇ ਅੜੀ ਰਹਿਣ ਵਾਲੀ ਜਗਦੀਸ਼ ਕੌਰ ਨੂੰ ਖੜ੍ਹਾ ਕਰਨ ਬਾਰੇ ਸੋਚਿਆ ਜਾ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਵਿਰਸਾ ਸਿੰਘ ਵਲਟੋਹਾ ਤੇ ਹਰੀ ਸਿੰਘ ਜ਼ੀਰਾ ਦੇ ਨਾਂਅ ਵੀ ਕਾਫੀ ਚਰਚਾ ਵਿਚ ਹਨ।

**ਪਟਿਆਲਾ** : ਪਟਿਆਲਾ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਦੇ ਹੀ ਕਾਂਗਰਸੀ ਉਮੀਦਵਾਰ ਹੋਣ ਦੀ ਆਸ ਹੈ, ਜਦੋਂ ਕਿ ਅਕਾਲੀ ਦਲ ਵਲੋਂ ਇਥੋਂ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਚੋਣ ਲੜ ਸਕਦੇ ਹਨ।

**ਸੰਗਰੂਰ** : ਸੰਗਰੂਰ ਤੋਂ ਕਾਂਗਰਸ ਟਿਕਟ ਲਈ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਤੋਂ ਇਲਾਵਾ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ ਨੂੰ ਖ਼ੁਦ ਜਾਂ ਉਨ੍ਹਾਂ ਦੀ ਪਤਨੀ ਨੂੰ ਉਮੀਦਵਾਰ ਬਣਾਏ ਜਾਣ ਦੀ ਗੱਲ ਵੀ ਚੱਲ ਰਹੀ ਹੈ ਪਰ ਇਨ੍ਹਾਂ ਦੋਵਾਂ ਤੋਂ ਮਜ਼ਬੂਤ ਦਾਅਵੇਦਾਰ ਕੇਵਲ ਸਿੰਘ ਢਿੱਲੋਂ ਨੂੰ ਮੰਨਿਆ ਜਾ ਰਿਹਾ ਹੈ, ਜਦੋਂ ਕਿ ਅਕਾਲੀ ਦਲ ਵਲੋਂ ਇਥੋਂ ਬਾਗੀ ਸਮਝੇ ਜਾਂਦੇ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਬੇਟੇ ਪਰਮਿੰਦਰ ਸਿੰਘ ਢੀਂਡਸਾ ਜਾਂ ਉਨ੍ਹਾਂ ਦੀ ਪਤਨੀ ਨੂੰ ਉਮੀਦਵਾਰ ਬਣਨ ਲਈ ਮਨਾਇਆ ਜਾ ਰਿਹਾ ਹੈ ਪਰ ਜੇਕਰ ਉਹ ਨਾ ਮੰਨੇ ਤਾਂ ਗੱਲ ਬਰਨਾਲਾ ਪਰਿਵਾਰ ਜਾਂ ਬਲਦੇਵ ਸਿੰਘ ਮਾਨ ਤੱਕ ਵੀ ਜਾ ਸਕਦੀ ਹੈ। ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਸਿਟਿੰਗ ਐਮਪੀ ਭਗਵੰਤ ਮਾਨ ਹੀ ਮੁੜ ਤੋਂ ਉਮੀਦਵਾਰ ਹਨ।

# ਕਾਂਗਰਸੀ ਸਰਪੰਚ ਤੇ ਸਾਥੀਆਂ 'ਤੇ ਅੰਮ੍ਰਿਤਧਾਰੀ ਸਿੱਖ ਦੀ ਜਬਰੀ ਦਾੜ੍ਹੀ ਮੁੰਨਣ ਦਾ ਦੋਸ਼

**ਬਟਾਲਾ/ਏਟੀ ਨਿਊਜ਼ :**
ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਸਿੰਘਪੁਰਾ 'ਚ ਇਕ ਗ਼ਰੀਬ ਅੰਮ੍ਰਿਤਧਾਰੀ ਸਿੱਖ ਦੀ ਦਾੜ੍ਹੀ ਪਿੰਡ ਦੇ ਹੀ ਕਾਂਗਰਸੀ ਸਰਪੰਚ ਤੇ ਉਸ ਦੇ ਕਰੀਬੀਆਂ ਵੱਲੋਂ ਕਥਿਤ ਤੌਰ 'ਤੇ ਮੁੰਨ ਦਿੱਤੇ ਜਾਣ ਦੀ ਖਬਰ ਹੈ। ਥਾਣਾ ਡੇਰਾ ਬਾਬਾ ਨਾਨਕ ਪੁਲੀਸ ਨੇ ਤਿੰਨ ਆਦਮੀਆਂ ਖ਼ਿਲਾਫ਼ ਧਾਰਾ 295-ਏ ਸਮੇਤ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਐਸਜੀਪੀਸੀ ਦੇ ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਨੇ ਕਿਹਾ ਕਿ ਇਸ ਘਿਨੌਣੀ ਹਰਕਤ ਲਈ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇ। ਪਿੰਡ ਸਿੰਘਪੁਰਾ ਦੇ ਪੀੜਤ ਧਰਮ ਸਿੰਘ ਨੇ ਦੱਸਿਆ ਕਿ ਉਹ ਤੜਕਸਾਰ ਗੁਰਦੁਆਰੇ ਤੋਂ ਪਾਠ ਕਰਕੇ ਆ ਰਿਹਾ ਸੀ ਤਾਂ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਕੋਲ ਘਰ ਨੂੰ ਜਾਣ ਸਮੇਂ ਪਿੰਡ ਦੇ ਚਰਨਜੀਤ ਸਿੰਘ ਨੇ ਪਹਿਲਾਂ ਲਲਕਾਰਾ ਮਾਰਿਆ ਤੇ ਫਿਰ ਕਿਹਾ ਕਿ ਇਸ ਨੂੰ ਫੜ ਲਵੋ। ਜਸਬੀਰ ਸਿੰਘ ਤੇ ਹੋਰਾਂ ਨੇ ਉਸ ਨੂੰ ਕਾਬੂ ਕਰ ਲਿਆ ਅਤੇ ਸਤਨਾਮ ਸਿੰਘ ਨੇ ਆਪਣੀ ਜੇਬ੍ਹ ਵਿੱਚੋਂ



ਕੈਂਚੀ ਕੱਢੀ ਤੇ ਉਸ ਦੀ ਦਾੜ੍ਹੀ ਕੱਟ ਦਿੱਤੀ। ਉਸ ਨੇ ਮੁਲਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

ਇਸ ਸਬੰਧੀ ਐਸਐਚਓ ਸੁਖਰਾਜ ਸਿੰਘ ਨੇ ਦੱਸਿਆ ਕਿ ਪਿੰਡ ਸਿੰਘਪੁਰਾ ਦੇ ਚਰਨਜੀਤ ਸਿੰਘ ਅਤੇ ਜਸਬੀਰ ਸਿੰਘ (ਦੋਵੇਂ ਪਿਉ ਪੁੱਤਰ), ਜਸਬੀਰ ਸਿੰਘ ਖ਼ਿਲਾਫ਼ ਧਾਰਾ 295-ਏ ਅਤੇ 34 ਆਈਪੀਸੀ ਤਹਿਤ ਮਾਮਲਾ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਪੁਲੀਸ ਟੀਮ ਭੇਜੀ ਗਈ ਹੈ। ਪੰਜਾਬੀ ਏਕਤਾ ਪਾਰਟੀ ਦੇ ਸੂਬਾਈ ਆਗੂ ਗੁਰਪ੍ਰਤਾਪ ਸਿੰਘ ਖ਼ੁਸ਼ਹਾਲਪੁਰ ਨੇ ਪੀੜਤ ਦੇ ਘਰ ਜਾ ਕੇ ਅਫਸੋਸ ਜਤਾਇਆ ਅਤੇ ਕਿਹਾ ਕਿ ਪਿੰਡ ਦਾ ਮੁਖੀ (ਸਰਪੰਚ) ਅਜਿਹਾ ਕੰਮ ਕਰੇ ਤਾਂ ਹੋਰ ਵੀ ਦੁੱਖ ਦੀ ਗੱਲ ਹੈ।

# ਮਿਸ਼ਨ- 2019 : ਪੰਜਾਬ ਵਿਚ ਫਿਲਹਾਲ ਕਾਂਗਰਸ ਦਾ ਪੱਲੜਾ ਭਾਰੂ

- 13 ਵਿਚੋਂ 12 ਸੀਟਾਂ ਲਿਜਾ ਸਕਦੀ ਹੈ ਕਾਂਗਰਸ - ਚੋਣ ਵਿਸ਼ਲੇਸ਼ਣ
- ਪੰਥ ਦੀ ਨਰਾਜ਼ਗੀ ਕਾਰਨ ਬਾਦਲ ਦਲ ਦੀ ਹੋਂਦ ਨੂੰ ਖਤਰਾ
- 'ਆਪ' ਦਾ ਹਾਲਾਂ ਕਿਸੇ ਨਾਲ ਨਹੀਂ ਹੋਇਆ ਗੱਠਜੋੜ
- ਤੀਸਰੀ ਧਿਰ ਵਾਲੇ ਮਹਾਂਗੱਠਜੋੜ 'ਚ ਸੀਟਾਂ ਦੀ ਵੰਡ ਦਾ ਰੱਫੜ

**ਵਿਸ਼ੇਸ਼ ਰਿਪੋਰਟ/ਰਜਿੰਦਰ ਸਿੰਘ**




ਪੰਜਾਬ ਵਿਚ ਲੋਕ ਸਭਾ ਚੋਣਾਂ ਬਹੁਤ ਦਿਲਚਸਪ ਹੋਣਗੀਆਂ। ਹੁਣੇ ਜਿਹੇ ਕੀਤੇ ਗਏ ਚੋਣ ਵਿਸ਼ਲੇਸ਼ਣਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਕਾਂਗਰਸ ਦਾ ਪੱਲੜਾ ਭਾਰੂ ਹੈ ਤੇ ਉਹ 13 ਵਿਚੋਂ 12 ਸੀਟਾਂ ਲਿਜਾ ਸਕਦੀ ਹੈ। ਭਾਵੇਂ ਹਾਲਾਂ ਇਹ ਗੱਲ ਕਹਿਣਾ ਵਕਤ ਤੋਂ ਪਹਿਲਾਂ ਦੀ ਗੱਲ ਹੈ ਪਰ ਕਾਂਗਰਸ ਇਸ ਸਮੇਂ ਪੰਜਾਬ ਵਿਚ ਸਭ ਤੋਂ ਮਜ਼ਬੂਤ ਧਿਰ ਹੈ। ਇਸ ਪਿੱਛੇ ਕਾਰਨ ਹੈ ਕਿ ਅਕਾਲੀ-ਭਾਜਪਾ ਗੱਠਜੋੜ ਬਹੁਤ ਜ਼ਿਆਦਾ ਕਮਜ਼ੋਰ ਹੋ ਚੁੱਕਾ ਹੈ ਤੇ ਪੰਜਾਬੀਆਂ ਵਿਚੋਂ ਉਨ੍ਹਾਂ ਦੀਆਂ ਜੜ੍ਹਾਂ ਹਿੱਲ ਚੁੱਕੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਸੌਦਾ ਸਾਧ ਨਾਲ ਨਜ਼ਦੀਕੀਆਂ ਜ਼ਾਹਰ ਹੋਣ ਅਤੇ ਬਹਿਬਲ ਕੋਟਕਪੂਰਾ ਗੋਲੀ ਕਾਂਡ ਬਾਅਦ ਪੰਥਕ ਹਲਕਿਆਂ ਵਿਚ ਬਾਦਲ ਦਲ ਦੀ ਹੋਂਦ ਖਤਮ ਹੋਣ ਦਾ ਖਤਰਾ ਖੜ੍ਹਾ ਹੋ ਗਿਆ ਹੈ। ਬਾਦਲ ਅਕਾਲੀ ਦਲ ਦਾ ਕੇਡਰ ਨਿਰਾਸ਼ਾ ਵਿਚ ਹੈ, ਉਹ ਹਾਲਾਂ ਤਕ ਸਥਿਤੀ ਨੂੰ ਸਮਝ ਹੀ ਨਹੀਂ ਸਕਿਆ।

ਉਧਰ ਭਾਜਪਾ ਨੇ ਵੀ ਬਾਦਲ ਅਕਾਲੀ ਦਲ ਨੂੰ ਅੱਖਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਦੋਵੇਂ ਬਾਦਲਾਂ ਨੂੰ ਭਰੋਸੇ ਵਿੱਚ ਲੈਣ ਤੋਂ ਬਿਨਾਂ ਹੀ ਕੇਂਦਰੀ ਭਾਜਪਾ ਲੀਡਰਸ਼ਿਪ ਨੇ ਅਕਾਲੀ ਦਲ ਤੋਂ ਨਾਰਾਜ਼ ਹੋਏ ਬੈਠੇ ਸੁਖਦੇਵ ਸਿੰਘ ਢੀਂਡਸਾ ਨੂੰ ਪਦਮ ਭੂਸ਼ਣ ਤੇ ਵਕੀਲ ਐੱਚ ਐੱਸ ਫੂਲਕਾ ਨੂੰ ਵੀ ਪਦਮਸ੍ਰੀ ਦਿਵਾ ਕੇ ਅਕਾਲੀ ਲੀਡਰਸ਼ਿਪ ਨੂੰ ਚੈਲਿੰਜ ਕਰ ਦਿੱਤਾ ਹੈ। ਇਸੇ ਦੌਰਾਨ ਇਹ ਖ਼ਬਰ ਵੀ ਆਈ ਸੀ ਕਿ ਭਾਜਪਾ ਲੁਧਿਆਣੇ ਜਾਂ ਕਿਸੇ ਹੋਰ ਢੁਕਵੀਂ ਸੀਟ ਤੋਂ ਵਕੀਲ ਐੱਚ ਐੱਸ ਫੂਲਕਾ ਨੂੰ ਟਿਕਟ ਦੇ ਸਕਦੀ ਹੈ, ਜੋ ਸਿੱਧਾ ਸੰਦੇਸ਼ ਹੈ ਕਿ ਭਾਜਪਾ ਵਾਲੇ ਹੁਣ ਬਾਦਲ ਦਲ ਤੋਂ ਵੱਖਰਾ ਰਾਹ ਵੀ ਚੁਣ ਸਕਦੇ ਹਨ। ਖ਼ਬਰਾਂ ਅਨੁਸਾਰ ਭਾਜਪਾ ਨਵੀਂ ਪੰਥਕ ਧਿਰ ਤੇ ਨਵੇਂ ਅਕਾਲੀ ਲੱਭ ਰਹੀ ਹੈ ਤਾਂ ਜੋ ਉਨ੍ਹਾਂ ਨਾਲ ਗੱਠਜੋੜ ਕਰਕੇ ਪੰਜਾਬ ਵਿਚ ਆਪਣੀ ਹੋਂਦ ਬਰਕਰਾਰ ਰੱਖੀ ਜਾ ਸਕੇ। ਇਹੀ ਕਾਰਨ ਹੈ ਕਿ ਟਕਸਾਲੀ ਅਕਾਲੀ ਦਲ, ਸੁਖਦੇਵ ਸਿੰਘ ਢੀਂਡਸਾ ਤੇ ਬੈਂਸ ਭਰਾਵਾਂ ਬਾਰੇ ਭਾਜਪਾ ਨਾਲ ਗੱਲਬਾਤ ਦੀਆਂ ਅਫ਼ਵਾਹਾਂ ਦਾ ਦੌਰ ਮੀਡੀਆ ਵਿਚ ਨਿਰੰਤਰ ਚੱਲ ਰਿਹਾ ਹੈ। ਸੁਖਦੇਵ ਸਿੰਘ ਢੀਂਡਸਾ ਨੂੰ ਪੰਜਾਬੀ ਪਿਛਲੇ ਸਾਢੇ ਚਾਰ ਦਹਾਕਿਆਂ ਤੋਂ ਪ੍ਰਕਾਸ਼ ਸਿੰਘ ਬਾਦਲ ਦੀ ਸੱਜੀ ਬਾਂਹ ਦੇ ਰੂਪ ਵਿੱਚ ਵੇਖਦੇ ਆਏ ਸਨ। ਉਹ ਹੁਣ ਚੁੱਪ ਨਹੀਂ, ਬਾਦਲ ਅਕਾਲੀ ਦਲ ਦੀਆਂ ਪਾਲਿਸੀਆਂ 'ਤੇ ਅਟੈਕ ਕਰ ਰਹੇ ਹਨ ਤੇ ਸੁਖਬੀਰ ਬਾਦਲ ਨੂੰ ਦੋਸ਼ੀ ਠਹਿਰਾ ਰਹੇ ਹਨ। ਬਾਦਲ ਅਕਾਲੀ ਦਲ ਇਸ ਸਮੇਂ ਬੁਰੀ ਤਰ੍ਹਾਂ ਘਬਰਾਇਆ ਹੋਇਆ ਹੈ। ਇਕ ਪਾਸੇ ਉਸ ਨੇ ਭਾਜਪਾ ਵਿਰੁੱਧ ਮੁਹਿਮ ਵਿੱਢ ਦਿੱਤੀ ਕਿ ਉਹ ਗੁਰਦੁਆਰਿਆਂ ਵਿਚ ਦਖਲਅੰਦਾਜ਼ੀ ਕਰ ਰਹੀ ਹੈ ਤੇ ਦੂਸਰੇ ਪਾਸੇ ਜਲਦ ਹੀ ਸਮਝੌਤਾ ਵੀ ਕਰ ਲਿਆ। ਇਸ ਤੋਂ ਸਾਫ਼ ਜਾਹਿਰ ਹੈ ਕਿ ਅਕਾਲੀ ਦਲ ਦਾ ਸਟੈਂਡ ਮਜ਼ਬੂਤ ਨਹੀਂ ਤੇ ਉਹ ਆਪਣਾ ਭਵਿੱਖ ਹਾਲੇ ਵੀ ਭਾਜਪਾ ਵਿਚੋਂ ਦੇਖ ਰਿਹਾ ਹੈ। ਸਿਆਸੀ ਪੰਡਿਤਾਂ ਦਾ ਮੰਨਣਾ ਹੈ ਕਿ ਜੇਕਰ ਅਕਾਲੀ ਦਲ ਫੈਡਰਲ ਢਾਂਚੇ 'ਤੇ ਪਹਿਰਾ ਦਿੰਦਿਆਂ ਆਪਣਾ ਪੰਥਕ ਅਧਾਰ ਮਜ਼ਬੂਤ ਕਰਦਿਆਂ ਪੰਜਾਬੀ ਭਾਈਚਾਰੇ ਦੀ ਏਕਤਾ ਬਣਾ ਕੇ ਆਪਣੀ ਰਾਜਨੀਤੀ ਸਿਰਜੀ ਰੱਖਦਾ ਤਾਂ ਉਸ ਨੂੰ ਇਹ ਨੁਕਸਾਨ ਨਹੀਂ ਸੀ ਹੋਣਾ। ਉਸ ਦੇ ਨੁਕਸਾਨ ਦਾ ਇਕ ਹੋਰ ਵੱਡਾ ਕਾਰਨ ਸ਼੍ਰੋਮਣੀ ਕਮੇਟੀ ਵਿਚ ਭ੍ਰਿਸ਼ਟਾਚਾਰ ਤੇ ਸਿਆਸੀ ਦਖਲਅੰਦਾਜ਼ੀ ਹੈ। ਸਮੁੱਚੇ ਹਾਲਾਤ ਅਕਾਲੀ ਦਲ ਦੇ ਲਈ ਯੋਗ ਨਹੀਂ ਹਨ। ਉਸ ਨੂੰ ਆਪਣੀ ਸਥਿਤੀ ਨੂੰ ਸੰਭਾਲਣ ਦੇ ਲਈ ਨਵੀਂ ਲੀਡਰਸ਼ਿਪ ਉਭਾਰਨੀ ਪਵੇਗੀ ਜੋ ਪੰਥ ਤੇ ਪੰਜਾਬ ਨੂੰ ਸਮਰਪਿਤ ਹੋਵੇ। ਬਰਗਾੜੀ ਮੋਰਚੇ ਵਾਲੀ ਪੰਥਕ ਲੀਡਰਸ਼ਿਪ ਵੀ ਲੋਕ ਸਭਾ ਚੋਣਾਂ ਦੌਰਾਨ ਆਪਣਾ ਝੰਡਾ ਗੱਡ ਰਹੀ ਹੈ ਤੇ ਤੀਸਰੀ ਧਿਰ ਵਜੋਂ ਮਹਾਂਗਠਜੋੜ ਵੀ ਸਰਗਰਮ ਹੈ। 'ਆਪ' ਦਾ ਕਿਸੇ ਨਾਲ ਗੱਠਜੋੜ ਨਹੀਂ ਹੋਇਆ। ਇਸ ਮਾਮਲੇ ਵਿਚ ਉਹ ਕਾਫੀ ਪਛੜ ਰਹੀ ਹੈ। 'ਆਪ' ਦਾ ਰਾਜਨੀਤਕ ਢਾਂਚਾ ਪੰਜਾਬ ਵਿਚ ਡਗਮਗਾ ਰਿਹਾ ਹੈ। ਕੁੱਲ ਮਿਲਾ ਕੇ ਇਹ ਸਾਰੀਆਂ ਸਥਿਤੀਆਂ ਕਾਂਗਰਸ ਲਈ ਲਾਭਦਾਇਕ ਹਨ।

# ਇਸ ਵਾਰ ਸੁਖਾਲ਼ੀ ਨਹੀਂ ਹੋਵੇਗੀ ਹਰਸਿਮਰਤ ਕੌਰ ਬਾਦਲ ਲਈ ਜਿੱਤ

## *ਸਾਲ 2014 ਦੀਆਂ ਚੋਣਾਂ ਦੌਰਾਨ ਬੀਬਾ ਬਾਦਲ ਨੇ ਆਪਣੇ ਜੇਠ ਮਨਪ੍ਰੀਤ ਬਾਦਲ ਨੂੰ 19,395 ਵੋਟਾਂ ਦੇ .ਫਰਕ ਨਾਲ ਹਰਾਇਆ ਸੀ*

**ਬਠਿੰਡਾ/ਸੁਰਿੰਦਰਪਾਲ ਸਿੰਘ ਗੋਲਡੀ**

ਪੰਜਾਬ ਦੇ ਮਾਲਵਾ ਖ਼ਿੱਤੇ ਦੇ ਸਭ ਤੋਂ ਵੱਧ ਚਰਚਿਤ ਐੱਮਪੀ ਹਰਸਿਮਰਤ ਕੌਰ ਬਾਦਲ ਹਨ। ਉਹ ਕਿਉਂਕਿ ਕੇਂਦਰੀ ਫ਼ੂਡ ਪ੍ਰਾਸੈਸਿੰਗ ਮੰਤਰੀ ਵੀ ਹਨ, ਇਸ ਲਈ ਉਹ ਲਗਭਗ ਹਰ ਵੇਲੇ ਖ਼ਬਰਾਂ ਵਿਚ ਬਣੇ ਹੀ ਰਹਿੰਦੇ ਹਨ। ਬਠਿੰਡਾ ਲੋਕ ਸਭਾ ਹਲਕੇ ਵਿੱਚ 83% ਆਬਾਦੀ ਪਿੰਡਾਂ ਵਿੱਚ ਵੱਸਦੀ ਹੈ। ਇਸ ਹਲਕੇ ਵਿੱਚ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਲੰਬੀ ਬਲਾਕ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੇ ਭੁੱਚੋ, ਮੌੜ ਤੇ ਤਲਵੰਡੀ ਸਾਬੋ ਬਲਾਕ ਅਤੇ ਸਮੁੱਚਾ ਮਾਨਸਾ ਜ਼ਿਲ੍ਹਾ ਆਉਂਦੇ ਹਨ। ਸਾਲ 2014 ਦੀਆਂ ਚੋਣਾਂ ਦੌਰਾਨ ਬੀਬਾ ਹਰਸਿਮਰਤ ਕੌਰ ਬਾਦਲ ਨੇ ਆਪਣੇ ਜੇਠ ਮਨਪ੍ਰੀਤ ਬਾਦਲ ਨੂੰ 19,395 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਉਸ ਤੋਂ ਪਹਿਲਾਂ ਸਾਲ 2009 ਦੌਰਾਨ ਵੀ ਉਨ੍ਹਾਂ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਤੇ ਕਾਂਗਰਸੀ ਉਮੀਦਵਾਰ ਰਣਇੰਦਰ ਸਿੰਘ ਨੂੰ 1.2 ਲੱਖ ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ।

47 ਸਾਲਾ ਹਰਸਿਮਰਤ ਕੌਰ ਬਾਦਲ ਗ੍ਰੈਜੂਏਟ ਹਨ। ਪਿੱਛੇ ਜਿਹੇ ਜਦੋਂ ਪਾਕਿਸਤਾਨ ਵਿਚ ਕਰਤਾਰਪੁਰ ਸਾਹਿਬ ਵਿਖੇ ਲਾਂਘੇ ਦਾ ਉਦਘਾਟਨ ਕੀਤਾ ਗਿਆ ਸੀ, ਤਦ ਉਹ ਭਾਰਤ ਸਰਕਾਰ ਦੇ ਨੁਮਾਇੰਦੇ ਬਣ ਕੇ ਉੱਥੇ ਗਏ ਸਨ। ਉਨ੍ਹਾਂ ਨੇ ਸੰਸਦ ਵਿੱਚ ਕਿੰਨੀਆਂ ਹਾਜ਼ਰੀਆਂ ਭਰੀਆਂ, ਇਸ ਬਾਰੇ ਕੋਈ ਅੰਕੜਾ ਉਪਲਬਧ ਨਹੀਂ ਹੈ ਕਿਉਂਕਿ ਕੇਂਦਰੀ ਮੰਤਰੀਆਂ ਨੂੰ ਹਾਜ਼ਰੀ-ਰਜਿਸਟਰ ਉੱਤੇ ਦਸਤਖ਼ਤ ਕਰਨ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਉਂਝ ਉਹ ਕਿਸਾਨਾਂ ਨੂੰ ਫ਼ਸਲਾਂ ਦੇ ਨੁਕਸਾਨ ਬਦਲੇ ਮੁਆਵਜ਼ਾ ਦੇਣ, ਸਮੁੱਚੇ ਵਿਸ਼ਵ ਵਿੱਚ ਦਸਤਾਰਧਾਰੀ ਸਿੱਖਾਂ ਦੇ ਅਪਮਾਨ, ਪਾਕਿਸਤਾਨ ਵਿੱਚ ਘੱਟ-ਗਿਣਤੀਆਂ ਦੇ ਅਧਿਕਾਰਾਂ, ਅਨੰਦ ਮੈਰਿਜ ਐਕਟ ਅਤੇ ਖ਼ੁਰਾਕ ਸੁਰੱਖਿਆ ਬਿਲ ਜਿਹੇ ਮੁੱਦਿਆਂ ਉੱਤੇ ਹੋਈਆਂ ਬਹਿਸਾਂ ਵਿੱਚ ਭਾਗ ਲੈ ਚੁੱਕੇ ਹਨ।

ਜੇ ਬੀਬਾ ਹਰਸਿਮਰਤ ਕੌਰ ਬਾਦਲ ਹੁਰਾਂ ਦੀ ਆਪਣੇ ਹਲਕੇ ਵਿੱਚ ਪਿਛਲੇ ਪੰਜ ਵਰ੍ਹਿਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨਾ ਹੋਵੇ, ਤਾਂ ਸਭ ਤੋਂ ਪਹਿਲਾਂ ਇਹੋ ਆਖਣਾ ਹੋਵੇਗਾ ਕਿ ਉਹ ਬਠਿੰਡਾ ਸ਼ਹਿਰ ਨੂੰ ਛੱਡ ਕੇ ਆਪਣੇ ਹਲਕੇ ਦੇ ਦਿਹਾਤੀ ਇਲਾਕਿਆਂ ਵਿੱਚ ਬਹੁਤ ਘੱਟ ਗਏ ਹਨ। ਇਸ ਵਾਰ ਉਨ੍ਹਾਂ ਨੂੰ ਪਿਛਲੀ ਬਾਦਲ ਸਰਕਾਰ ਵਿਰੋਧੀ ਹਵਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਉਸ ਸਰਕਾਰ ਨੇ ਸਾਲ 2015 ਦੌਰਾਨ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨਾਲ ਨਿਪਟਣ ਵਿੱਚ ਕੋਈ ਖ਼ਾਸ ਮੁਸਤੈਦੀ

### ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਪੰਥਕ ਰੋਸ ਕਾਰਨ ਬੀਬੀ ਬਾਦਲ ਨੂੰ ਮੁਸ਼ਕਿਲਾਂ

ਨਹੀਂ ਵਿਖਾਈ ਸੀ। ਹਰਸਿਮਰਤ ਕੌਰ ਬਾਦਲ ਨੂੰ ਵੀ ਪਤੈ ਕਿ ਐਤਕੀਂ ਬਠਿੰਡਾ ਵਿਚ ਜਿੱਤ ਸੁਖਾਲ਼ੀ ਨਹੀਂ।

ਇਹ ਅਹਿਸਾਸ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਖ਼ੁਦ ਵੀ ਹੈ ਕਿਉਂਕਿ ਪਿੱਛੇ ਜਿਹੇ ਜਦੋਂ ਉਹ ਮਾਨਸਾ ਜ਼ਿਲ੍ਹੇ ਦੇ ਪਿੰਡ ਰਿਓਂਦ ਗਏ ਸਨ, ਤਾਂ ਉਨ੍ਹਾਂ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਸੀ,'ਤੁਸੀਂ ਤਾਂ ਮੈਨੂੰ ਬੁਲਾਉਣਾ ਨਹੀਂ, ਮੈਂ ਸੋਚਿਆ ਮੈਂ ਆਪ ਹੀ ਚੱਲ ਕੇ ਤੁਹਾਡੇ ਕੋਲ ਆ ਜਾਵਾਂ।' ਬੀਬਾ ਬਾਦਲ ਇਨ੍ਹਾਂ ਪਿੰਡਾਂ ਵਿੱਚ ਸਿਲਾਈ ਮਸ਼ੀਨਾਂ ਤੇ ਚੈੱਕ ਵੰਡਣ ਲਈ ਗਏ ਸਨ।



ਇੱਕ ਪਿੰਡ ਦੇ ਸ਼੍ਰੋਮਣੀ ਅਕਾਲੀ ਦਲ ਦੇ ਸਰਪੰਚ ਨੇ ਆਪਣਾ ਨਾਂਅ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਦੱਸਿਆ,'ਬੀਬੀ ਜੀ ਦੋ ਵਾਰੀ ਆਏ ਬਸ ਇੱਥੇ, ਇੱਕ ਵਾਰ ਸਾਲ 2014 ਵਿੱਚ ਆਪਣੇ ਲਈ ਤੇ ਦੂਜੀ ਵਾਰ ਵਿਧਾਨ ਸਭਾ ਚੋਣਾਂ ਦੇ ਟਾਈਮ। ਉਨ੍ਹਾਂ ਦਾ ਆਪਣੇ ਹੀ ਹਲਕੇ ਵਿਚੋਂ ਗ਼ੈਰ-ਹਾਜ਼ਰ ਰਹਿਣਾ ਇਸ ਵੇਲੇ ਬੁਢਲਾਡਾ ਤੇ ਸਰਦੂਲਗੜ੍ਹ ਜਿਹੇ ਪਿੰਡਾਂ ਅਤੇ ਕਸਬਿਆਂ ਵਿੱਚ ਪਾਰਟੀ ਕਾਡਰ ਲਈ ਇੱਕ ਵੱਡੀ ਚੁਣੌਤੀ ਹੈ।'

ਬੀਬਾ ਹਰਸਿਮਰਤ ਕੌਰ ਬਾਦਲ ਨੂੰ ਇਹ ਪਤਾ ਹੈ ਕਿ ਉਨ੍ਹਾਂ ਲਈ ਐਤਕੀਂ ਜਿੱਤ ਇੰਨੀ ਆਸਾਨ ਨਹੀਂ ਹੋਵੇਗੀ। ਉਂਝ ਹਾਲੇ ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਹੈ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਇਸ ਹਲਕੇ ਵਿਚ ਸਿਰਫ਼ ਦੋ ਵਿਧਾਨ ਸਭਾ ਸੀਟਾਂ ਜਿੱਤ ਸਕਿਆ ਸੀ; ਜਦ ਕਿ ਇਸ ਹਲਕੇ ਵਿੱਚ ਨੌਂ ਵਿਧਾਨ ਸਭਾ ਸੀਟਾਂ ਆਉਂਦੀਆਂ ਹਨ। ਇੱਕ ਤਾਂ ਪਿੰਡਾਂ ਦੇ ਲੋਕ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਤੋਂ ਦੁਖੀ ਹਨ ਅਤੇ ਦੂਜੇ ਬੇਅਦਬੀ ਦੀਆਂ ਕਈ ਘਟਨਾਵਾਂ ਅਤੇ ਸਾਲ 2015 ਵਿਚ ਹੀ ਬਹਿਬਲ ਕਲਾਂ ਵਿਖੇ ਮੁਜ਼ਾਹਰਾਕਾਰੀਆਂ ਉੱਤੇ ਪੁਲਿਸ ਦੀ ਗੋਲੀਬਾਰੀ ਕਾਰਨ ਵੀ ਲੋਕਾਂ ਵਿੱਚ ਡਾਢਾ ਰੋਸ ਪਾਇਆ ਜਾ ਰਿਹਾ ਹੈ।

ਬੀਬਾ ਬਾਦਲ ਪਿਛਲੇ ਮਹੀਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ਹੋਏ ਇਕੱਠ ਦੌਰਾਨ ਵੀ ਵਿਖਾਈ ਨਹੀਂ ਦਿੱਤੇ ਤੇ ਉਸ ਤੋਂ ਪਹਿਲਾਂ ਉਹ ਫ਼ਤਿਹਗੜ੍ਹ ਸਾਹਿਬ ਵਿਖੇ ਜੋੜ ਮੇਲੇ ਵਿੱਚ ਵੀ ਨਹੀਂ ਸੀ ਗਏ। ਉਹ ਜ਼ਿਆਦਾਤਰ ਦਿੱਲੀ ਰਹਿ ਕੇ ਆਪਣੇ ਮੰਤਰੀ ਦੇ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਨ।

ਬਾਕੀ ਸਫ਼ਾ 28 'ਤੇ

## ਸੁਖਬੀਰ ਬਾਦਲ ਤੇ ਮਜੀਠੀਏ ਖਿਲਾਫ ਮਾਣਹਾਨੀ ਦਾ ਮੁਕੱਦਮਾ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਮਾਣਹਾਨੀ ਦਾ ਫ਼ੌਜਦਾਰੀ ਕੇਸ ਦਾਇਰ ਕੀਤਾ ਹੈ। ਜਸਟਿਸ ਰਣਜੀਤ ਸਿੰਘ, ਜਿਨ੍ਹਾਂ ਅਕਾਲੀ-ਭਾਜਪਾ ਸਰਕਾਰ ਵੇਲੇ ਹੋਈਆਂ ਬੇਅਦਬੀ ਤੇ ਪੁਲੀਸ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕੀਤੀ ਸੀ, ਨੇ ਆਖਿਆ ਕਿ ਦੋਵੇਂ ਸਿਆਸੀ ਆਗੂਆਂ ਵਲੋਂ ਜਨਤਕ ਮੰਚਾਂ ਤੋਂ ਲਗਾਤਾਰ ਉਨ੍ਹਾਂ ਦੇ ਖਿਲਾ.ਫ ਝੂਠੀ, ਅਪਮਾਨਜਨਕ ਅਤੇ ਭੜਕਾਊ ਬਿਆਨਬਾਜ਼ੀ ਕੀਤੀ ਗਈ ਤਾਂ ਕਿ ਲੋਕਾਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਦੇ ਅਤੇ ਕਮਿਸ਼ਨ ਦੇ ਵਕਾਰ ਨੂੰ ਢਾਹ ਲਾਈ ਜਾ ਸਕੇ।



ਉਨ੍ਹਾਂ ਪਿਛਲੇ ਸਾਲ ਅਗਸਤ ਮਹੀਨੇ ਸੁਖਬੀਰ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਹੋਰਨਾਂ ਅਕਾਲੀ ਆਗੂਆਂ ਵਲੋਂ ਪੰਜਾਬ ਵਿਧਾਨ ਸਭਾ ਦੇ ਬਾਹਰਵਾਰ ਕਮਿਸ਼ਨ ਦੀ ਰਿਪੋਰਟ ਦੀਆਂ ਕਾਪੀਆਂ ਖਿਲਾਰਨ ਦੀ ਕਾਰਵਾਈ ਨੂੰ ਨਿੰਦ ਕੇ ਤੌਹੀਨ ਕਰਨ ਦੀ ਮਿਸਾਲ ਕਰਾਰ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਸ੍ਰੀ ਬਾਦਲ ਵਲੋਂ ਜਾਂਚ ਕਮਿਸ਼ਨ ਤੇ ਇਸ ਦੇ ਮੁਖੀ ਖਿਲਾ.ਫ ਕੀਤੀਆਂ ਗਈਆਂ ਪ੍ਰੈਸ ਕਾਨਫਰੰਸਾਂ ਤੇ ਬਿਆਨਾਂ ਦਾ ਵੀ ਹਵਾਲਾ ਦਿੱਤਾ ਹੈ। ਜੇ ਸ਼ਿਕਾਇਤ ਪ੍ਰਵਾਨ ਕਰ ਲਈ ਜਾਂਦੀ ਹੈ ਤਾਂ ਇਨ੍ਹਾਂ ਅਕਾਲੀ ਆਗੂਆਂ ਨੂੰ ਛੇ ਮਹੀਨੇ ਦੀ ਕੈਦ ਜਾਂ ਜੁਰਮਾਨਾ ਜਾਂ ਫਿਰ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ। ਦੇਸ਼ ਵਿਚ ਕਿਸੇ ਜਾਂਚ ਕਮਿਸ਼ਨ ਦੇ ਮੁਖੀ ਵਲੋਂ ਕਿਸੇ ਸਿਆਸੀ ਆਗੂ ਖ਼ਿਲਾਫ਼ ਮਾਣਹਾਨੀ ਦਾ ਇਹ ਪਹਿਲਾ ਕੇਸ ਮੰਨਿਆ ਜਾ ਰਿਹਾ ਹੈ। ਜਸਟਿਸ ਰਣਜੀਤ ਸਿੰਘ ਨੇ ਆਖਿਆ ਕਿ ਉਹ ਕਮਿਸ਼ਨ ਦੇ ਚੇਅਰਮੈਨ ਵਜੋਂ ਆਪਣੇ ਫ਼ਰਜ਼ਾਂ ਤੇ ਕਾਰਜਾਂ ਦਾ ਬਿਲਕੁਲ ਨਿਰਪੱਖ ਢੰਗ ਨਾਲ ਤੇ ਪੂਰੀ ਤਨਦੇਹੀ ਤੇ ਜ਼ਿੰਮੇਵਾਰੀ ਨਾਲ ਨਿਰਵਾਹ ਕਰ ਰਹੇ ਸਨ। ਜਾਂਚ ਪ੍ਰਕਿਰਿਆ ਵਿਚ ਸਬੰਧਤ ਹਰੇਕ ਵਿਅਕਤੀ ਨੂੰ ਜੋੜਨ ਦੇ ਹਰ ਸੰਭਵ ਯਤਨ ਕੀਤੇ ਗਏ। ਸੁਖਬੀਰ ਬਾਦਲ ਨੂੰ ਵੀ ਕਮਿਸ਼ਨ ਸਾਹਮਣੇ ਪੇਸ਼ ਹੋਣ ਲਈ ਢੁਕਵੇਂ ਨੋਟਿਸ ਜਾਰੀ ਕੀਤੇ ਗਏ ਪਰ ਉਨ੍ਹਾਂ ਕਮਿਸ਼ਨ ਸਾਹਮਣੇ ਪੇਸ਼ ਹੋਣ ਦੀ ਬਜਾਏ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਰਾਹੀਂ ਜਾਂਚ ਕਮਿਸ਼ਨ ਖਿਲਾ.ਫ ਹੱਤਕ ਵਾਲੀ ਭਾਸ਼ਾ ਦਾ ਇਸਤੇਮਾਲ ਕੀਤਾ। ਜਿਹੜੀਆਂ ਘਟਨਾਵਾਂ ਵਾਪਰੀਆਂ ਸਨ, ਉਦੋਂ ਸੁਖਬੀਰ ਬਾਦਲ ਸੱਤਾ ਵਿਚ ਪ੍ਰਮੁੱਖ ਅਹੁਦੇ 'ਤੇ ਸੀ ਅਤੇ ਇਹ ਸੁਭਾਵਿਕ ਸੀ ਕਿ ਕਮਿਸ਼ਨ ਦੀਆਂ ਲੱਭਤਾਂ ਤੇ ਸਿਫਾਰਸ਼ਾਂ ਅਕਾਲੀ ਆਗੂਆਂ ਨੂੰ ਪਸੰਦ ਨਾ ਆਈਆਂ ਹੋਣ ਪਰ ਜਿਸ ਤਰ੍ਹਾਂ ਉਨ੍ਹਾਂ ਗਿਣ ਮਿੱਥ ਕੇ ਕਮਿਸ਼ਨ ਨੂੰ ਭੰਡਣ ਦੀ ਮੁਹਿੰਮ ਚਲਾਈ ਉਹ ਵਾਕਈ ਹੈਰਾਨ ਕਰਨ ਵਾਲੀ ਸੀ।

**ਜਾਂਚ ਕਮਿਸ਼ਨ ਕਾਨੂੰਨ, 1952 ਤਹਿਤ ਕੀਤੀ ਸ਼ਿਕਾਇਤ :** ਜਸਟਿਸ ਰਣਜੀਤ ਸਿੰਘ ਨੇ ਆਪਣੀ ਸ਼ਿਕਾਇਤ ਵਿਚ ਕਮਿਸ਼ਨਜ਼ ਆਫ ਇਨਕੁਆਇਰੀ ਐਕਟ, 1952 ਦੀਆਂ ਧਾਰਾਵਾਂ ਤਹਿਤ ਕਾਰਵਾਈ ਦੀ ਮੰਗ ਕੀਤੀ ਹੈ। ਇਨ੍ਹਾਂ ਧਾਰਾਵਾਂ ਵਿਚ ਦਰਜ ਹੈ ਕਿ ਜੇ ਕੋਈ ਵਿਅਕਤੀ ਲਿਖਤੀ, ਸ਼ਬਦੀ ਜਾਂ ਕਿਸੇ ਹੋਰ ਤਰੀਕੇ ਨਾਲ ਕਮਿਸ਼ਨ ਜਾਂ ਇਸ ਦੇ ਕਿਸੇ ਮੈਂਬਰ ਦਾ ਅਪਮਾਨ ਕਰਦਾ ਹੈ ਤਾਂ ਉਸ ਨੂੰ ਛੇ ਮਹੀਨੇ ਦੀ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਸਬੰਧ ਵਿਚ ਕਮਿਸ਼ਨ ਦੇ ਕਿਸੇ ਮੈਂਬਰ ਜਾਂ ਅਧਿਕਾਰੀ ਵਲੋਂ ਧਿਆਨ ਵਿਚ ਲਿਆਉਣ 'ਤੇ ਹਾਈ ਕੋਰਟ ਇਸ ਦਾ ਆਪਣੇ ਤੌਰ 'ਤੇ ਵੀ ਨੋਟਿਸ ਲੈ ਸਕਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
13 ਫਰਵਰੀ 2019 ਤੋਂ 19 ਫਰਵਰੀ 2019

## ਹਿੰਦੁਸਤਾਨ 'ਚ ਘੱਟ ਗਿਣਤੀਆਂ ਦੀ ਤਰਾਸਦੀ

### -ਮਨਜੀਤ ਸਿੰਘ ਟਿਵਾਣਾ

ਸੰਨ-1947 ਵਿਚ ਆਜ਼ਾਦੀ ਤੋਂ ਤੁਰੰਤ ਬਾਅਦ ਘੜੇ ਗਏ ਭਾਰਤੀ ਰਾਜ-ਪ੍ਰਬੰਧ ਦਾ ਮੂਲ ਖਾਸਾ ਇਥੋਂ ਦੀਆਂ ਧਾਰਮਿਕ, ਭਾਸ਼ਾਈ ਤੇ ਇਲਾਕਾਈ ਘੱਟ ਗਿਣਤੀਆਂ ਲਈ ਹਰ ਪੱਖ ਤੋਂ ਮਾਰੂ ਹੈ। ਬਹੁਤ ਹੀ ਚਲਾਕੀ ਨਾਲ ਸੰਵਿਧਾਨ ਵਿਚ ਧਰਮ ਨਿਰਪੱਖਤਾ ਦੀ ਆੜ ਹੇਠ ਇਥੋਂ ਦੀਆਂ ਧਾਰਮਿਕ ਘੱਟ ਗਿਣਤੀਆਂ, ਖਾਸ ਕਰ ਕੇ ਸਿੱਖਾਂ, ਬੋਧੀਆਂ, ਪਾਰਸੀਆਂ ਤੇ ਜੈਨੀਆਂ ਆਦਿ ਨੂੰ ਇਕੋ "ਹਿੰਦੂ ਤਰਜ਼-ਏ-ਜ਼ਿੰਦਗੀ" ਨਾਲ ਨਰੜ ਦਿੱਤਾ ਗਿਆ ਹੈ। ਮੁਸਲਮਾਨਾਂ ਤੇ ਈਸਾਈਆਂ ਨਾਲ ਵੱਖਰੀ ਤਰ੍ਹਾਂ ਨਿਪਟਣ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ। ਬਿਪਰਵਾਦੀ ਰਾਜ ਪ੍ਰਬੰਧ ਵਿਚ ਆਪਣੇ ਪੂਰਵਜ਼ ਦੱਸੇ ਜਾਂਦੇ ਚਾਣਕਿਆਂ ਦੀਆਂ ਨੀਤੀਆਂ ਮੁਤਾਬਿਕ "ਸਮ-ਦਾਮ-ਦੰਡ-ਭੇਦ" ਦੇ ਸਾਰੇ ਹਥਿਆਰ ਵਰਤੇ ਜਾ ਰਹੇ ਹਨ। ਸੰਵਿਧਾਨ ਦੀ ਵਿਵਾਦਤ ਧਾਰਾ-੨੫ ਵਿਚ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਦਰਸਾਇਆ ਗਿਆ ਹੈ। ਬੋਧੀਆਂ ਤੇ ਜੈਨੀਆਂ ਦਾ ਅਵਤਾਰਵਾਦ, ਬੁੱਤਪ੍ਰਸਤੀ ਤੇ ਹੋਰ ਅਨੇਕਾਂ ਮਨਘੜਤ ਮਿਥਿਹਾਸਿਕ ਕਥਾ ਕਹਾਣੀਆਂ ਨਾਲ ਹਿੰਦੂਕਰਨ ਲਗਭੱਗ ਕਰ ਲਿਆ ਗਿਆ ਹੈ। ਸਿੱਖਾਂ ਵਾਸਤੇ ਦੋਵੇਂ ਤਰ੍ਹਾਂ, ਮਾਰ-ਕੁੱਟ ਕਰ ਕੇ ਅਤੇ ਪੁਚਕਾਰ ਕੇ, ਸਿਧਾਂਤਕ ਤੇ ਵਿਚਾਰਧਾਰਕ ਧਰਾਤਲ ਉਤੇ ਸਿੱਖ ਪਹਿਚਾਣ ਤੇ ਆਜ਼ਾਦ ਹਸਤੀ ਨੂੰ ਮਲੀਆਮੇਟ ਕਰਨ ਦਾ ਕੰਮ ਜੰਗੀ ਪੱਧਰ ਉਤੇ ਜਾਰੀ ਹੈ। ਜੇ ਸਿੱਖਾਂ ਲਈ ਚੁਰਾਸੀ ਦੇ ਕਤਲੇਆਮ ਹਨ ਤਾਂ ਮੁਸਲਮਾਨਾਂ ਲਈ ਗੁਜਰਾਤ ਦਾ ਗੋਧਰਾ ਤੇ ਮੁਜੱਫਰਨਗਰ ਹੈ। ਜੇ ਸਿੱਖਾਂ ਦੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਡੇਗਣ ਲਈ ਫੌਜ ਹੈ ਤਾਂ ਮੁਸਲਮਾਨਾਂ ਦੀ ਮਸਜਿਦ ਨੂੰ ਢਾਹੁਣ ਲਈ ਕਾਰ-ਸੇਵਕ ਹਨ।

ਇਸੇ ਤਰ੍ਹਾਂ ਭਾਸ਼ਾਈ ਘੱਟ ਗਿਣਤੀਆਂ ਨੂੰ ਵੀ ਹਿੰਦੂ ਤੇ ਹਿੰਦੀ ਦੇ ਗਲਬੇ ਵਿਚ ਲਪੇਟ ਕੇ ਹੌਲੀ-ਹੌਲੀ ਸਮੇਟਿਆ ਜਾ ਰਿਹਾ ਹੈ। ਹਿੰਦੀ ਨੂੰ ਕਦੇ ਧੱਕੇ ਨਾਲ ਰਾਸ਼ਟਰੀ ਭਾਸ਼ਾ ਕਿਹਾ ਜਾਂਦਾ ਹੈ ਤੇ ਕਦੇ ਸੰਪਰਕ ਭਾਸ਼ਾ ਦੀ ਆੜ ਵਿਚ ਗੈਰ ਹਿੰਦੀ ਭਾਸ਼ਾਈ ਰਾਜਾਂ ਉਤੇ ਥੋਪਿਆ ਜਾਂਦਾ ਹੈ।

ਆਦਿਵਾਸੀ ਕਬੀਲਿਆਂ ਦੀ ਇਕਜੁੱਟਤਾ ਵਿਚ ਭੰਨਤੋੜ ਲਈ ਵਿਕਾਸ ਦੇ ਨਾਮ ਹੇਠ ਉਜਾੜੇ ਦਾ ਦੈਂਤ ਤਿਆਰ ਕੀਤਾ ਗਿਆ ਹੈ, ਤਾਂ ਕਿ ਕਿਸੇ ਵੀ ਇਲਾਕਾਈ ਭਿੰਨਤਾ ਨੂੰ ਜ਼ੱਦੀ-ਪੁਸ਼ਤੀ ਸਰਜ਼ਮੀਂ ਤੋਂ ਨੇਸਤਾਨਾਬੂਦ ਕਰ ਕੇ ਖਿੰਡਾਇਆ ਜਾ ਸਕੇ। ਇਨ੍ਹਾਂ ਕੋਝੀਆਂ ਹਰਕਤਾਂ ਖਿਲਾਫ ਪੰਜਾਬ, ਕਸ਼ਮੀਰ, ਅਸਾਮ, ਨਾਗਾਲੈਂਡ ਤੇ ਉਤਰ-ਪੂਰਬ ਤੇ ਦੱਖਣ ਦੇ ਰਾਜਾਂ ਵਿਚ ਲਗਾਤਾਰ ਵਿਰੋਧ ਵੀ ਹੋ ਰਿਹਾ ਹੈ। ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋ ਚੁੱਕਾ ਹੈ। ਇਹ ਸਾਰਾ ਕੁਝ ਭਾਰਤ ਦੀ ਕਥਿਤ ਏਕਤਾ ਤੇ ਆਖੰਡਤਾ ਨੂੰ ਖਤਰੇ ਦੇ ਨਾਮ ਉਤੇ ਦੋਹਰੇ ਮਾਪਦੰਡਾਂ ਵਾਲੀ ਤਥਾਕਥਿਤ ਜਮਹੂਰੀਅਤ ਦੇ ਮੁਖੌਟੇ ਹੇਠ ਕੀਤਾ ਜਾ ਰਿਹਾ ਹੈ।

ਤਾਜ਼ਾ ਘਟਨਾਕ੍ਰਮ ਵਿਚ ਪੰਜਾਬ ਦੇ ਨਵਾਂਸ਼ਹਿਰ ਦੀ ਇਕ ਅਦਾਲਤ ਨੇ ਖਾਲਿਸਤਾਨੀ ਪੱਖੀ ਕਾਰਵਾਈਆਂ ਕਰਨ ਦੇ ਨਾਮ ਹੇਠ ਦੋਸ਼ੀ ਕਰਾਰ ਦਿੰਦਿਆਂ ਤਿੰਨ ਸਿੱਖ ਨੌਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਫੈਸਲੇ ਤੋਂ ਬਾਅਦ ਹਿੰਦੁਸਤਾਨੀ ਰਾਜ ਪ੍ਰਬੰਧ ਵਿਚ ਸਿੱਖਾਂ ਸਮੇਤ ਤਮਾਮ ਘੱਟ ਗਿਣਤੀਆਂ ਉਤੇ ਹੋ ਰਹੇ ਸੂਖਮ ਤੇ ਪ੍ਰਤੱਖ ਹਮਲਿਆਂ ਦਾ ਮੁੱਦਾ ਚਰਚਾ ਦੇ ਕੇਂਦਰ ਵਿਚ ਹੈ। ਇਹ ਚਰਚਾ ਤੇ ਰੋਸ ਇਸ ਲਈ ਵੀ ਹੈ ਕਿ ਇਕ ਪਾਸੇ ਤਾਂ ਭਾਰਤ ਦੀ ਸੁਪਰੀਮ ਕੋਰਟ ਇਹ ਕਹਿ ਦਿੰਦੀ ਹੈ ਕਿ ਇਸ ਦੇਸ਼ 'ਚ ਆਜ਼ਾਦੀ ਜਾਂ ਖਾਲਿਸਤਾਨ ਦੀ ਅਮਨ ਪੂਰਵਕ ਮੰਗ ਕਰਨਾ ਗੈਰਕਾਨੂੰਨੀ ਨਹੀਂ ਹੈ ਤੇ ਦੂਜੇ ਪਾਸੇ ਸਮੇਂ-ਸਮੇਂ ਉਤੇ ਬਹੁਤ ਸਾਰੇ ਸਿੱਖ ਆਗੂਆਂ ਅਤੇ ਹੋਰ ਲੋਕਾਂ ਉਤੇ ਮਹਿਜ਼ ਜਨਤਕ ਬਿਆਨਬਾਜ਼ੀ ਕਰਨ ਕਰ ਕੇ ਹੀ ਦੇਸ਼ ਧਰੋਹ ਵਰਗੇ ਸੰਗੀਨ ਜੁਰਮਾਂ ਹੇਠ ਪੁਲਿਸ ਕੇਸ ਦਰਜ ਕਰ ਲਏ ਜਾਦੇ ਹਨ, ਜਿਨ੍ਹਾਂ ਵਿਚ ਸਾਲਾਂ ਬੱਧੀ ਜ਼ਮਾਨਤਾਂ ਤਕ ਨਹੀਂ ਹੁੰਦੀਆਂ। ਆਖ਼ਰ ਸਿੱਖ ਕੀ ਕਰਨ ? ਕੀ ਉਹ ਅਜਿਹੇ ਹਾਲਾਤ ਵਿਚ ਦੇਸ਼ ਦੇ ਸੰਵਿਧਾਨ ਤੇ ਇਨਸਾਫ਼ ਉਤੇ ਭਰੋਸਾ ਕਰਨ ਜੋਗੇ ਰਹਿ ਜਾਂਦੇ ਹਨ ? ਇਸ ਦਾ ਸਿੱਧਾ-ਸਿੱਧਾ ਮਤਲਬ ਤਾਂ ਇਹੋ ਲਿਆ ਜਾ ਸਕਦਾ ਹੈ ਕਿ ਸਰਕਾਰਾਂ ਸਿੱਖਾਂ ਦੀਆਂ ਦੁਸ਼ਮਣ ਹਨ। ਹਿੰਦੁਸਤਾਨੀ ਰਾਜ ਪ੍ਰਬੰਧ ਦੇ ਤਾਣੇ-ਬਾਣੇ ਦਾ ਹਰ ਅੰਗ ਸਮੇਤ ਜੁਡੀਸ਼ਰੀ ਦੇ, ਘੱਟ ਗਿਣਤੀਆਂ ਦੇ ਵਿਰੋਧ ਵਿਚ ਭੁਗਤਦਾ ਆ ਰਿਹਾ ਹੈ। ਤਾਜ਼ਾ ਮਾਮਲੇ ਵਿਚ ਤਾਂ ਸਿਰਫ ਸੋਸ਼ਲ ਮੀਡੀਆ ਸਰਗਰਮੀਆਂ, ਪੋਸਟਰ ਲਾਉਣ ਜਾਂ ਸਿੱਖ ਖਾੜਕੂ ਲਹਿਰ ਨਾਲ ਸਬੰਧਤ ਸਾਹਿਤਕ ਕਿਤਾਬਾਂ ਆਦਿ ਦੇ ਕੇਸ ਵਿਚ ਹੀ ਦੇਸ਼ ਨਾਲ ਜੰਗ ਛੇੜਨ ਦਾ ਸੰਗੀਨ ਦੋਸ਼ ਲਗਾ ਕੇ ਤਿੰਨ ਸਿੱਖ ਨੌਜਵਾਨਾਂ ਨੂੰ ਉਮਰ ਕੈਦ ਤੇ ਭਾਰੀ ਜੁਰਮਾਨਿਆਂ ਦੀ ਸਜ਼ਾ ਸੁਣਾ ਦਿੱਤੀ ਗਈ ਹੈ। ਸਵਾਲ ਉਠਣਾ ਲਾਜ਼ਮੀ ਹੈ ਕਿ ਜੇਕਰ ਤੁਸੀਂ ਨਵੇਂ-ਨਵੇਂ ਮਾਰੂ ਕਾਨੂੰਨ ਲਿਆ ਕੇ ਲੋਕਾਂ ਦੇ ਬੋਲਣ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਇਸ ਤਰ੍ਹਾਂ ਹੀ ਦਰੜਨਾ ਹੈ, ਤਾਂ ਫਿਰ ਵਿਸ਼ਵ ਭਾਈਚਾਰੇ ਅੱਗੇ ਸਭ ਤੋਂ ਵੱਡੀ ਜਮਹੂਰੀਅਤ ਦੇ 'ਗੋਗੇ ਗਾਉਣ' ਦੇ ਕੀ ਮਾਇਨੇ ਹਨ ? ਫਿਰ ਹਿੰਦੁਸਤਾਨ ਦੇ ਸਾਂਝੀ ਆਲਮੀ ਸੰਸਥਾ ਯੂਐਨਓ ਦੇ ਮਨੁੱਖੀ ਅਧਿਕਾਰਾਂ ਵਾਲੇ ਚਾਰਟਰ ਦੀ ਆਪਣੇ ਹਸਤਾਖਰਾਂ ਨਾਲ ਸਹੁੰ ਖਾ ਕੇ ਰੱਖਿਆ ਕਰਨ ਦੀ ਭਰੀ ਗਈ ਹਾਮੀ ਦਾ ਕੀ ਮਤਲਬ ਰਹਿ ਜਾਂਦਾ ਹੈ ? ਕੀ ਇਹ ਸਭ ਕੁਝ ਵਿਸ਼ਵ ਭਾਈਚਾਰੇ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਕਾਰਵਾਈ ਨਹੀਂ ਹੈ ?

ਹਾਲ ਹੀ ਵਿਚ ਇਕ ਹੋਰ ਘਟਨਾ ਸੁਪਰੀਮ ਕੋਰਟ ਵਿਚ ਵੀ ਵਾਪਰਦੀ ਹੈ। ਇਕ ਅੰਮ੍ਰਿਤਧਾਰੀ ਸਿੱਖ ਵਕੀਲ ਨੂੰ ਅਦਾਲਤ ਦੇ ਸੁਰੱਖਿਆ ਮੁਲਾਜ਼ਮਾਂ ਨੇ ਸਿਰਫ਼ ਇਸ ਕਾਰਨ ਅਦਾਲਤੀ ਕੰਪਲੈਕਸ ਅੰਦਰ ਜਾਣ ਤੋਂ ਰੋਕ ਦਿੱਤਾ ਕਿ ਉਸ ਨੇ 6 ਇੰਚ ਤੋਂ ਵੱਡੀ ਕਿਰਪਾਨ ਪਾਈ ਹੋਈ ਹੈ। ਦੇਸ਼ ਦੇ ਸੰਵਿਧਾਨ ਵਿਚ ਸਿੱਖਾਂ ਸਮੇਤ ਸਭ ਲੋਕਾਂ ਨੂੰ ਆਪੋ-ਆਪਣੇ ਅਕੀਦਿਆਂ ਮੁਤਾਬਕ ਧਾਰਮਿਕ ਚਿੰਨ ਪਹਿਨਣ ਜਾਂ ਰੱਖਣ ਦੀ ਆਜ਼ਾਦੀ ਦਿੱਤੀ ਗਈ ਹੈ। ਸਿੱਖਾਂ ਦੇ ਧਾਰਮਿਕ ਕਕਾਰ ਕਿਰਪਾਨ ਦੇ ਅਕਾਰ ਸਬੰਧੀ ਕੋਈ ਲਿਖਤੀ ਆਦੇਸ਼ ਵੀ ਨਹੀਂ ਹਨ। ਇਸ ਦੇ ਬਾਵਜੂਦ ਸਮੇਂ-ਸਮੇਂ ਉਤੇ ਸਿੱਖਾਂ ਨੂੰ ਗਾਤਰੇ ਪਾਈ ਛੋਟੀ ਕਿਰਪਾਨ ਪਹਿਨਣ ਤੋਂ ਰੋਕਿਆ-ਟੋਕਿਆ ਜਾ ਰਿਹਾ ਹੈ। ਇਹ ਸਭ ਸਿੱਖਾਂ ਨੂੰ ਦੇਸ਼ ਵਿਚ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਹੀ ਕਰਵਾਉਂਦਾ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਤੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੀ ਇਕ ਵੱਡੀ ਧਿਰ ਆਜ਼ਾਦੀ ਤੇ ਖਾਲਿਸਤਾਨ ਦੀ ਮੰਗ ਨੂੰ ਲੈ ਕੇ ਜੱਦੋਜਹਿਦ ਕਰ ਰਹੀ ਹੈ। ਵੀਹਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਇਸ ਵਾਸਤੇ ਖ਼ੂਨੀ ਸੰਘਰਸ਼ ਵੀ ਹੋਇਆ ਪਰ ਹੁਣ ਸਮੇਂ ਤੇ ਹਾਲਾਤ ਮੁਤਾਬਕ ਖਾਲਿਸਤਾਨ ਪੱਖੀ ਲਗਭੱਗ ਸਾਰੀਆਂ ਹੀ ਧਿਰਾਂ ਹਥਿਆਰਬੰਦ ਟਕਰਾਅ ਦਾ ਰਸਤਾ ਤਿਆਗ ਕੇ ਜਮਹੂਰੀ ਤੌਰ ਤਰੀਕਿਆਂ ਮੁਤਾਬਕ ਆਪਣਾ ਸੰਘਰਸ਼ ਜਾਰੀ ਰੱਖ ਰਹੀਆਂ ਹਨ। ਵਿਚਾਰਾਂ ਦੀ ਪੱਧਰ ਉਤੇ ਲੜੀ ਜਾ ਰਹੀ ਲੜਾਈ ਵਿਚ ਅਜਿਹੇ ਦਮਨਕਾਰੀ ਕਾਲੇ ਕਾਨੂੰਨਾਂ ਦੀ ਵਾਪਸੀ ਅਤੇ ਅਦਾਲਤਾਂ ਦੇ ਪੱਖਪਾਤੀ ਫ਼ੈਸਲੇ ਨਿਰਸੰਦੇਹ ਹਿੰਦੁਸਤਾਨ ਵਿਚ ਘੱਟ ਗਿਣਤੀਆਂ ਨਾਲ ਬੀਤੇ ਵਿਚ ਹੋਏ ਅਤੇ ਹੋ ਰਹੇ ਜ਼ੁਲਮਾਂ ਦੀ ਦਾਸਤਾਨ ਹੀ ਬਿਆਨ ਕਰਦੇ ਹਨ।

# ਅਕਾਲੀ ਦਲ, ਮੌਜੂਦਾ ਲੀਡਰਸ਼ਿਪ ਅਤੇ ਸਿੱਖ ਮੁੱਦਿਆਂ ਦੀ ਦਾਸਤਾਨ

**ਬੇਅਦਬੀ ਦੇ ਵੱਖ ਵੱਖ ਮਾਮਲਿਆਂ ਅਤੇ ਬਰਗਾੜੀ ਮਾਮਲੇ ਵਿਚ ਗ੍ਰਿਫਤਾਰ ਸ਼ਖ਼ਸਾਂ ਵਿਚੋਂ ਬਹੁਤੇ ਡੇਰਾ ਸੱਚਾ ਸੌਦਾ ਨਾਲ ਸਬੰਧਤ ਦੱਸੇ ਜਾਂਦੇ ਹਨ। ਹਰਸਿਮਰਤ ਕੌਰ ਬਾਦਲ ਨੇ ਆਪਣੀ ਪਹਿਲੀ ਲੋਕ ਸਭਾ ਚੋਣ 2009 ਵਿਚ ਬਠਿੰਡਾ ਹਲਕੇ ਤੋਂ ਲੜੀ ਜਿਥੇ ਡੇਰਾ ਪੈਰੋਕਾਰਾਂ ਦੀ ਵੱਡੀ ਗਿਣਤੀ ਹੈ। ਰਾਜਸੀ ਮਾਹਿਰਾਂ ਅਨੁਸਾਰ, ਡੇਰੇ ਨੇ ਚੋਣਾਂ ਵਿਚ ਬਠਿੰਡੇ ਹਲਕੇ ਦੇ ਇਸ ਅਕਾਲੀ ਉਮੀਦਵਾਰ ਦੀ ਡਟਵੀਂ ਹਮਾਇਤ ਕੀਤੀ। ਵੇਲੇ ਦੀ ਸਰਕਾਰ ਵੱਲੋਂ ਉਕਤ ਮਾਮਲੇ ਵਿਚ ਚਾਰਜਸ਼ੀਟ ਦਾਇਰ ਨਾ ਕਰਨਾ ਵੀ ਇਸੇ ਸਾਂਝ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਬਾਦਲ ਪਰਿਵਾਰ ਲਈ ਇਹ ਮਾਮਲਾ ਪੰਥਕ ਭਾਵਨਾਵਾਂ ਦੀ ਥਾਂ ਸਿਆਸੀ ਹਿਤਾਂ ਤੋਂ ਵਧੇਰੇ ਪ੍ਰੇਰਿਤ ਰਿਹਾ। ਡੇਰਾ ਮੁਖੀ ਲਈ ਘੜੀ ਗਈ ਮੁਆਫੀ ਵਿਚ ਵੀ ਪੁਰਾਣੇ ਸਬੰਧਾਂ ਦੀ ਲਗਾਤਾਰਤਾ ਝਲਕਦੀ ਦਿਖਾਈ ਦਿੰਦੀ ਸੀ। ਜਦੋਂ ਰਾਮ ਰਹੀਮ ਨੂੰ ਅਕਾਲ ਤਖਤ ਵਲੋਂ ਮੁਆਫੀ ਦਿਤੀ ਗਈ, ਇਸ ਤੋਂ ਪਹਿਲਾਂ ਪਹਿਲੀ ਜੂਨ ਨੂੰ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋਣ ਦੀ ਘਟਨਾ ਵਾਪਰ ਚੁੱਕੀ ਸੀ।**



**ਜਗਤਾਰ ਸਿੰਘ**
(ਸੰਪਰਕ : 97797-11201)



ਇਕ ਵਾਰ ਗੱਲ ਭਾਵੇਂ ਠੰਢੀ ਪੈ ਗਈ ਲਗਦੀ ਹੈ ਪਰ ਲਗਦਾ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਚਾਰ ਸਾਲ ਪੁਰਾਣੇ ਵਾਦ-ਵਿਵਾਦ ਨੇ ਦੋ ਦਹਾਕੇ ਪੁਰਾਣੇ ਅਕਾਲੀ-ਭਾਜਪਾ ਗਠਜੋੜ ਵਿਚ ਸੰਕਟ ਦੀ ਚੰਗਿਆੜੀ ਸੁੱਟ ਦਿੱਤੀ ਹੈ। ਨਵੀਂ ਗੱਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਘਟਨਾਵਾਂ ਕਾਰਨ ਸਿੱਖ ਧਾਰਮਿਕ-ਰਾਜਸੀ ਖੇਤਰ ਵਿਚ ਖੂੰਜੇ ਲੱਗੇ ਅਕਾਲੀ ਦਲ ਦੇ ਆਗੂਆਂ ਨੇ ਇਸ ਮੁੱਦੇ ਨੂੰ ਬਹਾਨਾ ਬਣਾ ਕੇ ਭਾਜਪਾ ਨਾਲੋਂ ਸਬੰਧ ਤੋੜ ਲੈਣ ਨੂੰ ਆਖਰੀ ਹਥਿਆਰ ਵਜੋਂ ਵਰਤਣ ਲਈ ਗਿਣਤੀਆਂ ਮਿਣਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਤਾਂ ਕਿ ਸਿੱਖ ਜਗਤ ਵਿਚ ਆਪਣੀ ਖੁੱਸੀ ਸਾਖ ਬਹਾਲ ਕੀਤੀ ਜਾ ਸਕੇ। ਉਂਜ, ਇਹ ਆਗੂ ਇਸ ਅਹਿਮ ਤੱਥ ਨੂੰ ਅੱਖੋਂ ਪਰੋਖੇ ਕਰ ਰਹੇ ਹਨ ਕਿ ਦਹਾਕਿਆਂ ਤੱਕ ਸਿੱਖ ਮੁੱਦਿਆਂ ਲਈ ਆਵਾਜ਼ ਬਣਦੀ ਆ ਰਹੀ ਇਹ ਪਾਰਟੀ ਇਸ ਨਾਜ਼ਕ ਮੁਹਾਜ਼ ਉੱਤੇ ਆਪਣਾ ਨੈਤਿਕ ਹੱਕ ਗੁਆ ਚੁੱਕੀ ਹੈ, ਜਾਂ ਕਹਿ ਲਵੋ ਕਿ ਆਪਣੇ ਆਪ ਨੂੰ ਧਰਮ ਨਿਰਪੱਖ ਦਿੱਖ ਦੇਣ ਦੀ ਦੌੜ ਵਿਚ ਇਹ ਹੱਕ ਉਸ ਨੇ ਆਪ ਹੀ ਛੱਡ ਦਿੱਤਾ ਹੋਇਆ ਹੈ।

ਤਖ਼ਤ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਨਾਲ ਜੁੜੇ ਅਜੋਕੇ ਵਾਦ-ਵਿਵਾਦ ਦੀਆਂ ਜੜ੍ਹਾਂ ਤਖ਼ਤ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਬੋਰਡ ਨਾਂਦੇੜ ਐਕਟ-1956 ਵਿਚ ਅੱਜ ਤੋਂ ਚਾਰ ਸਾਲ ਪਹਿਲਾਂ ਸੰਨ 2015 ਵਿਚ ਕੀਤੀ ਗਈ ਸੋਧ ਵਿਚ ਹਨ ਜਿਸ ਤਹਿਤ ਮਹਾਰਾਸਟਰ ਸਰਕਾਰ ਨੇ 17 ਮੈਂਬਰੀ ਬੋਰਡ ਵਿਚੋਂ ਪ੍ਰਧਾਨ ਨਿਯੁਕਤ ਕਰਨ ਦਾ ਅਧਿਕਾਰ ਆਪਣੇ ਹੱਥਾਂ ਵਿਚ ਲੈ ਲਿਆ ਹੈ। ਬੋਰਡ ਵਿਚ 4 ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 4 ਸੱਚਖੰਡ ਹਜ਼ੂਰੀ ਖਾਲਸਾ ਦੀਵਾਨ, ਇਕ ਮੈਂਬਰ ਚੀਫ਼ ਖਾਲਸਾ ਦੀਵਾਨ ਅਤੇ 2 ਮੈਂਬਰ, ਸਿੱਖ ਪਾਰਲੀਮੈਂਟ ਮੈਂਬਰਾਂ ਵਿਚੋਂ ਸਪੀਕਰ ਵਲੋਂ ਨਾਮਜ਼ਦ ਕੀਤੇ ਜਾਂਦੇ ਹਨ। ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਦੀਆਂ ਸਰਕਾਰਾਂ ਇਕ ਇਕ ਮੈਂਬਰ ਨਾਮਜ਼ਦ ਕਰਦੀਆਂ ਹਨ। ਇਨ੍ਹਾਂ ਤੋਂ ਬਿਨਾ ਮਰਾਠਵਾੜਾ ਖੇਤਰ ਦੇ ਸੱਤ ਜ਼ਿਲ੍ਹਿਆਂ ਵਿਚੋਂ 3 ਮੈਂਬਰ ਚੁਣ ਕੇ ਆਉਂਦੇ ਹਨ ਅਤੇ ਨਾਂਦੇੜ ਦਾ ਜ਼ਿਲ੍ਹਾ ਕੁਲੈਕਟਰ ਵੀ ਇਸ ਦਾ ਮੈਂਬਰ ਹੁੰਦਾ ਹੈ।

ਐਕਟ ਵਿਚ ਸੋਧ ਤੋਂ ਬਾਅਦ ਮਹਾਰਾਸ਼ਟਰ ਸਰਕਾਰ ਨੇ ਮੁੰਬਈ ਤੋਂ ਭਾਜਪਾ ਦੇ ਐੱਮਐੱਲਏ ਅਤੇ ਬੋਰਡ ਮੈਂਬਰ ਤਾਰਾ ਸਿੰਘ ਨੂੰ ਪ੍ਰਧਾਨ ਨਾਮਜ਼ਦ ਕਰ ਦਿੱਤਾ। ਉਸ ਵੇਲੇ ਅਕਾਲੀ ਦਲ ਨੇ ਰਸਮੀ ਜਿਹਾ ਵਿਰੋਧ ਕਰ ਕੇ ਤਾਰਾ ਸਿੰਘ ਨੂੰ ਮੀਟਿੰਗਾਂ ਵਿਚ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ। ਉਸ ਦੇ ਅਹੁਦੇ ਦੀ ਮਿਆਦ ਹੁਣ ਖ਼ਤਮ ਹੋ ਚੁੱਕੀ ਹੈ। ਕੁਝ ਮਹੀਨੇ ਪਹਿਲਾਂ ਮਹਾਰਾਸ਼ਟਰ ਸਰਕਾਰ ਨੇ ਇਸ ਐਕਟ ਵਿਚ ਇਕ ਹੋਰ ਸੋਧ ਕਰ ਕੇ ਸਥਾਨਕ ਸਿੱਖਾਂ ਵਿਚੋਂ 6 ਮੈਂਬਰ ਹੋਰ ਚੁਣਨ ਦੀ ਵਿਵਸਥਾ ਕਰਨ ਦੀ ਵਿਉਂਤ ਬਣਾਈ ਸੀ ਜਿਸ ਨਾਲ ਬੋਰਡ ਮੈਂਬਰਾਂ ਦੀ ਕੁਲ ਗਿਣਤੀ 23 ਹੋ ਜਾਣੀ ਸੀ ਪਰ ਸਿੱਖ ਹਲਕਿਆਂ ਵੱਲੋਂ ਵਿਰੋਧ ਹੋਣ ਕਾਰਨ ਮਹਾਰਾਂਸ਼ਟਰ ਸਰਕਾਰ ਨੇ ਇਹ ਵਿਚਾਰ ਹਾਲ ਦੀ ਘੜੀ ਛੱਡ ਦਿੱਤਾ ਹੈ।

ਹੁਣ ਅਕਾਲੀ ਦਲ ਨੇ ਅਚਾਨਕ ਇਹ ਮਾਮਲਾ ਫਿਰ ਚੁੱਕ ਲਿਆ; ਦਿਲਚਸਪ ਗੱਲ ਇਹ ਹੈ ਕਿ ਇਹ ਮੁੱਦਾ ਵੀ ਮਨਜਿੰਦਰ ਸਿੰਘ ਸਿਰਸਾ ਰਾਹੀਂ ਚੁੱਕਿਆ ਗਿਆ ਹੈ ਜਿਹੜਾ ਦਿੱਲੀ ਵਿਚ ਭਾਜਪਾ ਦੀ ਟਿਕਟ 'ਤੇ ਐੱਮਐੱਲਏ ਬਣਿਆ ਹੈ। ਹੁਣ ਸਵਾਲ ਇਹ ਹੈ ਕਿ ਜੇ ਭਾਜਪਾ ਦੀ ਟਿਕਟ ਉੱਤੇ ਚੁਣਿਆ ਗਿਆ ਐੱਮਐੱਲਏ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦਾ ਜਨਰਲ ਸਕੱਤਰ ਬਣ ਜਾਵੇ ਤਾਂ ਸਿੱਖ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਨਹੀਂ ਹੈ; ਜੇ ਇਹੀ ਕੁਝ ਹਜ਼ੂਰ ਸਾਹਿਬ ਬੋਰਡ ਵਿਚ ਵਾਪਰੇ ਤਾਂ ਸਿੱਖ ਧਰਮ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਹੈ।

ਇਸ ਮੁੱਦੇ ਉੱਤੇ ਆਪਣਾ ਵਿਰੋਧ ਪ੍ਰਗਟਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗਠਜੋੜ (ਐੱਨਡੀਏ) ਦੀ ਬਜਟ ਪੇਸ਼ ਕਰਨ ਤੋਂ ਪਹਿਲੀ ਸ਼ਾਮ ਹੋਈ ਮੀਟਿੰਗ ਵਿਚ ਹਿੱਸਾ ਨਹੀਂ ਲਿਆ ਪਰ ਉਸੇ ਦਿਨ ਦੁਪਹਿਰ ਵੇਲੇ ਹਰਸਿਮਰਤ ਕੌਰ ਬਾਦਲ ਨੇ ਗ੍ਰਹਿ ਮੰਤਰੀ ਰਾਜਨਾਥ ਸਮੇਤ ਕੇਂਦਰੀ ਕੈਬਨਿਟ ਦੇ ਆਪਣੇ ਸਾਥੀ ਕਈ ਸੀਨੀਅਰ ਮੰਤਰੀਆਂ ਨੂੰ ਦੁਪਹਿਰ ਦੇ ਭੋਜਨ ਉੱਤੇ ਬੁਲਾਇਆ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਦੇ ਸਮੇਂ ਅਤੇ ਤਰਤੀਬ ਤੋਂ ਸਪਸ਼ਟ ਹੈ ਕਿ ਅਕਾਲੀ-ਭਾਜਪਾ ਸਬੰਧਾਂ ਵਿਚ ਆਈ ਦਰਾੜ ਦੇ ਕਾਰਨ ਹੋਰ ਹਨ; ਹਜ਼ੂਰ ਸਾਹਿਬ ਦੇ ਵਿਵਾਦ ਨੂੰ ਤਾਂ ਬਹਾਨਾ ਬਣਾ ਕੇ ਮਹਿਜ਼ ਪੈਂਤੜੇ ਵਜੋਂ ਵਰਤਿਆ ਜਾ ਰਿਹਾ ਹੈ।

ਹੁਣ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਅਕਾਲੀ ਦਲ ਵਲੋਂ ਵਾਰ ਵਾਰ ਬੇਨਤੀ ਕਰਨ ਦੇ ਬਾਵਜੂਦ ਲੋਕ ਸਭਾ ਚੋਣਾਂ ਨਾਲ ਜੁੜੇ ਕੁਝ ਦੁਵੱਲੇ ਮਾਮਲਿਆਂ ਬਾਰੇ ਵਿਚਾਰ ਕਰਨ ਲਈ ਸਮਾਂ ਨਹੀਂ ਦਿੱਤਾ। ਅਕਾਲੀ ਦਲ ਅਤੇ ਭਾਜਪਾ ਵੱਲੋਂ ਲੜੀਆਂ ਜਾ ਰਹੀਆਂ ਕੁਝ ਸੀਟਾਂ ਦੀ ਅਦਲਾ ਬਦਲੀ ਦੀਆਂ ਗੱਲਾਂ ਕਾਫ਼ੀ ਸਮੇਂ ਤੋਂ ਚੱਲ ਰਹੀਆਂ ਹਨ। ਉਂਜ, ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭਾਜਪਾ ਦੀ ਜਿਹੜੀ ਗੱਲ ਸਭ ਤੋਂ ਵੱਧ ਰੜਕੀ ਹੈ, ਉਹ ਹੈ ਗਣਤੰਤਰ ਦਿਵਸ ਉੱਤੇ ਬਾਦਲਾਂ ਨਾਲ ਨਾਰਾਜ਼ ਚੱਲ ਰਹੇ ਸੁਖਦੇਵ ਸਿੰਘ ਢੀਂਡਸਾ ਅਤੇ ਆਮ ਆਦਮੀ ਪਾਰਟੀ ਦੇ ਰਹਿ ਚੁੱਕੇ ਆਗੂ ਹਰਵਿੰਦਰ ਸਿੰਘ ਫੂਲਕਾ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਆ ਜਾਣਾ। ਸੁਖਦੇਵ ਸਿੰਘ ਢੀਂਡਸਾ ਵਲੋਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦੇ ਫੈਸਲੇ ਨਾਲ ਅਕਾਲੀ ਦਲ ਵਿਚ ਬਗਾਵਤ ਦੀ ਭੜਕੀ ਚੰਗਿਆੜੀ ਨੇ ਬਾਦਲਾਂ ਨੂੰ ਡੂੰਘੇ ਸੰਕਟ ਵਿਚ ਫਸਾ ਦਿੱਤਾ ਹੈ। ਮਾਝੇ ਦੇ ਤਿੰਨ ਸੀਨੀਅਰ ਅਕਾਲੀ ਆਗੂਆਂ ਨੇ ਪਾਰਟੀ ਤੋਂ ਅਸਤੀਫਾ ਦੇ ਕੇ ਆਪਣਾ ਵੱਖਰਾ ਅਕਾਲੀ ਦਲ ਬਣਾ ਲਿਆ। ਢੀਂਡਸਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਵੀ ਮੰਗਿਆ ਹੈ।

ਭਾਜਪਾ ਪੰਜਾਬ ਵਿਚ ਕਿਸੇ ਮੰਨੇ-ਪ੍ਰਮੰਨੇ ਸਿੱਖ ਆਗੂ ਨੂੰ ਆਪਣਾ ਪ੍ਰਧਾਨ ਬਣਾ ਕੇ ਸੂਬੇ ਦੇ ਸਿਆਸੀ ਪਿੜ ਵਿਚ ਇਕੱਲਿਆਂ ਕੁੱਦਣ ਲਈ ਕੁਝ ਸਮੇਂ ਤੋਂ ਆਪਣੇ ਪਰ ਤੋਲ ਰਹੀ ਹੈ। ਪਾਰਟੀ ਵਲੋਂ ਲੋਕ ਸਭਾ ਚੋਣ ਦੇ ਲਾਏ ਜਾ ਰਹੇ ਹਿਸਾਬ-ਕਿਤਾਬ ਵਿਚ ਪੰਜਾਬ ਦੀ ਕੋਈ ਬਹੁਤੀ ਥਾਂ ਨਹੀਂ ਹੈ ਅਤੇ ਉਹ ਵੀ ਉਸ ਵੇਲੇ ਜਦੋਂ ਪਾਣੀ ਤੋਂ ਵੀ ਪਤਲੇ ਹੋਏ ਪਏ ਅਕਾਲੀ ਦਲ ਦੇ ਮੁੜ ਉਭਰਨ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ। ਬੇਅਦਬੀ ਦੀਆਂ ਘਟਨਾਵਾਂ ਦੀ ਤੇਜ਼ੀ ਨਾਲ ਚੱਲ ਰਹੀ ਜਾਂਚ ਕਾਰਨ ਇਹ ਸੰਕਟ ਡੂੰਘਾ ਹੋਣ ਦੇ ਅਸਾਰ ਬਣ ਰਹੇ ਹਨ।

ਦਰਅਸਲ, ਪ੍ਰਕਾਸ਼ ਸਿੰਘ ਬਾਦਲ ਵੱਲੋਂ 2015 ਵਿਚ ਮੁੱਖ ਮੰਤਰੀ ਹੁੰਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਉਸ ਦੇ ਸਹਿਯੋਗੀਆਂ ਨੂੰ ਆਪਣੀ ਸਰਕਾਰੀ ਰਿਹਾਇਸ਼ ਉਤੇ ਤਲਬ ਕਰਕੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦਿਵਾਉਣ ਵਰਗੇ ਨਾਜ਼ੁਕ ਮਸਲੇ 'ਤੇ ਅਜੇ ਤੱਕ ਆਪਣੀ ਸਥਿਤੀ ਸਿੱਖ ਸੰਗਤ ਸਾਹਵੇਂ ਸਪੱਸ਼ਟ ਨਹੀਂ ਕੀਤੀ ਹੈ। ਇਹੀ ਕਾਰਨ ਹੈ ਕਿ ਬਾਦਲ ਪਰਵਾਰ ਵਲੋਂ 'ਅਚੇਤ ਹੋਈਆਂ ਭੁੱਲਾਂ' ਦੀ ਸ੍ਰੀ ਹਰਮਿੰਦਰ ਸਾਹਿਬ ਵਿਚ ਮੰਗੀ ਕਥਿਤ ਮੁਆਫੀ ਦਾ ਵੀ ਕੋਈ ਬਹੁਤਾ ਅਸਰ ਨਹੀਂ ਪਿਆ। ਪੱਤਰਕਾਰਾਂ ਦੇ ਪੁੱਛਣ 'ਤੇ ਬਾਦਲਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਹ ਭੁੱਲਾਂ ਕਿਹੜੀਆਂ ਸਨ।

ਬੇਅਦਬੀ ਦੇ ਵੱਖ ਵੱਖ ਮਾਮਲਿਆਂ ਅਤੇ ਬਰਗਾੜੀ ਮਾਮਲੇ ਵਿਚ ਗ੍ਰਿਫਤਾਰ ਸ਼ਖ਼ਸਾਂ ਵਿਚੋਂ ਬਹੁਤੇ ਡੇਰਾ ਸੱਚਾ ਸੌਦਾ ਨਾਲ ਸਬੰਧਤ ਦੱਸੇ ਜਾਂਦੇ ਹਨ। ਹਰਸਿਮਰਤ ਕੌਰ ਬਾਦਲ ਨੇ ਆਪਣੀ ਪਹਿਲੀ ਲੋਕ ਸਭਾ ਚੋਣ 2009 ਵਿਚ ਬਠਿੰਡਾ ਹਲਕੇ ਤੋਂ ਲੜੀ ਜਿੱਥੇ ਡੇਰਾ ਪੈਰੋਕਾਰਾਂ ਦੀ ਵੱਡੀ ਗਿਣਤੀ ਹੈ। ਰਾਜਸੀ ਮਾਹਿਰਾਂ ਅਨੁਸਾਰ, ਡੇਰੇ ਨੇ ਚੋਣਾਂ ਵਿਚ ਬਠਿੰਡੇ ਹਲਕੇ ਦੇ ਇਸ ਅਕਾਲੀ ਉਮੀਦਵਾਰ ਦੀ ਡਟਵੀਂ ਹਮਾਇਤ ਕੀਤੀ। ਵੇਲੇ ਦੀ ਸਰਕਾਰ ਵੱਲੋਂ ਉਕਤ ਮਾਮਲੇ ਵਿਚ ਚਾਰਜਸ਼ੀਟ ਦਾਇਰ ਨਾ ਕਰਨਾ ਵੀ ਇਸੇ ਸਾਂਝ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਬਾਦਲ ਪਰਿਵਾਰ ਲਈ ਇਹ ਮਾਮਲਾ ਪੰਥਕ ਭਾਵਨਾਵਾਂ ਦੀ ਥਾਂ ਸਿਆਸੀ ਹਿਤਾਂ ਤੋਂ ਵਧੇਰੇ ਪ੍ਰੇਰਿਤ ਰਿਹਾ। ਡੇਰਾ ਮੁਖੀ ਲਈ ਘੜੀ ਗਈ ਮੁਆਫੀ ਵਿਚ ਵੀ ਪੁਰਾਣੇ ਸਬੰਧਾਂ ਦੀ ਲਗਾਤਾਰਤਾ ਝਲਕਦੀ ਦਿਖਾਈ ਦਿੰਦੀ ਸੀ। ਜਦੋਂ ਰਾਮ ਰਹੀਮ ਨੂੰ ਅਕਾਲ ਤਖਤ ਵਲੋਂ

ਬਾਕੀ ਸਫ਼ਾ 28 'ਤੇ

# ਅਕਾਲ ਤਖ਼ਤ ਸਾਹਿਬ ਦੀ ਪਹਿਰੇਦਾਰੀ ਕਿਵੇਂ ਕੀਤੀ ਜਾਵੇ ?

**ਸਰਦਾਰਾ ਸਿੰਘ ਜੌਹਲ**



ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਾਨੂੰ ਮੀਰੀ-ਪੀਰੀ ਦਾ ਸਿਧਾਂਤ ਬਖ਼ਸ਼ਿਆ। ਮੀਰੀ-ਪੀਰੀ ਦੇ ਸਿਧਾਂਤ ਦੀ ਪਹਿਰੇਦਾਰੀ ਸਾਡੇ ਅਕਾਲ ਤਖ਼ਤ ਦੀ ਪਹਿਰੇਦਾਰੀ ਹੈ। ਸਿੱਖ ਸਮਾਜ ਵਿਚ ਅਕਾਲ ਤਖ਼ਤ ਦੀ ਉਚਤਾ ਇਸਾਈ ਧਰਮ ਦੇ ਪੋਪ ਤੋਂ ਵੀ ਅਸੂਲੀ ਤੌਰ ਉਤੇ ਵੱਧ ਹੈ। ਪੋਪ ਤਾਂ ਸਿਰਫ ਇਸਾਈ ਧਰਮ ਦਾ ਹੀ ਵਾਚਕ/ਰਾਖਾ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਤੇ ਪੰਥ ਦਾ ਸਰਬ-ਉਚ ਸਥਾਨ ਤਾਂ ਹੈ ਹੀ ਪਰ ਇਸ ਦੇ ਨਾਲ ਹੀ ਮਨੁੱਖਤਾ ਦੀ ਏਕਤਾ, ਪ੍ਰਫੁੱਲਤਾ ਤੇ ਮਨੁੱਖੀ ਕਦਰਾਂ ਕੀਮਤਾਂ ਦੀ ਰਖਵਾਲੀ ਦਾ ਜ਼ਾਮਨ ਤੇ ਪਹਿਰੇਦਾਰ ਵੀ ਹੈ।

ਸਭ ਤੋਂ ਪਹਿਲੋਂ ਅਜੋਕੇ ਹਾਲਾਤ ਵਿਚ ਮੀਰੀ-ਪੀਰੀ ਦੇ ਸਿਧਾਂਤ ਨੂੰ ਵਿਚਾਰਨ ਦੀ ਲੋੜ ਹੈ।

1. ਪਹਿਲੀ ਗੱਲ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਸਿੱਖ ਸਮਾਜ ਛੋਟਾ ਜਿਹਾ ਸਮਾਜ ਸੀ ਤੇ ਸਿਰਫ ਪੰਜਾਬ ਵਿਚ ਹੀ ਸੀ। ਗੁਰੂ ਸਾਹਿਬ ਆਪ ਇਸ ਸਮਾਜ ਦੇ ਮਾਲਕ, ਪ੍ਰਬੰਧਕ ਅਤੇ ਮਾਰਗ ਦਰਸ਼ਕ ਸਨ। ਮਿਲ ਬੈਠਣਾ ਅਤੇ ਫੈਸਲੇ ਕਰਨੇ ਅਸਾਨ ਸਨ।

2. ਉਸ ਤੋਂ ਪਿਛੋਂ ਅਕਾਲੀ ਫੂਲਾ ਸਿੰਘ ਵਰਗੇ ਸੂਰਮੇ ਵੀ ਅਕਾਲ ਤਖ਼ਤ ਦੇ ਜਥੇਦਾਰ ਰਹੇ ਹਨ, ਜਿਨ੍ਹਾਂ ਤੋਂ ਮਹਾਰਾਜਾ ਰਣਜੀਤ ਸਿੰਘ ਵੀ ਭੈਅ ਖਾਂਦਾ ਸੀ ਅਤੇ ਆਪਣੀ ਪਿੱਠ ਉਤੇ ਕੋਰੜੇ ਖਾਣ ਲਈ ਤਿਆਰ ਹੋ ਗਿਆ ਸੀ। ਦੂਜੇ, ਉਸ ਵਕਤ ਕੋਈ ਲੋਕਤੰਤਰ ਨਹੀਂ ਸੀ ਅਤੇ ਅੱਜ ਵਾਂਗੂੰ ਸਿਆਸੀ ਪਾਰਟੀਆਂ ਚੋਣਾਂ ਨਹੀਂ ਸਨ ਲੜਦੀਆਂ।

3. ਤੀਜੇ ਅੱਜ ਸਿੱਖ ਕਿਸੇ ਇਕ ਪਾਰਟੀ ਵਿਚ ਮਹਿਦੂਦ ਨਹੀਂ ਸਗੋਂ ਤਕਰੀਬਨ ਹਰ ਪਾਰਟੀ ਵਿਚ ਮੌਜੂਦ ਹਨ।

4. ਚੌਥੇ ਸਿੱਖ ਸਿਰਫ ਪੰਜਾਬ ਵਿਚ ਹੀ ਨਹੀਂ, ਸਗੋਂ ਸਾਰੇ ਹਿੰਦੋਸਤਾਨ ਅਤੇ ਦੇਸਾਂ-ਪਰਦੇਸਾਂ ਵਿਚ ਵਸੇ ਹੋਏ ਅਤੇ ਕਾਰਜਸ਼ੀਲ ਹਨ। ਕੋਈ ਦੇਸ਼ ਹੀ ਐਸਾ ਹੋਵੇਗਾ ਜਿਥੇ ਕੋਈ ਸਿੱਖ ਨਾ ਹੋਵੇ।

(ੳ) **ਅੱਜ ਸਥਿਤੀ ਬਹੁਤ ਬਦਲ ਚੁੱਕੀ ਹੈ :** ਅੱਜ ਦੇ ਸਿਆਸੀ ਵਾਤਾਵਰਣ ਵਿਚ ਕੋਈ ਇਕ ਸਿਆਸੀ ਪਾਰਟੀ ਸਿੱਖ ਸਮਾਜ ਦਾ ਪ੍ਰਤੀਨਿਧ ਹੋਣ ਦਾ ਦਾਅਵਾ ਨਹੀਂ ਕਰ ਸਕਦੀ। ਇਸ ਦੀ ਆੜ ਵਿਚ ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਉਤੇ ਕਬਜ਼ਾ ਜਮਾਉਣ ਦਾ ਹੱਕ ਨਹੀਂ ਰੱਖਦੀ। ਪਰ ਜਿਹੜੀ ਪਾਰਟੀ ਦੇ ਨੁਮਾਇੰਦਿਆਂ ਨੂੰ ਬਹੁਗਿਣਤੀ ਵਿਚ ਵੋਟਾਂ ਪਾ ਕੇ ਸਿੱਖ ਚੁਣ ਲੈਣ, ਉਹ ਇਹ ਭੁਲੇਖਾ ਪਾ ਸਕਦੀ ਹੈ। ਇਸ ਗੱਲ ਤੋਂ ਜਾਗਰੂਕ ਰਹਿਣਾ ਜ਼ਰੂਰੀ ਹੈ।

ਅੱਜ ਦੀ ਸਿਆਸਤ, ਹਿੰਦੁਸਤਾਨ ਦੇ ਵਿਧਾਨ (ਕੰਨਸਟੀਚਿਊਸ਼ਨ) ਮੁਤਾਬਕ ਮੀਰੀ (ਸਿਆਸਤ) ਅਤੇ ਪੀਰੀ (ਧਰਮ) ਇਕੱਠੀ ਨਹੀਂ ਚੱਲ ਸਕਦੀ। ਵਿਧਾਨ ਮੁਤਾਬਕ ਕੋਈ ਵੀ ਸਿਆਸੀ ਪਾਰਟੀ ਧਰਮ ਦੇ ਪਲੇਟਫਾਰਮ ਤੋਂ ਚੋਣਾਂ ਨਹੀਂ ਲੜ ਸਕਦੀ। ਪਰ ਸਿੱਖ ਸਮਾਜ ਵਿਚ ਮੀਰੀ-ਪੀਰੀ ਦੇ ਸਿਧਾਂਤ ਨੂੰ ਤਿਲਾਂਜਲੀ ਨਹੀਂ ਦਿਤੀ ਜਾ ਸਕਦੀ। ਇਸ ਲਈ ਇਸ ਸਿਧਾਂਤ ਬਾਰੇ ਪੁਨਰ-ਵਿਚਾਰ ਕਰਕੇ, ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਇਕ ਥਾਂ ਕਰਕੇ, ਕਿਸੇ ਇਕ ਸਿਆਸੀ ਪਾਰਟੀ ਦੀ ਅਜਾਰੇਦਾਰੀ ਵੀ ਕਬੂਲ ਨਹੀਂ ਕੀਤੀ ਜਾ ਸਕਦੀ। ਇਹੋ ਕਾਰਨ ਹੈ ਕਿ ਇਸ ਸਿਧਾਂਤ ਦੀ ਆੜ ਵਿਚ ਇਕ ਸਿਆਸੀ ਪਾਰਟੀ ਨੇ ਸਾਰੀਆਂ ਹੀ ਸਿੱਖ ਸੰਸਥਾਵਾਂ ਦਾ ਸਿਆਸੀਕਰਨ ਕਰਕੇ ਸਿੱਖ ਸਮਾਜ ਦੀ ਪ੍ਰਤੀਬੱਧਤਾ ਅਤੇ ਵਕਾਰ ਉਤੇ ਸੱਟ ਹੀ ਨਹੀਂ ਮਾਰੀ ਸਗੋਂ ਵਿਅਕਤੀਗਤ ਕਬਜ਼ਾ ਕਰਕੇ ਇਨ੍ਹਾਂ ਸੰਸਥਾਵਾਂ ਨੂੰ ਨਿਗੂਣਾ ਤੇ ਅਸਰਹੀਣ ਬਣਾ ਦਿੱਤਾ ਹੈ। ਸੱਚ ਕਹਾਂ ਤਾਂ ਅੱਜ ਸਾਡੀਆਂ ਧਾਰਮਿਕ ਸੰਸਥਾਵਾਂ ਦੀ ਹਾਲਤ ਪੁਰਾਣੇ ਮਸੰਦਾਂ ਦੇ ਕਬਜ਼ੇ ਵਾਲੀ ਹਾਲਤ ਦੇ ਨੇੜੇ-ਤੇੜੇ ਹੀ ਪਹੁੰਚ ਗਈ ਹੈ। ਸਿੱਖ ਕੌਮ ਦੇ ਸੂਰਮਿਆਂ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਅਜਾਈਂ ਜਾਂਦੀਆਂ ਨਜ਼ਰ ਆ ਰਹੀਆਂ ਹਨ।

(ਅ) **ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਦਾ ਇਲਾਜ ਕੀ ਹੈ ਅਤੇ ਇਹ ਸਥਿਤੀ ਸੁਧਰ ਕਿਵੇਂ ਸਕਦੀ ਹੈ :** ਮੀਰੀ-ਪੀਰੀ ਦੇ ਸਿਧਾਂਤ ਨੂੰ ਅਜੋਕੇ ਹਾਲਾਤ ਵਿਚ ਅਸਰਦਾਰ ਕਰਨ ਲਈ ਜ਼ਰੂਰੀ ਬਣਦਾ ਹੈ ਕਿ ਅਕਾਲ ਤਖ਼ਤ ਦੀ ਉਚਤਾ, ਸ਼ਕਤੀ ਅਤੇ ਅਧਿਕਾਰ ਖੇਤਰ ਨੂੰ ਪੂਰੀ ਤਰ੍ਹਾਂ ਪ੍ਰੀਭਾਸ਼ਿਤ ਕਰਕੇ ਇਸ ਅਨੁਸਾਰ ਪ੍ਰਬੰਧ ਦੀ ਸਿਰਜਣਾ ਕੀਤੀ ਜਾਵੇ। ਇਸ ਦੇ ਪ੍ਰਬੰਧ ਨੂੰ ਸਿੱਖ ਸਮਾਜ ਤੇ ਮਨੁੱਖੀ ਭਾਈਚਾਰੇ ਦੇ ਸਰੋਕਾਰਾਂ ਦੇ ਅਨੁਕੂਲ ਉਸਾਰਿਆ ਜਾਵੇ ਤਾਂ ਜੋ ਸ੍ਰੀ ਤਖ਼ਤ ਸਾਹਿਬ ਦਾ ਸਿੱਖ ਸਮਾਜ ਵਿਚ ਬਣਦਾ ਸਨਮਾਨ ਸੁਰੱਖਿਅਤ ਕੀਤਾ ਜਾ ਸਕੇ। ਅਕਾਲ ਤਖਤ ਦੀ ਪਕੜ ਧਾਰਮਿਕ, ਆਰਥਿਕ, ਸਾਮਾਜਿਕ, ਵਿਦਿਅਕ, ਰਾਜਨੀਤਕ ਹੋ ਸਕੇਗੀ ਜੇ ਇਸ ਦੇ ਜਥੇਦਾਰ ਸਿੰਘ ਸਾਹਿਬ ਇਕ ਉਚ ਕੋਟੀ ਦੇ ਵਿਦਵਾਨ, ਉਚ ਕੋਟੀ ਦੇ ਪ੍ਰਬੰਧਕ, ਰਹਿਤ-ਮਰਿਯਾਦਾ ਅਤੇ ਕਿਰਦਾਰ ਦੀ ਜਿਉਂਦੀ ਜਾਗਦੀ, ਚਲਦੀ ਫਿਰਦੀ ਮੂਰਤ ਅਤੇ ਸਵੈਮਾਣ ਦੀ ਮਿਸਾਲੀ ਸਖਸ਼ੀਅਤ ਹੋਵੇ। ਪੱਖਪਾਤ ਉਨ੍ਹਾਂ ਦੇ ਨੇੜਿਉਂ ਦੀ ਨਾ ਲੰਘਿਆ ਹੋਵੇ। ਬਹੁਤ ਜ਼ਰੂਰੀ ਹੈ ਕਿ ਕਿਸੇ ਇਕ ਸੰਸਥਾ ਦਾ ਵਿਅਕਤੀ ਨਿਯੁਕਤ ਨਾ ਕੀਤਾ ਹੋਵੇ ਅਤੇ ਉਸ ਦੀ ਹੈਸੀਅਤ ਇਕ ਕਰਮਚਾਰੀ ਵਾਲੀ ਨਾ ਹੋਵੇ।

(ੲ) **ਜਥੇਦਾਰ ਅਤੇ ਪੰਜ ਪਿਆਰਿਆਂ ਦੀ ਨਿਯੁਕਤੀ ਦੀ ਵਿਧੀ ਕੀ ਹੋਵੇ :** ਪਹਿਲੀ ਗੱਲ ਇਹ ਹੈ ਕਿ ਸਿੱਖ ਸਮਾਜ ਦੇ ਮਾਣਮੱਤੇ ਉਚਤਮ ਅਸਥਾਨ ਵਾਸਤੇ ਜਥੇਦਾਰ ਸਿੰਘ ਸਾਹਿਬ ਉਪਰ ਦਰਸਾਈਆਂ ਸਿਫਤਾਂ ਦੇ ਮਾਲਕ ਦੀ ਚੋਣ ਇਕ 'ਕੁਲਿਜੀਅਮ' ਰਾਹੀਂ ਹੋਵੇ ਜੋ ਸਿੱਖਾਂ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦਾ ਹੋਵੇ। ਇਸ ਕੁਲਿਜੀਅਮ ਵਿਚ ਇਕਵੰਜਾ ਨੁਮਾਇੰਦੇ ਇੰਜ ਹੋ ਸਕਦੇ ਹਨ —

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 11
ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ 3
ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 4
ਚਾਰ ਤਖ਼ਤਾਂ ਦੀਆਂ ਕਮੇਟੀਆਂ ਦੇ ਨੁਮਾਇੰਦੇ 4×3=12
ਅਮਰੀਕਾ ਦੇ ਗੁਰਦੁਆਰੇ 4
ਕੈਨੇਡਾ ਦੇ ਗੁਰਦੁਆਰੇ 4
ਯੂਨਾਈਟੇਡ ਕਿੰਗਡਮ ਦੇ ਗੁਰਦੁਆਰੇ 5
ਯੂਰਪ ਦੇ ਗੁਰਦੁਆਰੇ 2
ਥਾਈਲੈਂਡ ਦੇ ਗੁਰਦੁਆਰੇ 1
ਦੂਸਰੇ ਹੋਰ 5
**ਕੁੱਲ** 51

ਇਹ ਗਿਣਤੀ ਘੱਟ ਵੱਧ ਵੀ ਹੋ ਸਕਦੀ ਹੈ। ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਸਭ ਤੋਂ ਵੱਧ ਹੋਵੇ ਪਰ ਬਹੁਮਤ ਨਾ ਹੋਵੇ। ਇਨ੍ਹਾਂ ਨੁਮਾਇੰਦਿਆਂ ਨੂੰ ਪੋਪ ਦੀ ਚੋਣ ਵਾਂਗ, ਤੇਜਾ ਸਿੰਘ ਸਮੁੰਦਰੀ ਹਾਲ ਵਿਚ ਬੰਦ ਕਰ ਦਿੱਤਾ ਜਾਏ। ਪਰ ਓਨੀ ਦੇਰ ਬਾਹਰ ਨਾ ਨਿਕਲ ਸਕਣ ਜਦੋਂ ਤਕ ਪੰਜੋਂ ਹੀ ਤਖ਼ਤਾਂ ਦੇ ਜਥੇਦਾਰ ਸਿੰਘ ਸਾਹਿਬ ਅਤੇ ਹਰ ਤਖ਼ਤ ਦੇ ਪੰਜ ਪਿਆਰੇ ਸਰਬਸੰਮਤੀ ਨਾਲ ਚੁਣੇ ਨਾ ਜਾਣ। ਇਸ ਵਿਧੀ ਨਾਲ ਇਨ੍ਹਾਂ ਤਖ਼ਤਾਂ ਦੇ ਜਥੇਦਾਰਾਂ ਅਤੇ ਪੰਜ ਪਿਆਰਿਆਂ ਉਤੇ ਕਿਸੇ ਸੰਸਥਾ ਜਾਂ ਵਿਅਕਤੀ ਦਾ ਪ੍ਰਭਾਵ ਜਾਂ ਦਬਾਓ ਨਹੀਂ ਰਹਿ ਜਾਂਦਾ। ਪੰਜ ਪਿਆਰਿਆਂ ਨੂੰ ਗੁਰੂ ਮਹਾਰਾਜ ਨੇ ਆਪਣੇ ਤੋਂ ਉਚਾ ਸਥਾਨ ਦਿੱਤਾ ਹੈ। ਇਹ ਪੰਜ ਪਿਆਰਿਆਂ ਦਾ ਹੁਕਮ ਹੀ ਸੀ ਜੋ ਦਸਮ ਪਾਤਸ਼ਾਹ ਨੂੰ ਚਮਕੌਰ ਦੀ ਗੜ੍ਹੀ ਛੱਡਣੀ ਪਈ ਸੀ। ਇਸ ਤਰ੍ਹਾਂ ਪੰਜਾਂ ਪਿਆਰਿਆਂ ਨੂੰ ਪੰਜੋਂ ਹੀ ਤਖ਼ਤਾਂ ਅਤੇ ਜਥੇਦਾਰ ਸਿੰਘ ਸਾਹਿਬ ਦੇ ਨਿਗਰਾਨ ਅਤੇ ਸਹਾਇਕ ਮੰਨਿਆ ਜਾਏ। ਨਾ ਹੀ ਇਨ੍ਹਾਂ ਤਖ਼ਤਾਂ ਦੇ ਜਥੇਦਾਰ ਅਤੇ ਨਾ ਹੀ ਇਹ ਪੰਜ ਪਿਆਰੇ ਕਿਸੇ ਵੀ ਸੰਸਥਾ ਦੇ ਕਰਮਚਾਰੀ ਸਮਝੇ ਜਾਣ। ਇਸ ਵਿਧੀ ਨਾਲ ਚੁਣੀਆਂ ਇਹ ਉਚਤਮ ਹਸਤੀਆਂ ਕਿਸੇ ਦੀਆਂ ਨਿਯੁਕਤ ਕੀਤੀਆਂ ਅਸਾਮੀਆਂ ਨਹੀਂ ਰਹਿ ਜਾਂਦੀਆਂ।

ਬਦਕਿਸਮਤੀ ਇਹ ਕਿ ਸਿੱਖ ਸਮਾਜ ਦੀਆਂ ਇਨ੍ਹਾਂ ਸਿਰਮੌਰ ਸ਼ਖਸੀਅਤਾਂ ਨਾਲ ਪਿਛਲੇ ਸਮੇਂ ਵਿਚ ਕਰਮਚਾਰੀਆਂ ਵਾਂਗੂੰ ਸਲੂਕ ਕੀਤਾ ਗਿਆ ਹੈ। ਪੰਜ ਪਿਆਰੇ ਸਸਪੈਂਡ ਕਰ ਦਿੱਤੇ, ਟਰਾਂਸਫਰ ਕਰ ਦਿੱਤੇ, ਨੌਕਰੀਓਂ ਕੱਢ ਦਿੱਤੇ। ਇਸ ਤੋਂ ਵੱਧ ਇਤਰਾਜ਼ਯੋਗ ਵਰਤਾਰਾ ਹੋਰ ਕੀ ਹੋ ਸਕਦਾ ਹੈ। ਦੂਜੇ ਪਾਸੇ ਅਕਾਲ ਤਖ਼ਤ ਦਾ ਜਥੇਦਾਰ ਸਿੰਘ ਸਾਹਿਬ ਐਸਾ ਨਹੀਂ ਹੋਣਾ ਚਾਹੀਦਾ ਜੋ ਕਿਸੇ ਦਬਾਅ ਹੇਠ 'ਚਿੜੀਓ ਮਰ ਜਾਓ, ਚਿੜੀਓ ਜ਼ਿੰਦਾ ਹੋ ਜਾਓ' ਵਾਲੀ ਸਥਿਤੀ ਪੈਦਾ ਕਰ ਦੇਵੇ, ਜਾਂ ਫੇਰ ਜਾਂਦਾ ਜਾਂਦਾ ਪੀਸੀਓ ਤੋਂ ਹੁਕਮਨਾਮਾ ਜਾਰੀ ਕਰ ਦੇਵੇ।

(ਸ) **ਹੁਕਮਨਾਮਾ ਜਾਰੀ ਕਰਨ ਦੀ ਵਿਧੀ ਬਾਰੇ ਸੁਝਾਅ :** ਇਹ ਚੋਣ ਵਿਧੀ ਇਨ੍ਹਾਂ ਸੰਸਥਾਵਾਂ ਅਤੇ ਮਾਣਮੱਤੀਆਂ ਹਸਤੀਆਂ ਨੂੰ ਕਿਸੇ ਵੀ ਸਿਆਸੀ ਪ੍ਰਭਾਵ ਤੋਂ ਉੱਪਰ ਉਠਾ ਦੇਵੇਗੀ ਅਤੇ ਆਜ਼ਾਦਾਨਾ ਤੌਰ ਉਤੇ ਸਹੀ ਫੈਸਲੇ ਲੈਣ ਦੇ ਕਾਬਲ ਬਣਾ ਦੇਵੇਗੀ।

ਇਸ ਦੇ ਨਾਲ ਇਹ ਵੀ ਲਾਜ਼ਮੀ ਹੈ ਕਿ ਹੁਕਮਨਾਮੇ ਬਹੁਤ ਹੀ ਘੱਟ ਅਤੇ ਸੰਜਮ ਨਾਲ ਜਾਰੀ ਕੀਤੇ ਜਾਣ। ਕੋਈ ਵੀ ਹੁਕਮਨਾਮਾ ਜਾਰੀ ਕਰਨ ਤੋਂ ਪਹਿਲੋਂ ਪੰਜੇ ਤਖ਼ਤਾਂ ਦੀ ਮੀਟਿੰਗ ਹੋਵੇ ਅਤੇ ਸਲਾਹ ਨਾਲ ਹੁਕਮਨਾਮਾ ਜਾਰੀ ਹੋਵੇ। ਜਦ ਏਨਾ ਸੋਚ-ਸਮਝ ਕੇ ਅਤੇ ਸੰਜਮ ਨਾਲ ਹੁਕਮਨਾਮਾ ਜਾਰੀ ਹੋਵੇਗਾ ਤਾਂ ਸਮਾਜ ਨੂੰ ਝੰਜੋੜ ਕੇ ਰੱਖ ਦੇਵੇਗਾ।

(ਹ) **ਸਜ਼ਾ ਦਾ ਸੰਕਲਪ ਨਹੀਂ ਸਗੋਂ ਬਖਸ਼ਿਸ਼ਾਂ ਦਾ ਦਰ :** ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਗੁਰੂ ਘਰ ਵਿਚ ਸਜ਼ਾ ਦਾ ਤਾਂ ਸੰਕਲਪ ਹੀ ਨਹੀਂ ਹੈ। ਇਥੇ ਤਾਂ ਬਖਸ਼ਿਸ਼ਾਂ ਹੀ ਬਖਸ਼ਿਸ਼ਾਂ ਹਨ। ਗੁਰੂ ਘਰ ਵਿਚ ਸੇਵਾ ਦਾ ਬੜਾ ਉਚਾ ਦਰਜਾ ਹੈ। ਸੇਵਾ ਮਨਮੁੱਖ ਨੂੰ ਗੁਰਮੁੱਖ ਬਣਾਉਂਦੀ ਹੈ। ਪਰ ਜੇ ਸੇਵਾ ਤਨਖਾਹ ਵਜੋਂ ਦਿੱਤੀ ਜਾਏ ਤਾਂ ਇਸ ਤੋਂ ਵੱਡੀ ਸਜ਼ਾ ਵੀ ਕੋਈ ਨਹੀ। ਗਲ ਵਿਚ 'ਮੈਂ ਗੁਨਾਹਗਾਰ ਹਾਂ' ਦੀ ਫੱਟੀ ਪਾ ਕੇ ਸੇਵਾ ਦੀ ਤਨਖਾਹ ਬੰਦ ਹੋਣੀ ਚਾਹੀਦੀ ਹੈ। ਇਹ ਸ਼ਰਧਾਲੂ ਸਿੱਖ ਦੀ ਸ਼ਖ਼ਸੀਅਤ ਉਤੇ ਬਹੁਤ ਡੂੰਘੀ ਸੱਟ ਮਾਰਦੀ ਹੈ।

(ਕ) **ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵੱਖਰਾ ਬਜਟ ਅਤੇ ਉਸ ਦੇ ਪ੍ਰਬੰਧ ਦੀ ਵਿਧੀ :** ਦੂਸਰਾ ਮਹੱਤਵਪੂਰਨ ਪੱਖ ਇਹ ਹੈ ਕਿ ਇਨ੍ਹਾਂ ਤਖ਼ਤਾਂ ਦਾ ਬਜਟ ਵੱਖਰਾ ਹੋਵੇ ਅਤੇ ਜਥੇਦਾਰ ਸਿੰਘ ਸਾਹਿਬ ਹੀ ਇਸ ਦੇ ਖਰਚੇ ਅਤੇ ਹਿਸਾਬ ਦੇ ਮੁਖੀ ਹੋਣ। ਇਹ ਬਜਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦੂਸਰੀਆਂ ਗੁਰਦੁਆਰਾ ਕਮੇਟੀਆਂ ਆਪਣੇ ਬਜਟ ਵਿਚ ਇਕ ਵੱਖਰੀ ਬਜਟ ਲੜੀ ਦੇ ਤੌਰ ਉਤੇ ਮੁਹਈਆ ਕਰਨ। ਪਰ ਤਖ਼ਤਾਂ ਦੇ ਖਰਚੇ ਵਿਚ ਕੋਈ ਦਖਲ ਨਹੀਂ ਹੋਣਾ ਚਾਹੀਦਾ। ਆਜ਼ਾਦਾਨਾ ਤੌਰ ਉਤੇ ਜਥੇਦਾਰ ਸਾਹਿਬਾਨ ਦੀ ਮਨਜ਼ੂਰੀ ਅਤੇ ਦੇਖ-ਰੇਖ ਅੰਦਰ ਇਨ੍ਹਾਂ ਤਖ਼ਤਾਂ ਦੇ ਸਕੱਤਰੇਤ ਖਰਚਾ ਕਰਨ ਅਤੇ ਅੰਦਰੂਨੀ ਆਡਿਟ ਰਿਪੋਰਟ ਪ੍ਰਬੰਧਕ ਕਮੇਟੀਆਂ ਨੂੰ ਸੂਚਿਤ ਕਰਨ ਹਿੱਤ ਭੇਜੀ ਜਾਵੇ।

ਇਸ ਤਰ੍ਹਾਂ ਦੇ ਪ੍ਰਬੰਧ ਨਾਲ ਸਿੱਖ ਸਮਾਜ, ਅਕਾਲ ਤਖ਼ਤ ਅਤੇ ਦੂਜੇ ਚਾਰੋਂ ਤਖ਼ਤਾਂ, ਇਨ੍ਹਾਂ ਦੇ ਜਥੇਦਾਰ ਸਿੰਘ ਸਾਹਿਬਾਨ ਅਤੇ ਪੰਜ ਪਿਆਰਿਆਂ ਦਾ ਵਕਾਰ ਵਿਸ਼ਵ-ਪੱਧਰ ਉਤੇ ਮਾਣ ਮੱਤਾ ਹੋ ਜਾਏਗਾ ਅਤੇ ਕੋਈ ਸਿਆਸੀ ਪਾਰਟੀ ਜਾਂ ਵਿਅਕਤੀ ਮੀਰੀ-ਪੀਰੀ ਦੇ ਸਿਧਾਂਤ ਨੂੰ ਅਗਵਾ ਅਤੇ ਕਿਸੇ ਤਰ੍ਹਾਂ ਵੀ ਪ੍ਰਭਾਵਿਤ ਨਹੀਂ ਕਰ ਸਕੇਗਾ। ਇਸ ਵਿਧੀ ਨਾਲ ਸਥਾਪਿਤ ਕੀਤਾ ਅਕਾਲ ਤਖ਼ਤ ਦਾ ਜਥੇਦਾਰ ਸਿੰਘ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਜੋਕੀ ਕੋਝੀ ਸਿਆਸਤ ਤੋਂ ਮੁਕਤ ਕਰਵਾ ਸਕਦਾ ਹੈ। ਇਕ ਵਿਆਪਕ ਹੁਕਮਨਾਮਾ ਜਾਰੀ ਕਰਕੇ ਮੈਂਬਰੀ ਦੀ ਚੋਣ ਦੇ ਖਾਹਸ਼ਮੰਦ ਦੀ ਗੈਰਸਿਆਸੀ ਯੋਗਤਾ ਨਿਸਚਿਤ ਕਰ ਸਕਦਾ ਹੈ, ਜਿਵੇਂ ਕਿ ਕੋਈ ਉਮੀਦਵਾਰ ਗਰੇਜੂਏਟ ਤੋਂ ਘੱਟ ਨਾ ਹੋਵੇ, ਕਿਸੇ ਸਿਆਸੀ ਪਾਰਟੀ ਦਾ ਮੈਂਬਰ ਜਾਂ ਵਰਕਰ ਨਾ ਹੋਵੇ। ਗੁਰਬਾਣੀ ਵਿਚ ਪ੍ਰੋੜ੍ਹ ਹੋਵੇ। ਸਿੱਖੀ ਸਿਧਾਂਤਾਂ ਦਾ ਜਾਣੂ ਅਤੇ ਪੈਰੋਕਾਰ ਹੋਵੇ ਆਦਿ। ਇਹ ਸਾਰੀ ਸਹੁੰ ਹਲਫਨਾਮੇ ਉਤੇ ਦੇਵੇ ਤੇ ਇਕ ਵੀ ਅਵੱਗਿਆ ਕਰਨ ਉਤੇ ਉਸ ਦੀ ਮੈਂਬਰੀ ਖਤਮ ਕਰ ਦਿੱਤੀ ਜਾਏ ਆਦਿ।

(ਖ) **ਪੰਥ ਵਿਚੋਂ ਛੇਕਣਾ ਤੇ ਸ਼ਾਮਿਲ ਕਰਨਾ :** ਜਾਂਦੇ ਜਾਂਦੇ ਇਕ ਹੋਰ ਸਮੱਸਿਆ ਉਤੇ ਵੀ ਮੈਂ ਆਪਣੇ ਵਿਚਾਰ ਤੁਹਾਡੇ ਨਜ਼ਰ ਗੋਚਰੇ ਕਰਨਾ ਚਾਹੁੰਦਾ ਹਾਂ। ਜਦੋਂ ਸਰੀਰ ਦਾ ਕੋਈ ਅੰਗ ਬੀਮਾਰ ਹੋਵੇ, ਖਰਾਬ ਹੋ ਜਾਏ ਤੇ ਤਕਲੀਫ ਦਿੰਦਾ ਹੋਵੇ ਤਾਂ ਉਸ ਨੂੰ ਕੱਟ ਕੇ ਸੁੱਟ ਨਹੀਂ ਦੇਣਾ ਹੁੰਦਾ। ਉਸ ਦਾ ਇਲਾਜ ਕਰਨਾ ਬਣਦਾ ਹੈ। ਮੇਰੀ ਸੋਚਣੀ ਮੁਤਾਬਿਕ ਕੋਈ ਵੀ ਧਰਮ ਛੇਕਣ ਨਾਲ ਪ੍ਰਫੁੱਲਤ ਨਹੀਂ ਹੁੰਦਾ, ਸਗੋਂ ਸ਼ਾਮਿਲ ਕਰਨ ਨਾਲ ਫੈਲਦਾ ਤੇ ਫਲਦਾ ਹੈ। ਜਿਹੜੇ ਬੱਚੇ ਦਾੜ੍ਹੀ ਕੇਸਾਂ ਤੋਂ ਅਵੇਸਲੇ ਹੋ ਕੇ ਦਸਤਾਰਾਂ ਨੂੰ ਵੀ ਛੱਡਦੇ ਜਾ ਰਹੇ ਹਨ, ਉਨ੍ਹਾਂ ਨੂੰ ਸਮਝਾ ਬੁਝਾ ਕੇ ਗਲ ਨਾਲ ਲਾ ਕੇ ਪਿਆਰ ਨਾਲ ਪੰਥ ਵਿਚ ਰਲਾਉਣਾ ਚਾਹੀਦਾ ਹੈ।

(ਗ) **ਸਹਿਜਧਾਰੀਆਂ ਨੂੰ ਗਲ ਨਾਲ ਲਾਈਏ :** ਮੇਰੀ ਸਮਝ ਮੁਤਾਬਕ, ਸਹਿਜਧਾਰੀ ਸਿੱਖਾਂ ਨੂੰ ਸਿੱਖ ਨਾ ਮੰਨਣਾ, ਇਕ ਕਿਸਮ ਦਾ ਸਿੱਖ ਸਮਾਜ ਦੇ ਸਰੀਰ ਤੋਂ ਇਕ ਬਹੁਗਿਣਤੀ, ਮਹੱਤਵਪੂਰਨ ਅੰਗ ਨੂੰ ਜੁਦਾ ਕਰ ਦੇਣਾ, ਸੌੜੀ ਸਿਆਸੀ ਨੀਤੀ ਦਾ ਨਤੀਜਾ ਹੈ। ਇਹ ਧਰਮ ਪ੍ਰਚਾਰ ਦੀ ਨਾਕਾਮੀ ਦਰਸਾਉਂਦਾ ਹੈ। ਬਜਾਏ ਇਸ ਦੇ ਕਿ ਅਸੀਂ ਆਪਣੇ ਕਿਰਦਾਰ, ਵਿਹਾਰ, ਵਰਤਾਰੇ ਅਤੇ ਕਦਰਾਂ ਕੀਮਤਾਂ ਦੇ ਆਧਾਰ ਉਤੇ ਸਹਿਜਧਾਰੀਆਂ ਨੂੰ ਸਹਿਜੇ ਸਹਿਜੇ ਨੇੜੇ ਲਿਆਈਏ, ਸਾਡੀ ਸੌੜੀ ਸਿਆਸੀ ਨੀਤੀ ਨੇ ਸਹਿਜਧਾਰੀ ਸਿੱਖਾਂ ਨੂੰ ਬੇਦਖਲ ਹੀ ਕਰ ਦਿੱਤਾ ਹੈ।

(ਘ) **ਸਿੱਖ ਧਰਮ ਅਤੇ ਇਨਸਾਨੀ ਭਾਈਚਾਰਾ :** ਸਤਿਗੁਰ ਨਾਨਕ ਦਾ ਧਰਮ ਤਾਂ ਇਨਸਾਨੀ ਭਾਈਚਾਰੇ ਦਾ ਹੈ। ਮਨੁੱਖਤਾਵਾਦ ਹੀ ਧਰਮ ਹੈ। ਸਤਿਗੁਰ ਨਾਨਕ ਦੀ ਗੁਰਬਾਣੀ ਤਾਂ ਇਕ ਜਗਤ ਜੋਤ ਹੈ। ਇਸ ਦੀ ਲੋਅ ਨੂੰ ਕਿਸੇ ਇਕ ਸੰਪ੍ਰਦਾਇ ਜਾਂ ਬਰਾਦਰੀ ਤਕ ਸੀਮਤ ਨਹੀਂ ਕੀਤਾ ਜਾ ਸਕਦਾ। ਇਹ ਤਾਂ, 'ਏਕ ਨੂਰ ਤੇ ਸਭੁ ਜਗੁ ਉਪਜਿਆ' ਦਾ ਹੋਕਾ ਦਿੰਦੀ ਹੈ। 'ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ', 'ਨਾ ਕੋ ਬੈਰੀ ਨਹੀ ਬਿਗਾਨਾ' ਦਾ ਮੰਤਰ ਪੜ੍ਹਾਉਂਦੀ ਹੈ। ਇਹ ਤਾਂ 'ਸਭੈ ਘਟ ਰਾਮੁ ਬੋਲੈ', 'ਸਿਆਮ ਸੁੰਦਰ ਤਜਿ ਨੀਦ ਕਿਉ ਆਈ' ਅਲਾਪਦੀ ਹੈ। ਇਸ ਲਈ ਸਭ ਨਾਲ ਪਿਆਰ ਸਭ ਪ੍ਰਾਣੀ ਮਾਤਰ ਨੂੰ ਗੁਰਬਾਣੀ ਦੇ ਇਕੋ ਜਹੇ ਸਰਬ ਸਾਂਝੇ ਸੰਦੇਸ਼ ਅਨੁਸਾਰ ਆਪਣਾ ਜੀਵਨ ਸਫਲਾ ਕਰਨ ਵਲ ਤੋਰਨਾ ਗੁਰੂ ਸਾਹਿਬ ਨੇ ਸਾਨੂੰ ਸਿਖਾਇਆ ਹੈ।

ਸਵਾਲ ਇਹ ਹੈ ਕਿ ਕੀ ਨੌਂ ਗੁਰੂ ਸਾਹਿਬਾਨ ਦੇ ਜ਼ਮਾਨੇ ਵਿਚ ਸਿੱਖ ਨਹੀਂ ਸਨ। ਦੂਜੇ ਕੀ ਗੁਰਬਾਣੀ ਵਿਚ ਮੁਸਲਮਾਨ ਫਕੀਰਾਂ, ਸਾਈਆਂ, ਭੱਟਾਂ, ਭਗਤਾਂ ਦੀ ਬਾਣੀ ਨਹੀਂ। ਇਸ ਜਾਗਤ ਜੋਤ ਦਾ ਫੈਲਾਓ ਸਾਰੀ ਦੁਨੀਆ ਉਤੇ ਕਿਉਂ ਨਹੀਂ ਹੋਣ ਦਿੱਤਾ ਜਾਂਦਾ ? ਅਸੀਂ ਸਤਿਗੁਰੂ ਬਾਬੇ ਨਾਨਕ ਦੀ ਮਨੁੱਖਤਾ ਨੂੰ ਕਿਸੇ ਸੀਮਾ ਵਿਚ ਨਾ ਬੰਨ੍ਹੀਏ ਅਤੇ ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਉਪਰਾਲਾ ਕਰੀਏ। ਤ੍ਰਾਸਦੀ ਤਾਂ ਇਹ ਹੈ ਕਿ ਅਸੀਂ ਬਾਬੇ ਨਾਨਕ ਨੂੰ ਤਾਂ ਮੰਨਦੇ ਹਾਂ ਪਰ ਬਾਬੇ ਨਾਨਕ ਦੀ ਨਹੀਂ ਮੰਨਦੇ। ਗੁਰੂ ਗ੍ਰੰਥ ਸਾਹਿਬ ਨੂੰ ਪੂਜਦੇ ਹਾਂ, ਮੱਥੇ ਟੇਕਦੇ ਹਾਂ, ਗੁਰੂ ਦੀ ਬਾਣੀ ਨੂੰ ਪੜ੍ਹਦੇ, ਸੁਣਦੇ ਵਿਚਾਰਦੇ ਹਾਂ ਪਰ ਜ਼ਿੰਦਗੀ ਵਿਚ ਢਾਲਦੇ ਨਹੀਂ। ਜੇ ਸਿੱਖ ਧਰਮ, ਜੋ ਕਿ ਇਕ ਸਰਬਸੰਸਾਰੀ ਧਰਮ ਹੈ, ਜੋ ਗੁਰੂ ਨਾਨਕ ਦੀ ਮਨੁੱਖਤਾ ਦਾ ਹੋਕਾ ਦਿੰਦਾ ਹੈ, ਨੂੰ ਸਹੀ ਅਰਥਾਂ ਵਿਚ ਸਰਬਵਿਆਪੀ ਜੋਤ ਵਾਂਗ ਜਗਾਉਣਾ ਹੈ ਤਾਂ ਸਿੱਖ ਧਰਮ ਦੇ ਆਗੂਆਂ ਨੂੰ ਇਨ੍ਹਾਂ ਪੱਖਾਂ ਉਤੇ ਵਿਚਾਰ ਕਰਨਾ ਬਣਦਾ ਹੈ।

**ਪੰਜ ਪਿਆਰਿਆਂ ਨੂੰ ਗੁਰੂ ਮਹਾਰਾਜ ਨੇ ਆਪਣੇ ਤੋਂ ਉਚਾ ਸਥਾਨ ਦਿੱਤਾ ਹੈ। ਇਹ ਪੰਜ ਪਿਆਰਿਆਂ ਦਾ ਹੁਕਮ ਹੀ ਸੀ ਜੋ ਦਸਮ ਪਾਤਸ਼ਾਹ ਨੂੰ ਚਮਕੌਰ ਦੀ ਗੜ੍ਹੀ ਛੱਡਣੀ ਪਈ ਸੀ। ਇਸ ਤਰ੍ਹਾਂ ਪੰਜਾਂ ਪਿਆਰਿਆਂ ਨੂੰ ਪੰਜੋਂ ਹੀ ਤਖ਼ਤਾਂ ਅਤੇ ਜਥੇਦਾਰ ਸਿੰਘ ਸਾਹਿਬ ਦੇ ਨਿਗਰਾਨ ਅਤੇ ਸਹਾਇਕ ਮੰਨਿਆ ਜਾਏ। ਨਾ ਹੀ ਇਨ੍ਹਾਂ ਤਖ਼ਤਾਂ ਦੇ ਜਥੇਦਾਰ ਅਤੇ ਨਾ ਹੀ ਇਹ ਪੰਜ ਪਿਆਰੇ ਕਿਸੇ ਵੀ ਸੰਸਥਾ ਦੇ ਕਰਮਚਾਰੀ ਸਮਝੇ ਜਾਣ। ਇਸ ਵਿਧੀ ਨਾਲ ਚੁਣੀਆਂ ਇਹ ਉਚਤਮ ਹਸਤੀਆਂ ਕਿਸੇ ਦੀਆਂ ਨਿਯੁਕਤ ਕੀਤੀਆਂ ਅਸਾਮੀਆਂ ਨਹੀਂ ਰਹਿ ਜਾਂਦੀਆਂ। ਬਦਕਿਸਮਤੀ ਇਹ ਕਿ ਸਿੱਖ ਸਮਾਜ ਦੀਆਂ ਇਨ੍ਹਾਂ ਸਿਰਮੌਰ ਸ਼ਖਸੀਅਤਾਂ ਨਾਲ ਪਿਛਲੇ ਸਮੇਂ ਵਿਚ ਕਰਮਚਾਰੀਆਂ ਵਾਂਗੂੰ ਸਲੂਕ ਕੀਤਾ ਗਿਆ ਹੈ। ਪੰਜ ਪਿਆਰੇ ਸਸਪੈਂਡ ਕਰ ਦਿੱਤੇ, ਟਰਾਂਸਫਰ ਕਰ ਦਿੱਤੇ, ਨੌਕਰੀਓਂ ਕੱਢ ਦਿੱਤੇ। ਇਸ ਤੋਂ ਵੱਧ ਇਤਰਾਜ਼ਯੋਗ ਵਰਤਾਰਾ ਹੋਰ ਕੀ ਹੋ ਸਕਦਾ ਹੈ।**









Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਸਾਲਾਨਾ ਬੇਅ ਏਰੀਆ ਅਖੰਡ ਕੀਰਤਨ ਸਮਾਗਮ

## 16 ਫਰਵਰੀ ਤੋਂ 24 ਫਰਵਰੀ, 2019 ਤੱਕ




ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਬੇਅ ਏਰੀਆ, ਕੈਲੀਫੋਰਨੀਆ ਦੀ ਸੰਗਤ ਵਲੋਂ ਸਮੂਹ ਸ਼ਹੀਦ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਸਾਲਾਨਾ ਅਖੰਡ ਕੀਰਤਨ ਸਮਾਗਮ 16 ਫਰਵਰੀ ਤੋਂ 24 ਫਰਵਰੀ, 2019 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਸੈਨ ਹੋਜੇ ਵਿਖੇ ਕਰਵਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਗੁਰਬਾਣੀ ਕੀਰਤਨ ਦਾ ਲਾਹਾ ਲੈਣ ਦੀ ਬੇਨਤੀ ਹੈ ਜੀ।

## ਪ੍ਰੋਗਰਾਮ ਦਾ ਵੇਰਵਾ

### 16 ਫਰਵਰੀ, 2019 (ਸਨਿਚਰਵਾਰ)

ਕੀਰਤਨ ਆਸਾ ਦੀ ਵਾਰ: ਸਵੇਰੇ 4 ਤੋਂ 6 ਵਜੇ ਤੱਕ
ਅਰੰਭ ਸ੍ਰੀ ਅਖੰਡ ਪਾਠ: ਸਵੇਰੇ 6 ਵਜੇ

### 18 ਫਰਵਰੀ, 2019 (ਸੋਮਵਾਰ)

ਭੋਗ ਸ੍ਰੀ ਅਖੰਡ ਪਾਠ: ਸਵੇਰੇ 6 ਵਜੇ
ਕੀਰਤਨ ਆਸਾ ਦੀ ਵਾਰ: ਸਵੇਰੇ 6 ਤੋਂ 11 ਵਜੇ ਤੱਕ
ਭਾਈ ਸੋਹਨ ਸਿੰਘ ਦੇ ਗ੍ਰਹਿ ਵਿਖੇ
ਪਤਾ: 1259 S. Wilshire Avenue,
Mountain House, CA 95931

### 20 ਫਰਵਰੀ, 2019 (ਬੁੱਧਵਾਰ)

ਅਖੰਡ ਕੀਰਤਨ: ਸ਼ਾਮ 5:30 ਤੋਂ ਰਾਤ 8:30 ਵਜੇ ਤੱਕ
ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ
2356 Walsh Avenue, Santa Clara, CA 95051

**ਕਿਰਤ ਕਰੋ, ਨਾਮ ਜਪੋ, ਵੰਡ ਛਕੋ**

### 21 ਫਰਵਰੀ, 2019 (ਵੀਰਵਾਰ)

ਅੰਮ੍ਰਿਤ ਵੇਲਾ (ਲਾਇਬਰੇਰੀ): ਤੜਕੇ 3 ਵਜੇ ਤੋਂ 6 ਵਜੇ ਤੱਕ
ਕੀਰਤਨ ਆਸਾ ਦੀ ਵਾਰ (ਨਾਰਥ ਹਾਲ): ਸਵੇਰੇ 6 ਵਜੇ ਤੋਂ 11 ਵਜੇ ਤੱਕ
ਅਖੰਡ ਕੀਰਤਨ (ਨਾਰਥ ਹਾਲ): ਸ਼ਾਮ 5:30 ਤੋਂ ਰਾਤ 9:30 ਵਜੇ ਤੱਕ

### 22 ਫਰਵਰੀ, 2019 (ਸ਼ੁੱਕਰਵਾਰ)

ਅੰਮ੍ਰਿਤ ਵੇਲਾ (ਲਾਇਬਰੇਰੀ): ਤੜਕੇ 3 ਵਜੇ ਤੋਂ 6 ਵਜੇ ਤੱਕ
ਕੀਰਤਨ ਆਸਾ ਦੀ ਵਾਰ (ਨਾਰਥ ਹਾਲ): ਸਵੇਰੇ 6 ਤੋਂ ਦੁਪਹਿਰ 12 ਵਜੇ ਤੱਕ
ਵਰਕਸ਼ਾਪ-ਪਿਆਰ ਦਾ ਤੋਹਫਾ (ਲਾਇਬਰੇਰੀ): ਦੁਪਹਿਰ ਇਕ ਵਜੇ
ਅਖੰਡ ਕੀਰਤਨ (ਨਾਰਥ ਹਾਲ): ਸ਼ਾਮ 5:30 ਵਜੇ ਤੋਂ ਰਾਤ 9:30 ਵਜੇ ਤੱਕ

### 23 ਫਰਵਰੀ, 2019 (ਸਨਿਚਰਵਾਰ)

ਅੰਮ੍ਰਿਤ ਵੇਲਾ (ਲਾਇਬਰੇਰੀ): ਤੜਕੇ 3 ਵਜੇ ਤੋਂ 6 ਵਜੇ ਤੱਕ
ਅੰਮ੍ਰਿਤ ਸੰਚਾਰ: ਸਵੇਰੇ 8 ਵਜੇ ਤੋਂ
ਕੀਰਤਨ ਆਸਾ ਦੀ ਵਾਰ (ਨਾਰਥ ਹਾਲ): ਸਵੇਰੇ 6 ਤੋਂ ਦੁਪਹਿਰ 12 ਵਜੇ ਤੱਕ
ਰੈਨ ਸਬਾਈ ਕੀਰਤਨ (ਨਾਰਥ ਹਾਲ): ਸ਼ਾਮ 6 ਵਜੇ ਤੋਂ ਸਵੇਰੇ 5 ਵਜੇ ਤੱਕ

**Sikh Gurdwara San Jose**
ਪਤਾ: 3636 Gurdwara Avenue, San Jose, CA 95148

ਫੋਨ: 657-464-4534, 408-540-6680, 503-929-4252, 408-418-8053 ਜਾਂ Email: sevaa@isangat.org

Khalsa School
Sikh Gurdwara San Jose
SJC, SFO, OAK
Live Broadcast: AKJ.Org YouTube.com/AKJdotOrg Akhand Keertanee Jathaa


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


GP THE GOLD PROGRAM
TRANSPORTATION'S PREMIER BUYING PROGRAM
TRANS-ALLIANCE
NATIONAL ACCOUNT TIRE SAVINGS AND BENEFITS
As a Trans-Alliance customer, you have access to our national accounts with most major tire brands.
The Gold Program allows you to purchase premium tires at deep discounts. In addition to stock purchases, you also have access to your pricing over-the-road.
Save an average of $40/tire.
Consistent Nationwide Pricing
Pay the same low price whether you buy over-the-road or at your local dealer.
24/7/365 Coverage
Call us around the clock, and get access to our emergency roadside service program.
No Minimum Purchases
Buy only the number of tires you want at any given time.
Retain Your Local Service
Buy and receive service from your local dealer, and receive our national account service pricing.
— Save on top brands, like —
MICHELIN Continental GOODYEAR
BFGoodrich GENERAL TIRE DUNLOP
YOKOHAMA KUMHO TIRES ROADMASTER TIRES
Trans-Alliance knows that every dollar counts.
That's why they want to help you save on your tire purchases. Trans-Alliance customers receive nationwide discounts and benefits with most major tire brands.
Don't overpay for your tires. Contact Trans-Alliance today to learn more and request a free quote.
sales@trans-alliance.com
(855) 641-6955


6TH ANNUAL FUNCTION
SANJHI SOCH NEWSPAPER
SATTI SATWINDER
JEETA GILL
DAVINDER PAMMI
JOT RANJIT
SHOKAT ALI
DHARAMVIR GARCHA
BEENA SAGAR
SUNNY BABBAR
RABINA UPPAL (BABY STAGE HOST)
APNA PUNJAB BHANGRA TEAM
ASHA SHARMA (STAGE HOST)
APNA PUNJAB BHANGRA TEAM
ARVEEN (MISS MANTECA)
23RD, FEB. 2019, SATURDAY AT 5PM TO 9PM
PLACE: NIRVAANA BANQUET HALL
1005-E, PESCADERO AVE. TRACY, CA- 95304
CHIEF GUEST
MANVIR PAWAR
&
MIKE SANDHU
OUR SPONSOR
MANVIR PAWAR, SARABJIT (SHABBA) THIARA, PARDEEP SHARMA (FALMINGO PALACE), SATNAM SINGH KHAIRA (SINGH TRANSPORT), HARVINDER SINGH KULAR, SARBJIT SINGH SABI (YUBA CITY), RANJIT BARIYAR (WHITE HAWK), GURJEET CHAHAL (GORA TRUCKING), BHAGDEEP SINGH (SEA TRANSPORTATION), TIRE & WHEEL OUTLET (STOCKTON), SAKINDER GREWAL (PUBNJABI DHABA DIXON), GURDEEP CHAUHAN (BULDOG TRANSPORT), HARPREET SINGH SIDHU, MANMEET GREWAL, RAJA CHANDI, ASHWANI BHAKHRI (ATTORNEY AT LAW), MANJIT UPPAL, AVTAR GILL (GILL INSURANCE), SARDOOL BAJWA, PAUL CHADDA (CHADDA CONSTRUCTION), SUMAN TRANSPORT, JASBIR TAKHAR (AAA AUTO BODY SHOP HAYWARD), SURJIT MALHI, JAGROOP SIDHU, SIMRAN HUNDAL, GOLDEN STATE TRUCK, MANJIT RAI, DHARMVIR GARCHA, TONY GILL, G.S.PANNU, AKB TRASPORTATION, AMBIENCE FURNITURE, A1 TRUCKING, JOGA SINGH MINHAS (FILL SMART ARCO), BHAJAN BHINDER, GURCHARAN MANN, JAGJIT SINGH, AMARJIT SINGH, ROSY KAUR (CALIFORNIA IMMIGRATION SERVICES), MAGAR SINGH (MOON LIGHT ICE CREAM), NIRVAIL SINGH, RANA SANDHU, DALWINDER DHOOT, DARSHAN AUJHLA, RAMA KANT DAWAR, SUDESH ATWAL, HARKRISHAN KHATTKAR, DAVINDER BAINS, PUNJAB INSURANCE, MALUK DHAMI
RSVP
PAUL SAHOTA, RANA GILL, AVTAR GILL, JASWANT SINGH PANNU, SARDOOL SINGH BAJWA, HARPINDER CHAUHAN, PARAMJIT SINGH DAKHA, GURMIT SINGH GAZIANA, GURI KANG, INDERJIT, SINGH KALLIRAI, BOOTA SINGH BASI CHIEF EDITOR "SANJHI SOCH"
Beyond Bancard
FREE
No Contract
1-844-365-3050
OUR SPONSOR
CHICAGO'S PIZZA With A Twist
RAJA CHANDI GROUP
MGN EXPRESS INC
JRP GROUP
TRANS-ALLIANCE
MISSIONPEAK BROKERS, INC
Denny's
ARCO
FILL SMART
RAFFEL SPONSORS
AMBIENCE FURNITURE
Bless-U Film Productions
PJ PRINCE JEWELERS
BAGGA PALACE (SACRAMENTO)
PAUL FASHION TURLOCK
PUNJAB PLAZA MODESTO SURJIT SINGH
SUNRISE TRUCK DRIVING SCHOOL (559) 417-0877
MEDIA PARTNER
ਅੰਮ੍ਰਿਤਸਰ ਟਾਈਮਜ਼ AMRITSAR TIMES
ਸਾਡੇ ਲੋਕ SADE LOK
ਪੰਜਾਬ ਨਿਊਜ਼
ਪੰਜਾਬ ਮੇਲ
CHARDIKLA TIME TV NORTH AMERICA
ARV ਪੰਜਾਬ
ਚੜ੍ਹਦੀ ਕਲਾ
SPECIAL THANKS
Jagdev Singh Bhandal
TV Media Coverage
Barjesh Malhotra
Facebook Live
LIVE ON facebook
CATERING PUNJAB GRILL AT NIRVAANA
PHOTOGRAPHY & VIDEO BY KB BRARA
DECORATION
SAI DECOR
WWW.SAIDECOR.NET
Contact & information: PHONE (209)-303-1260, Email : Info@sanjhisoch.com




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

## ਸ. ਹਰਿੰਦਰ ਸਿੰਘ ਮਹਿਬੂਬ ਨੂੰ ਯਾਦ ਕਰਦਿਆਂ

# ਸੱਜਣ ਮੇਰੇ ਰੰਗਲੇ, ਜਾਇ ਸੁੱਤੇ ਜੀਰਾਨ

**ਡਾ. ਅਮਰਜੀਤ ਸਿੰਘ**

14 ਫਰਵਰੀ, 2010 ਨੂੰ 'ਫ਼ਕੀਰ ਤਬੀਅਤ, ਦਰਵੇਸ਼-ਕਵੀ, ਸਿੱਖ ਚਿੰਤਕ, ਮਰਹੂਮ ਸਰਦਾਰ ਹਰਿੰਦਰ ਸਿੰਘ ਮਹਿਬੂਬ' ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਨ੍ਹਾਂ ਨੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਬੜੀ ਬਹਾਦਰੀ ਨਾਲ ਲੜਾਈ ਲੜੀ ਪਰ ਅਖੀਰ ਉਹ ਆਪਣੀ ਪ੍ਰੀਤ ਪੁਗਾ ਕੇ (ਸੇਵਕ ਕੀ ਓੜਕ ਨਿਬਹੀ ਪ੍ਰੀਤ) ਆਪਣੇ ਮਾਹੀ-ਪ੍ਰੀਤਮ ਦੇ ਦੇਸ਼ ਉਡਾਰੀਆਂ ਮਾਰ ਗਏ।

ਮਹਿਬੂਬ ਜੀ ਨੇ ਆਪਣੇ ਜਾਣ ਦਾ ਦਿਨ (14 ਫਰਵਰੀ) ਵੀ, ਅੰਤਰੀਵ ਮੁਹੱਬਤ ਦੇ ਦਿਨ - ਵੈਲਨਟਾਈਨ ਡੇਅ ਨੂੰ ਚੁਣ ਕੇ, ਆਪਣੇ ਪਿਆਰੇ ਦੇ ਪਿਆਰ ਵਿੱਚ ਗੜੂੰਦ ਹੋਣ ਦਾ 'ਇਲਾਹੀ ਸੰਕੇਤ' ਛੱਡਿਆ। ਈਸਾਈ ਪ੍ਰੰਪਰਾ ਵਿੱਚ 'ਸੰਤ' ਦੀ ਪਦਵੀ ਨੂੰ ਪ੍ਰਾਪਤ ਸੰਤ ਵੈਲਨਟਾਈਨ, ਜਿਸ ਦੇ ਸ਼ਹੀਦੀ ਦਿਨ ਦੀ ਯਾਦ ਵਿੱਚ ਪੋਪ ਜੈਲੇਸੀਅਸ ਨੇ ਸੰਨ 496 ਈ. ਵਿੱਚ 14 ਫਰਵਰੀ ਦਾ ਦਿਨ, 'ਸੰਤ ਵੈਲਨਟਾਈਨ ਡੇਅ' ਵਜੋਂ ਐਲਾਨਿਆ ਸੀ - ਮਨੁੱਖਤਾ ਨੂੰ ਪਿਆਰ ਕਰਨ ਵਾਲੀ ਸ਼ਖ਼ਸੀਅਤ ਸਨ। ਉਸ ਨੇ ਬਹੁਤ ਪਰਉਪਕਾਰ ਦੇ ਕੰਮ ਕੀਤੇ। ਆਪਣੇ ਈਸਾਈ ਵਿਸ਼ਵਾਸਾਂ ਕਰਕੇ, ਉਸ ਨੂੰ ਬਾਦਸ਼ਾਹ ਕਲਾਡੀਅਸ ਤੀਸਰੇ ਨੇ ਜੇਲ੍ਹ ਵਿੱਚ ਡੱਕ ਦਿੱਤਾ ਅਤੇ ਧਰਮ ਪਰਿਵਰਤਨ ਲਈ ਕਿਹਾ, ਪਰ ਉਹ ਆਪਣੇ ਅਕੀਦੇ 'ਤੇ ਅਡਿੱਗ ਰਿਹਾ। ਜੇਲ੍ਹ ਵਿੱਚ ਇੱਕ ਪਾਸੇ ਉਸ ਨੂੰ ਤਸੀਹੇ ਦਿੱਤੇ ਜਾਂਦੇ ਸਨ ਪਰ ਦੂਸਰੇ ਪਾਸੇ ਉਸ ਤੋਂ ਵਰੋਸਾਏ ਹੋਏ ਲੋਕ, ਜੇਲ੍ਹ ਦੇ ਬਾਹਰ ਚੋਰੀ -ਛਿਪੇ ਫੁੱਲਾਂ ਦੇ ਗੁਲਦਸਤੇ ਰੱਖ ਜਾਂਦੇ ਸਨ। ਇਹ ਦਿਨ ਹੁਣ 'ਪ੍ਰੇਮ ਪਛਾਣ' ਦਾ ਦਿਨ ਬਣ ਚੁੱਕਾ ਹੈ। ਠੀਕ ਇਸੇ ਤਰ੍ਹਾਂ ਸਰਦਾਰ ਮਹਿਬੂਬ ਇੱਕ 'ਬਾਗੀ ਸਿੱਖ ਚਿੰਤਕ' ਵਾਂਗ ਹਕੂਮਤ ਦੀਆਂ ਅੱਖਾਂ ਵਿੱਚ ਰੜਕਦੇ ਰਹੇ, ਪੁਲੀਸ ਥਾਣਿਆਂ ਦੇ ਚੱਕਰ ਵੀ ਕੱਟਦੇ ਰਹੇ, ਆਰਥਿਕ ਤੰਗ-ਦਸਤੀ ਨਾਲ ਵੀ ਘੁਲਦੇ ਰਹੇ ਪਰ ਉਹ ਸਾਬਤ ਕਦਮਾਂ ਨਾਲ, ਇਲਾਹੀ ਨਦਰ ਦੇ ਵਰੋਸਾਏ ਹੋਏ, ਆਪਣੇ ਗੁਰੂ-ਪ੍ਰੀਤਮ ਦੇ 'ਇਲਾਹੀ ਨਦਰ ਦੇ ਪੈਂਡੇ' ਵਿੱਚ ਮਸਤ ਝੂਮਦੇ ਰਹੇ।

ਉਨ੍ਹਾਂ ਆਪਣਾ ਸਾਹਿਤਕ ਸਫਰ ਸਾਹਿਤ ਦੀ ਖਾਤਰ ਨਹੀਂ ਤਹਿ ਕੀਤਾ ਬਲਕਿ ਇਸ ਨੂੰ 'ਸਿੱਖੀ ਸਿਦਕ ਦਾ ਸਫਰ' ਬਣਾਇਆ। ਚੇਤੰਨ ਬੁੱਧੀ, ਰੌਸ਼ਨ ਦਿਮਾਗ ਤੇ ਬਾਗੀਆਨਾ ਤਬੀਅਤ ਨੇ, ਪਹਿਲਾਂ ਪਹਿਲ ਉਨ੍ਹਾਂ ਨੂੰ 'ਖੱਬੇ ਪੱਖੀ ਚਿੰਤਨ' ਵੱਲ ਵੀ ਆਕਰਸ਼ਿਤ ਕੀਤਾ। ਉਨ੍ਹਾਂ ਨੇ ਚੀਨੀ ਕ੍ਰਾਂਤੀਕਾਰੀ ਮਾਓ ਜੇ ਤੁੰਗ ਦੇ 'ਲੌਂਗ ਮਾਰਚ' ਨੂੰ ਆਪਣੀ ਸਿਰਜਣਾ ਵਿੱਚ ਵਿਸ਼ੇਸ਼ ਥਾਂ ਦਿੱਤੀ। ਉਨ੍ਹਾਂ 'ਤੇ 'ਪਿਆਰ ਦੀ ਮਸਤੀ ਤੇ ਧਮਾਲ' ਦਾ ਸੂਫੀਆਨਾ ਰੰਗ ਵੀ ਚੜ੍ਹਿਆ, ਜਿਸ ਦੀ ਨਿਸ਼ਾਨੀ ਹਰਾ ਰੰਗ, ਉਨ੍ਹਾਂ ਦਾ ਇੰਨਾ ਪਸੰਦੀਦਾ ਰੰਗ ਬਣਿਆ ਕਿ ਉਨ੍ਹਾਂ ਨੇ ਹਮੇਸ਼ਾ ਹਰੇ ਰੰਗ ਦੀ ਦਸਤਾਰ ਹੀ ਸਜਾਈ। ਪਰ ਅਖੀਰ ਉਨ੍ਹਾਂ ਦੀ ਸੁਰਤ ਗੁਰੂ ਚਰਨਾਂ ਵਿੱਚ ਆ ਕੇ ਸੁਰਖ਼ਰੂ ਹੋਈ। ਇਸ ਪਿਆਰ ਸੁਰਤ ਦੇ ਆਨੰਦ ਰਸ ਨੂੰ ਉੱਜਲ-ਬੁੱਧ ਦੇ ਗਿਆਨ ਵਿੱਚ ਡੋਬ ਕੇ, ਫਿਰ ਗੁਰੂ ਪਿਆਰ ਦੀਆਂ ਉਨ੍ਹਾਂ ਉਹ ਧਮਾਲਾਂ ਪਾਈਆਂ, ਜਿਹੜੀਆਂ ਇਸ ਤੋਂ ਪਹਿਲਾਂ ਸਿਰਫ 20ਵੀਂ ਸਦੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਨੂੰ ਹੀ ਨਸੀਬ ਹੋਈਆਂ ਸਨ।



ਗੁਰੂ-ਪ੍ਰੀਤ ਨੇ ਉਨ੍ਹਾਂ ਦੇ ਅੰਦਰ ਪਿਆਰ ਦਾ ਹੜ੍ਹ ਲੈ ਆਂਦਾ। ਭਾਵੇਂ ਕਹਿਣ ਨੂੰ ਤਾਂ ਉਹ ਗੜ੍ਹਦੀਵਾਲਾ ਖਾਲਸਾ ਕਾਲਜ ਵਿੱਚ ਪ੍ਰੋਫੈਸਰ ਜਾਂ ਪ੍ਰਿੰਸੀਪਲ ਦੀ ਸੇਵਾ ਕਰ ਰਹੇ ਸਨ ਪਰ ਉਹ ਤਾਂ ਪ੍ਰੇਮ-ਦੀਵਾਨੇ ਭਉਰਿਆਂ ਵਾਂਗ 'ਤੇਰੇ ਇਸ਼ਕ ਨਚਾਇਆ, ਕਰ ਥਈਆ-ਥਈਆ' ਵਾਲੀ ਹਾਲਤ ਵਿੱਚ ਵਿਚਰਦੇ ਸਨ। ਉਨ੍ਹਾਂ ਦੀ ਚੇਤੰਨ-ਸੋਝੀ 'ਚੋਂ 'ਸਹਿਜੇ ਰਚਿਓ ਖਾਲਸਾ' ਦਾ ਆਵੇਸ਼ ਵੀ ਪ੍ਰਗਟ ਹੋਇਆ ਅਤੇ 'ਝਨਾਂ ਦੀ ਰਾਤ' ਦੀ ਬਾਤ ਨੇ ਵੀ ਜੱਗ-ਰੌਸ਼ਨਾਹਟ ਕੀਤੀ। ਨਨਕਾਣੇ ਦੀ ਮਿੱਟੀ ਦੇ ਜ਼ਰੇ-ਜ਼ਰੇ 'ਚੋਂ, ਬਾਬਾ ਨਾਨਕ ਦੀ ਸੁਗੰਧੀ ਨੂੰ ਫਿਜ਼ਾ ਵਿੱਚ ਮਹਿਸੂਸ ਕਰਨ ਵਾਲੇ 'ਮਹਿਬੂਬ' ਨੇ ਆਪਣੇ ਮਹਿਬੂਬ ਨਾਨਕ ਦੀ ਯਾਦ ਵਿੱਚ - 'ਇਲਾਹੀ ਨਦਰ ਦੇ ਪੈਂਡੇ' ਦਾ ਮਹਾਂ-ਕਾਵਿ ਰਚਿਆ। ਫਿਰ ਨੀਲੇ ਦੇ ਸ਼ਾਹ ਅਸਵਾਰ ਦੀ ਕਲਗੀ ਦੀਆਂ ਨੂਰੀ-ਰਿਸ਼ਮਾਂ ਦੇ ਚਾਨਣ ਵਿੱਚ, ਦਸਮੇਸ਼ ਪਿਤਾ ਦੀ ਇਲਾਹੀ-ਬਾਟ ਨੂੰ ਵੀ ਜੋਹਿਆ। ਬਾਕੀ ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਦਾ 'ਇਲਾਹੀ ਰਾਗ' ਅਲਾਪਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਦਰਗਾਹੀ ਸੱਦਾ ਆ ਗਿਆ। 'ਸੁਣ ਕੇ ਸੱਦ ਮਾਹੀ ਦਾ, ਮਹਿ ਘਾਹ-ਪਾਣੀ ਮੂਤੋ ਨੀਂ' ਵਾਂਗ, ਇਸ ਮੌਲੇ ਸਾਈਂ ਨੇ ਆਪਣੀ ਕਲਮ-ਦਵਾਤ ਦਾ ਫਿਕਰ ਛੱਡ ਕੇ, ਨੀਲੇ ਦੇ ਅਸਵਾਰ ਦੀ 'ਕੰਨੀ' ਘੁੱਟ ਫੜੀ ਅਤੇ ਵੇਖਦਿਆਂ ਵੇਖਦਿਆਂ ਅਸਮਾਨਾਂ ਵਿੱਚ ਅਲੋਪ ਹੋ ਗਿਆ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ:

'ਸਿਖਰ ਦੁਪਹਿਰੇ ਤਪ ਤਪ ਜਾਂਦੇ,
ਡਾਚੀਆਂ ਵਾਲੇ ਫੇਰਾ ਨਾ ਪਾਂਦੇ।
ਇੱਕ ਜਨਮ ਵਿੱਚ ਫੇਰਾ ਪਾ ਕੇ,
ਲਖ ਜਨਮ ਵਿੱਚ ਕੌਲ ਨਿਭਾਂਦੇ।'

ਉਨ੍ਹਾਂ ਨੇ 'ਝਨਾਂ ਦੀ ਰਾਤ' ਵਿਚਲੀ ਆਪਣੀ ਸਤਵੀਂ ਕਾਵਿ-ਪੁਸਤਕ 'ਸ਼ਹੀਦ ਦੀ ਅਰਦਾਸ' ਨੂੰ 'ਸਮਰਪਣ' ਕਰਦਿਆਂ ਇਹ ਸ਼ਬਦ ਲਿਖੇ;

'ਜਿਹੜੇ ਕੌਮ ਦੀ ਲਹੂ-ਭਿੱਜੀ ਤਕਦੀਰ ਉੱਤੇ ਗਮਗੀਨ ਹੋਏ,
ਜਿਹੜੇ ਸਿਦਕ ਦੇ ਬਾਜ਼ ਦੇ ਹਾਣੀ ਸਨ,
ਜਿਨ੍ਹਾਂ ਦੇ ਮੱਥੇ ਉੱਤੇ ਬੇ-ਅਣਖੇ ਲੋਕਾਂ ਲਈ ਕੋਈ ਸਦੀਵੀ ਉਲਾਂਭਾ ਲਿਖਿਆ ਸੀ,
ਜਿਨ੍ਹਾਂ ਦੇ ਕਹਿਰ ਨੂੰ ਦੂਰ-ਦੁਰੇਡੀ ਕਿਆਮਤ ਨੇ ਦੇਖਿਆ,
ਉਨ੍ਹਾਂ ਕੌਮ ਦੀ ਪੱਤ ਰੱਖਣ ਵਾਲੇ ਦੋ ਸ਼ਹੀਦਾਂ ਦੇ ਨਾਂ'।

ਸਰਦਾਰ ਮਹਿਬੂਬ ਰੁੱਖਾਂ ਦੀ ਜੀਰਾਂਦ ਵਾਲੀ ਦਰਵੇਸ਼ੀ ਪੁਗਾ ਕੇ ਪ੍ਰੀਤਮ ਦੀ ਗਲਵਕੜੀ 'ਚੋਂ ਵੀ 'ਸ਼ਹੀਦਾਂ ਦੀ ਬਰਕਤ' ਯਾਦ ਕਰਵਾ ਰਹੇ ਨੇ:

'ਗੁਮਨਾਮੀ ਦੇ ਭੌਜਲ ਅੰਦਰ
ਜਦੋਂ ਕੌਮ ਦੀਆਂ ਪੈੜਾਂ।
ਜਦੋਂ ਮਾਸੂਮਾਂ ਦੇ ਤਨ ਭੰਗੇ,
ਛੁਪੇ ਪੁਰਾਣੇ ਵੈਰਾਂ।
ਸਾਰ ਲਵੇ ਜੇ ਮਾਵਾਂ ਵਾਂਗੂ
ਕੌਮ ਸ਼ਹੀਦਾਂ ਸੰਦੀ।
ਫੇਰ ਨਾ ਕਦੇ ਉਲਾਂਭਾ ਦੇਵਣ,
ਸਮੇਂ ਵਾਂਗ ਹੋ ਗੈਰਾਂ।(ਝਨਾਂ ਦੀ ਰਾਤ 'ਚੋਂ)।

ਬੇਸ਼ੱਕ ਸਰੀਰਕ ਤੌਰ 'ਤੇ ਮਹਿਬੂਬ ਜੀ ਸਾਡੇ ਵਿਚਕਾਰ ਨਹੀਂ ਪਰ ਇਸ ਫ਼ਕੀਰ ਤਬੀਅਤ, ਦਰਵੇਸ਼-ਕਵੀ, ਸਿੱਖ ਚਿੰਤਕ ਦੀ ਯਾਦ ਪੰਥ-ਪ੍ਰਸਤਾਂ ਦੇ ਸੀਨੇ 'ਚ ਅੱਜ ਵੀ ਤਾਜ਼ਾ ਹੈ। ਨਵੀਂ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਦਰਵੇਸ਼ ਲੇਖਕਾਂ ਦੀਆਂ ਲਿਖਤਾਂ ਤੋਂ ਗਿਆਨ ਹਾਸਲ ਕਰਕੇ ਆਪਣਾ ਪੰਧ ਰੌਸ਼ਨ ਕਰੇ।

# ਸ਼ਹਿਰ ਲਾਹੌਰੋਂ ਅੰਬਰਸਰ ਦਾ- ਕਾਹਦਾ ਪੈਂਡਾ ਘਰ ਤੋਂ ਘਰ ਦਾ

**ਗੁਰਭਜਨ ਗਿੱਲ**
(ਪਾਕ ਹੈਰੀਟੇਜ ਹੋਟਲ ਲਾਹੌਰ ਤੋਂ 1 ਫਰਵਰੀ-2019)

ਜਦੋਂ ਜਲੰਧਰ ਤੋਂ ਪਹਿਲਾਂ ਸੰਨ 1974 'ਚ ਪੰਜਾਬ ਤੋਂ ਟੈਲੀਵੀਜ਼ਨ ਅੰਬਰਸਰੋਂ ਸ਼ੁਰੂ ਹੋਇਆ ਸੀ ਤਾਂ ਉਸ 'ਚ ਕਵੀ ਦਰਬਾਰ ਵਿਚ ਬੋਲਦਿਆਂ ਸ. ਸੂਬਾ ਸਿੰਘ ਜੀ ਨੇ ਇੱਕ ਗ਼ਜ਼ਲ ਪੜ੍ਹੀ ਸੀ ਜਿਸ ਦਾ ਪਹਿਲਾ ਸ਼ਿਅਰ ਸੀ; "ਸ਼ਹਿਰ ਲਾਹੌਰੋਂ ਅੰਬਰਸਰ ਦਾ। ਕਿੰਨਾ ਪੈਂਡਾ ਘਰ ਤੋਂ ਘਰ ਦਾ।" ਰੂਹ ਚ ਖੁਭ ਗਿਆ। ਵੀਹ ਕੁ ਸਾਲ ਪਹਿਲਾਂ ਜਦ ਸਰਹੱਦ 'ਤੇ ਅਮਨ ਦੀ ਰੀਝ ਦੀਆਂ ਮੋਮਬੱਤੀਆਂ ਜਗਣੀਆਂ ਸ਼ੁਰੂ ਹੋਈਆਂ ਤਾਂ ਅਸੀਂ ਵੀ ਲੁਧਿਆਣਿਓਂ ਜਗਦੇਵ ਸਿੰਘ ਜੱਸੋਵਾਲ ਤੇ ਕੁਲਵੰਤ ਜਗਰਾਉਂ ਸਮੇਤ ਪਹੁੰਚਦੇ ਰਹੇ। ਇਕ ਵਾਰ ਹੰਸ ਰਾਜ ਹੰਸ ਨੇ ਓਥੇ ਗਾਉਣ ਲਈ ਮੈਥੋਂ ਦੋ ਗੀਤ ਮੰਗ ਲਏ। ਮੈਂ ਪਹਿਲਾ ਗੀਤ ਸ. ਸੂਬਾ ਸਿੰਘ ਜੀ ਤੋਂ ਪ੍ਰੇਰਤ ਹੋ ਕੇ ਲਿਖਿਆ, ਚਾਰ ਬੰਦ ਸਨ।

"ਸ਼ਹਿਰ ਲਾਹੌਰੋਂ ਅੰਬਰਸਰ ਦਾ। ਕਰੀਏ ਪੈਂਡਾ ਘਰ ਤੋਂ ਘਰ ਦਾ।
ਮੈਥੋਂ ਦੂਰ ਵੱਸਦਿਆ ਯਾਰਾ। ਬਾਤ ਮੇਰੀ ਦਾ ਭਰੀਂ ਹੁੰਗਾਰਾ
ਜਦ ਤੀਕਰ ਸੂਰਜ ਨਹੀਂ ਚੜ੍ਹਦਾ।"

ਇੱਕ ਹੋਰ ਗੀਤ ਲਿਖਿਆ- "ਜਦ ਤਕ ਸਾਡੇ ਅਤੇ ਤੁਹਾਡੇ
ਘਰ ਦੇ ਅੰਦਰ ਭੁੱਖ ਤੇ ਨੰਗ ਹੈ।
ਦਿਲ 'ਤੇ ਹੱਥ ਧਰ ਕੇ ਫਿਰ ਦੱਸਿਓ
ਸਾਡੀ ਤੁਹਾਡੀ ਕਾਹਦੀ ਜੰਗ ਹੈ?" ਉਸ ਗਾਇਆ ਤਾਂ ਸਭ ਨੇ ਸਲਾਹਿਆ।

ਕੁਝ ਅਰਸੇ ਬਾਅਦ ਸੰਨ 2005 'ਚ ਹਿੰਦ-ਪਾਕਿ ਰਿਸ਼ਤਿਆਂ ਨਾਲ ਸਬੰਧਿਤ ਆਪਣੀਆਂ ਕਵਿਤਾਵਾਂ, ਗੀਤਾਂ ਤੇ ਗ਼ਜ਼ਲਾਂ ਦੀ ਕਿਤਾਬ 'ਸ਼ੇਰ ਪੰਜਾਂ ਪਾਣੀਆਂ ਦੀਂ' ਛਾਪੀ ਤਾਂ ਇਹ ਸ਼ਾਹਮੁਖੀ ਤੇ ਗੁਰਮੁਖੀ ਦੋਹਾਂ ਲਿਪੀਆਂ ਵਿੱਚ ਛਾਪੀ ਤੇ ਚੰਗਾ ਹੁੰਗਾਰਾ ਮਿਲਿਆ।

ਮੈਂ ਪੰਜਵੀਂ ਵਾਰ ਪਾਕਿਸਤਾਨ ਆਇਆ ਹਾਂ। ਪਹਿਲੀ ਵਾਰ ਸੰਨ-1997 'ਚ ਗੁਰੂ ਨਾਨਕ ਜੀ ਦੇ ਗੁਰਪੁਰਬ 'ਤੇ ਜਥੇ ਵਿੱਚ ਜੀਵਨ ਸਾਥਣ ਜਸਵਿੰਦਰ ਸਮੇਤ ਆਇਆ ਸਾਂ। ਇਨਾਇਤ ਹੁਸੈਨ ਭੱਟੀ, ਸ਼ੌਕਤ ਅਲੀ, ਗੁਲਾਮ ਅਲੀ, ਇਕਬਾਲ ਬਾਹੂ, ਪਰਵੇਜ਼ ਮਹਿਦੀ ਆਰਿਫ ਲੋਹਾਰ, ਅਕਰਮ ਰਾਹੀ ਤੇ ਕਿੰਨੇ ਹੋਰ ਕਲਾਕਾਰਾਂ ਨਾਲ ਮੁਲਾਕਾਤ ਹੋਈ। ਦੂਜੀ ਵਾਰ ਸੰਨ 2002 ਵਿਚ ਫ਼ਖ਼ਰ ਜ਼ਮਾਂ ਜੀ ਦੇ ਬੁਲਾਵੇ 'ਤੇ ਡਾ: ਸੁਤਿੰਦਰ ਸਿੰਘ ਨੂਰ ਲੈ ਕੇ ਆਏ। ਤੀਜੀ ਵਾਰ ਸੰਨ 2006 'ਚ ਭਾਰਤ ਸਰਕਾਰ ਵੱਲੋਂ ਚਲਾਈ ਨਨਕਾਣਾ ਸਾਹਿਬ ਵਾਲੀ ਪਹਿਲੀ ਬੱਸ ਉਤੇ ਸਵਾਰ ਹੋ ਕੇ ਮੈਂ ਤੇ ਰਣਜੋਧ ਸਿੰਘ ਆਏ। ਸਾਡੇ ਨਾਲ ਬਾਬਾ ਬਲਬੀਰ ਸਿੰਘ ਸੀਚੇਵਾਲ ਤੇ ਰਾਧਾ ਸਵਾਮੀ ਮੱਤ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੇ ਮਾਪੇ ਵੀ ਸਨ। ਕੁੱਲ 22 ਸਵਾਰ ਸਨ। ਫਿਰ ਸੰਨ 2013 ਵਿਚ ਫ਼ਖ਼ਰ ਜ਼ਮਾਂ ਜੀ ਦੇ ਬੁਲਾਵੇ 'ਤੇ ਹੀ ਵਿਸ਼ਵ ਅਮਨ ਕਾਨਫਰੰਸ ਉਤੇ ਡਾ: ਦੀਪਕ ਮਨਮੋਹਨ ਸਿੰਘ ਨਾਲ ਆਏ ਸਾਂ; ਤੇ ਹੁਣ ਫੇਰ ਉਹੀ ਲੈ ਆਏ ਨੇ। ਲੁਧਿਆਣਿਓਂ ਮਨਜਿੰਦਰ ਧਨੋਆ ਤੇ ਸਹਿਜਪ੍ਰੀਤ ਮਾਂਗਟ ਦੰਪਤੀ ਹੈ। ਕੁੱਲ 19 ਜਣਿਆਂ ਦਾ ਭਾਰਤੀ ਡੈਲੀਗੇਸ਼ਨ ਹੈ। ਕੱਲ੍ਹ ਤੁਰਦਿਆਂ ਰਾਹ ਵਿਚ ਅਮਰੀਕਾ ਦੇ ਸ਼ਹਿਰ ਫਰਿਜ਼ਨੋ ਤੋਂ ਹਰਜਿੰਦਰ ਕੰਗ ਨੇ ਸੁਨੇਹਾ ਲਿਖ ਭੇਜਿਆ;

"ਲਾਹੌਰ ਦੇ ਨਾਮ ਸ਼ੁਭ ਇੱਛਾਵਾਂ - ਸਾਂਝੇ ਪੰਜਾਬ ਨੂੰ ਸਲਾਮ
ਦਿਲਾਂ 'ਚ ਇੱਕ ਪੰਜਾਬ ਹੈ ਕਹਿਣਾ ਦੁੱਲੇ ਨੂੰ।
ਮਿਲ ਕੇ ਆਉਣਾ ਵਾਰਿਸ ਸ਼ਾਹ ਤੇ ਬੁੱਲ੍ਹੇ ਨੂੰ।
ਜਿਸ ਦੇ ਉੱਤੇ ਰਲ ਕੇ ਤਾਮ ਪਕਾਈਦਾ,
ਭਖਦਾ ਰੱਖੀਏ ਬੁੱਲ੍ਹੇ ਦੇ ਉਸ ਚੁੱਲ੍ਹੇ ਨੂੰ।"

ਤੇ ਸਵੇਰੇ ਉੱਠਿਆ ਤਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਪ੍ਰਬੁੱਧ ਅਧਿਆਪਕ ਤੇ ਮੇਰੇ ਪਿਆਰੇ ਸ਼ਾਇਰ ਮਿੱਤਰ ਡਾ. ਜਗਵਿੰਦਰ ਜੋਧਾ ਨੇ ਦਰਦੀਲਾ ਗੀਤ ਲਿਖ ਭੇਜਿਆ ਹੈ।

"ਵੰਡੇ ਗਏ ਲੋਕ ਬਣ ਗਈਆਂ ਸੀ ਰਿਆਸਤਾਂ।
ਦਿਲਾਂ ਵਿਚ ਕੰਧ ਪਾ ਕੇ ਬਹਿ ਗਈਆਂ ਸਿਆਸਤਾਂ।
ਬੁੱਢੀਆਂ ਅੱਖਾਂ ਨੂੰ ਸਾਂਝਾ ਦੌਰ ਨਹੀਂ ਸੀ ਭੁੱਲਿਆ।
ਕਦੇ ਮੇਰੇ ਬਾਬੇ ਨੂੰ ਲਾਹੌਰ ਨਹੀਂ ਸੀ ਭੁੱਲਿਆ।
ਤੋੜ ਕੇ ਵਿਚਾਲਿਓਂ ਮੁਹੱਬਤਾਂ ਦੀ ਬਾਤ ਨੂੰ।
ਧੁੱਸ ਦੇ ਆ ਵੜੀ ਆਜ਼ਾਦੀ ਅੱਧੀ ਰਾਤ ਨੂੰ।
ਜਬਰੀ ਉਜਾੜੇ ਦਾ ਉਹ ਤੌਰ ਨਹੀਂ ਸੀ ਭੁੱਲਿਆ।
ਕਦੇ ਮੇਰੇ ਬਾਬੇ ਨੂੰ ਲਾਹੌਰ ਨਹੀਂ ਸੀ ਭੁੱਲਿਆ।
ਗੁਜਰਾਂਵਾਲੇ ਤੋਂ ਅੱਗੇ ਗੱਲ ਨਹੀਂ ਸੀ ਤੁਰਦੀ।
ਬੈਲ ਮੀਆਂਵਾਲੀ ਦੇ ਤੇ ਗੱਡੀ ਲਾਇਲਪੁਰ ਦੀ।
ਚੰਨ੍ਹ, ਸਰਗੋਧਾ ਤੇ ਪਿਸ਼ੌਰ ਨਹੀਂ ਸੀ ਭੁੱਲਿਆ।
ਕਦੇ ਮੇਰੇ ਬਾਬੇ ਨੂੰ ਲਾਹੌਰ ਨਹੀਂ ਸੀ ਭੁੱਲਿਆ।
ਇਕ ਵਾਰੀ ਧਰਨੇ 'ਤੇ ਚੰਡੀਗੜ੍ਹ ਗਿਆ ਸੀ।
ਲਾਠੀ ਖਾ ਕੇ ਕਾਲ਼ੀ ਸੜਕ 'ਤੇ ਡਿੱਗ ਪਿਆ ਸੀ।
ਮੁੜ ਕਦੇ ਨੀਲਾ ਹੋਇਆ ਮੌਰ ਨਹੀਂ ਸੀ ਭੁੱਲਿਆ।
ਕਦੇ ਮੇਰੇ ਬਾਬੇ ਨੂੰ ਲਾਹੌਰ ਨਹੀਂ ਸੀ ਭੁੱਲਿਆ।
ਕਸੂਰ, ਸਿਆਲਕੋਟ, ਲੜਕਾਣਾ ਉਹਨੂੰ ਯਾਦ ਸੀ।
ਆਖਰੀ ਸਮੇਂ ਵੀ ਨਨਕਾਣਾ ਉਹਨੂੰ ਯਾਦ ਸੀ।
ਬਾਰ 'ਚ ਹੰਢਾਈ ਕਦੇ ਟੌਹਰ ਨਹੀਂ ਸੀ ਭੁੱਲਿਆ।
ਕਦੇ ਮੇਰੇ ਬਾਬੇ ਨੂੰ ਲਾਹੌਰ ਨਹੀਂ ਸੀ ਭੁੱਲਿਆ।"

ਮੈਨੂੰ ਲੱਗਿਆ ਗੰਗਾ ਨੂੰ ਜਾਣ ਵੇਲੇ ਜਿਵੇਂ ਪੇਂਡੂ ਲੋਕ ਗੰਗਾ ਦਰਿਆ ਨੂੰ ਮਾਇਆ ਸਮਝ ਕੇ ਅਪਣਾ ਦਾਨ ਭੇਜਦਿਆਂ ਕਹਿੰਦੇ ਸਨ;

"ਲੈ ਜਾ ਪਿਆਰਿਆ ਵੇ
ਮੇਰੀ ਦਮੜੀ ਗੰਗਾ ਨੂੰ।"

ਇਹੋ ਜਹੀਆਂ ਅਨੇਕਾਂ ਦਮੜੀਆਂ ਲੈ ਕੇ ਸਾਡਾ ਕਾਫਲਾ ਵਿਸ਼ਵ ਅਮਨ ਲਹਿਰ ਲਈ ਕਾਨਫਰੰਸ 'ਚ ਸ਼ਾਮਿਲ ਹੋਣ ਲਈ ਲਾਹੌਰ ਆਇਆ ਹੈ।

ਕੱਲ੍ਹ ਸ਼ਾਮੀਂ ਇੱਕ ਪਾਕਿਸਤਾਨ ਵੱਸਦਾ ਲੇਖਕ ਦੋਸਤ ਮੈਨੂੰ ਪੁੱਛਣ ਲੱਗਾ, "ਨਨਕਾਣਾ ਸਾਹਿਬ ਤੇ ਕਰਤਾਰਪੁਰ ਸਾਹਿਬ ਵੀ ਜਾਉਗੇ?"

ਮੈਂ ਠੰਢਾ ਹਉਕਾ ਭਰਿਆ ਤਾਂ ਉਸ ਕਾਰਨ ਪੁੱਛਿਆ? ਮੈਂ ਸੰਨ 2013 'ਚ ਲਾਹੌਰ ਫੇਰੀ ਦੌਰਾਨ ਲਿਖੀ ਗ਼ਜ਼ਲ ਦੇ ਦੋ ਸ਼ਿਅਰ ਸੁਣਾ ਦਿੱਤੇ;

"ਆਪਣੇ ਘਰ ਪਰਦੇਸੀਆਂ ਵਾਂਗੂੰ, ਪਰਤਣ ਦਾ ਅਹਿਸਾਸ ਕਿਉਂ ਹੈ?
ਮੈਂ ਸੰਤਾਲੀ ਮਗਰੋਂ ਜੰਮਿਆਂ, ਮੇਰੇ ਪਿੰਡੇ ਲਾਸ ਕਿਉਂ ਹੈ?
ਸ਼ਹਿਰ ਲਾਹੌਰ 'ਚ ਆ ਕੇ ਜੇ ਨਨਕਾਣੇ ਵੀ ਮੈਂ ਜਾ ਨਹੀਂ ਸਕਦਾ,
ਧਾਹ ਗਲਵੱਕੜੀ ਪਾ ਕੇ ਮਿਲਦਾ,ਸਤਿਲੁਜ ਨਾਲ ਬਿਆਸ ਕਿਉਂ ਹੈ?"

ਇਹ ਸੁਣ ਕੇ ਉਹ ਵੀ ਸੁੰਨ ਹੋ ਗਿਆ।

# ਸਿੱਖ ਰਹਿਤ ਮਰਿਯਾਦਾ ਅਤੇ ਅਖੰਡ ਪਾਠ ਸਾਹਿਬ

**ਭਾਈ ਅਸ਼ੋਕ ਸਿੰਘ ਬਾਗੜੀਆਂ**, (ਸੰਪਰਕ: 98140-95308)



ਸਿੱਖ ਸਮਾਜ ਵਿਚ ਪਹਿਲਾਂ ਹੀ ਬਹੁਤ ਸਾਰੇ ਵਿਵਾਦ ਚੱਲ ਰਹੇ ਹਨ। ਇਨ੍ਹਾਂ ਵਿਵਾਦਾਂ ਵਿਚ ਇਕ ਹੋਰ ਨਵਾਂ ਵਿਵਾਦ, ਬਾਦਲ ਪਰਿਵਾਰ ਵੱਲੋਂ ਦਰਬਾਰ ਸਾਹਿਬ ਵਿਖੇ ਬਾਬਾ ਗੁਰਬਖ਼ਸ਼ ਸਿੰਘ ਸ਼ਹੀਦ ਜੀ ਦੇ ਗੁਰਦੁਆਰਾ ਸਾਹਿਬ ਵਿਚ ਲਗਾਤਾਰ ਸੰਨ 2012 ਤੋਂ ਚਲਾਈ ਜਾ ਰਹੀ ਅਖੰਡ ਪਾਠ ਸਾਹਿਬ ਦੀ ਲੜੀ ਦਾ ਜੁੜ ਗਿਆ ਹੈ। ਕਿਹਾ ਜਾਂਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਅਖੰਡ ਪਾਠ ਕਰਵਾਉਣ ਲਈ ਲੱਖਾਂ ਸ਼ਰਧਾਲੂਆਂ ਦੀਆਂ ਬੇਨਤੀਆਂ ਅਜੇ ਬਾਕੀ ਹਨ ਅਤੇ ਦੂਸਰੇ ਪਾਸੇ ਇਕੋ ਪਰਿਵਾਰ ਦੀ ਕਈ ਸਾਲਾਂ ਤੋਂ ਲੜੀ ਚੱਲ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਜੋ ਸਿੱਖ ਰਹਿਤ ਮਰਿਯਾਦਾ 'ਤੇ ਪਹਿਰਾ ਦੇਣ ਵਾਲੀ ਸੰਸਥਾ ਹੈ, ਨੇ ਪੰਥ ਪ੍ਰਵਾਨਿਤ ਮਰਿਯਾਦਾ ਵਿਚ ਜੋ ਸ੍ਰੀ ਅਖੰਡ ਪਾਠ ਬਾਰੇ ਕਿਹਾ ਗਿਆ ਹੈ, ਦਾ ਸ਼ਾਇਦ ਹੀ ਕਦੇ ਅਧਿਐਨ ਕੀਤਾ ਹੋਵੇ। ਅਗਰ ਅਧਿਐਨ ਕੀਤਾ ਹੁੰਦਾ ਤਾਂ ਇਕੋ ਤਾਕਤਵਰ ਪਰਿਵਾਰ ਲਈ ਨਿਯਮਾਂ ਨੂੰ ਛਿੱਕੇ ਨਾ ਟੰਗਿਆ ਹੁੰਦਾ। ਇਸ ਤੋਂ ਵੀ ਜ਼ਿਆਦਾ ਅਹਿਮੀਅਤ ਵਾਲੀ ਗੱਲ ਇਹ ਹੈ ਕਿ ਅਖੰਡ ਪਾਠ ਸਾਡੀ ਧਰਮ ਮਰਿਯਾਦਾ ਵਿਚ ਹੈ ਜਾਂ ਨਹੀਂ। ਜੇ ਹੈ ਤਾਂ ਉਸ ਦੀ ਵਿਧੀ ਕੀ ਹੈ?

ਸ੍ਰੀ ਅਖੰਡ ਪਾਠ ਬਾਰੇ ਸਿੱਖ ਰਹਿਤ ਮਰਿਯਾਦਾ ਕਹਿੰਦੀ ਹੈ ਕਿ ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ, ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਦਾ ਹੈ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ। (ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਕਿਸੇ ਆਦਮੀ, ਸਾਕ ਸਬੰਧੀ, ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ। ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਉਪਰੋਕਤ ਮਰਿਯਾਦਾ ਅਨੁਸਾਰ, ਐੱਸਜੀਪੀਸੀ ਨੂੰ ਸੰਗਤ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਕ ਹੀ ਪਰਿਵਾਰ ਨੂੰ ਦਰਬਾਰ ਸਾਹਿਬ ਵਿਖੇ ਕਿਸ 'ਭੀੜ' ਜਾਂ 'ਉਤਸ਼ਾਹ' ਤਹਿਤ ਪਿਛਲੇ ਕਈ ਸਾਲਾਂ ਤੋਂ ਸ੍ਰੀ ਅਖੰਡ ਪਾਠ ਕਰਾਉਣ ਦੀ ਖੁੱਲ੍ਹ ਦਿੱਤੀ ਗਈ ਹੈ ਜੋ ਬਾਕੀ ਸਿੱਖ ਸੰਗਤ ਨੂੰ ਨਹੀਂ ਮਿਲ ਸਕਦੀ।

ਇੱਥੇ ਇਹ ਗੱਲ ਵੀ ਧਿਆਨਯੋਗ ਹੈ ਕਿ ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ ਦਾ ਸਿੱਖ ਇਤਿਹਾਸ ਵਿਚ ਅਹਿਮ ਸਥਾਨ ਹੈ ਜਿਨ੍ਹਾਂ ਦੀ ਹਰਿਮੰਦਰ ਸਾਹਿਬ ਵਿਖੇ ਯਾਦਗਾਰ ਬਣਾਈ ਗਈ ਹੈ। ਕਿਹਾ ਜਾਂਦਾ ਹੈ ਕਿ ਅਹਿਮਦ ਸ਼ਾਹ ਅਬਦਾਲੀ ਨੇ ਜਿਸ ਵਕਤ ਸੰਨ 1764 ਵਿਚ ਹਿੰਦੁਸਤਾਨ ਉੱਤੇ 7ਵਾਂ ਹਮਲਾ ਕੀਤਾ, ਉਸ ਵੇਲੇ ਬਾਬਾ ਗੁਰਬਖ਼ਸ਼ ਸਿੰਘ ਨਿਹੰਗ ਕੁਝ ਪਰਿਵਾਰਾਂ ਨਾਲ ਦਰਬਾਰ ਸਾਹਿਬ ਵਿਖੇ ਹੀ ਰਹਿ ਰਹੇ ਸਨ। ਜਿਸ ਵੇਲੇ ਅਬਦਾਲੀ ਦੇ ਦਰਬਾਰ ਸਾਹਿਬ ਵੱਲ ਆਉਣ ਦੀ ਖ਼ਬਰ ਸੁਣੀ ਤਾਂ ਉਨ੍ਹਾਂ ਨੇ ਬੱਚਿਆਂ, ਔਰਤਾਂ ਅਤੇ ਵੱਡੀ ਉਮਰ ਦੇ ਸਿੰਘਾਂ ਨੂੰ ਉੱਥੋਂ ਕਿਸੇ ਹੋਰ ਸੁਰੱਖਿਅਤ ਥਾਂ ਉੱਤੇ ਭੇਜ ਦਿੱਤਾ ਅਤੇ ਆਪ 25-30 ਸਿੰਘਾਂ ਨਾਲ ਦਰਬਾਰ ਸਾਹਿਬ ਦੀ ਰੱਖਿਆ ਲਈ ਡਟ ਗਏ। ਇਕ ਪਾਸੇ ਅਬਦਾਲੀ ਦੀ 30 ਹਜ਼ਾਰ ਦੀ ਫ਼ੌਜ ਅਤੇ ਦੂਸਰੇ ਪਾਸੇ 25-30 ਨਿਹੰਗ। ਨਾਬਰਾਬਰੀ ਦੀ ਇਸ ਲੜਾਈ ਵਿਚ ਸਿੰਘਾਂ ਨੇ ਆਪਣੇ ਜਿਊਂਦੇ ਜੀਅ ਅਬਦਾਲੀ ਨੂੰ ਹਰਿਮੰਦਰ ਸਾਹਿਬ ਵਿਚ ਵੜਨ ਨਾ ਦਿੱਤਾ ਅਤੇ ਹਰਿਮੰਦਰ ਸਾਹਿਬ ਦਾ ਕਵਚ (ਢਾਲ) ਬਣ ਕੇ ਖੜ੍ਹੇ ਹੋ ਗਏ। ਇਸ ਲਈ ਉਨ੍ਹਾਂ ਦੀ ਯਾਦਗਾਰ ਨੂੰ ਇੱਥੇ ਅਹਿਮ ਸਥਾਨ ਦਿੱਤਾ ਗਿਆ ਹੈ। ਇਨ੍ਹਾਂ ਦੀ ਸ਼ਹਾਦਤ ਦੀ ਤੁਲਨਾ ਉਨ੍ਹਾਂ ਨਾਲ ਨਹੀਂ ਹੋ ਸਕਦੀ ਜਿਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਨੂੰ ਆਪਣਾ ਕਵਚ (ਢਾਲ) ਬਣਾਇਆ ਹੋਵੇ।

ਬਾਕੀ ਸਫ਼ਾ 28 'ਤੇ

# ਇਨਸਾਫ ਦੀ ਉਡੀਕ 'ਚ ਲੰਘੀ ਸਾਕਾ ਨਕੋਦਰ ਦੇ ਸ਼ਹੀਦਾਂ ਦੀ 33ਵੀਂ ਬਰਸੀ



1986 ਦੇ ਸਾਕਾ ਨਕੋਦਰ ਵਿਚ ਸ਼ਹੀਦ ਹੋਣ ਵਾਲੇ ਸਿੱਖ ਨੌਜਵਾਨਾਂ ਸ਼ਹੀਦ ਰਵਿੰਦਰ ਸਿੰਘ, ਸ਼ਹੀਦ ਹਰਮਿੰਦਰ ਸਿੰਘ, ਸ਼ਹੀਦ ਝਲਮਣ ਸਿੰਘ ਅਤੇ ਸ਼ਹੀਦ ਬਲਧੀਰ ਸਿੰਘ ਦੀਆਂ ਤਸਵੀਰਾਂ

**ਨਕੋਦਰ/ਏਟੀ ਨਿਊਜ਼ :**
ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿੰਡ ਲਿੱਤਰਾਂ ਵਿਖੇ ਨਕੋਦਰ ਸਾਕੇ ਨੂੰ ਯਾਦ ਕਰਦਿਆਂ ਸ਼ਹੀਦ ਭਾਈ ਰਵਿੰਦਰ ਸਿੰਘ, ਭਾਈ ਝਿਲਮਣ ਸਿੰਘ, ਭਾਈ ਬਲਧੀਰ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਜੀ ਦਾ 33ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਭਾਈ ਰਵਿੰਦਰ ਸਿੰਘ ਜੀ ਦੇ ਪਿਤਾ ਬਾਪੂ ਬਲਦੇਵ ਸਿੰਘ ਹਰ ਸਾਲ ਵਾਂਗ ਅਮਰੀਕਾ ਤੋਂ ਆਏ। ਗੁਰੂਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਉਪਰੰਤ ਰਾਗੀ ਸਿੰਘਾਂ ਨੇ ਸਿੱਖ ਪੰਥ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਭਾਵ-ਭਿੰਨਾ ਗੁਰਬਾਣੀ ਕੀਰਤਨ ਪਹੁੰਚੀ ਸੰਗਤ ਨੂੰ ਸਰਵਣ ਕਰਵਾਇਆ।

4 ਫਰਵਰੀ 1986 ਨੂੰ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਇਕੱਠੀ ਹੋਈ ਸੰਗਤ ਉੱਪਰ ਪੰਜਾਬ ਪੁਲਸ ਵੱਲੋਂ ਅੰਨ੍ਹੇਵਾਹ ਗੋਲੀਆਂ ਵਰ੍ਹਾ ਕੇ 4 ਨੌਜਵਾਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਨਕੋਦਰ ਸਾਕੇ ਵਜੋਂ ਜਾਣੇ ਜਾਂਦੇ ਇਸ ਸਰਕਾਰੀ ਦਹਿਸ਼ਤਗਰਦੀ ਦੇ ਕਿੱਸੇ ਦੇ ਨਿਆਂ ਲਈ ਅਨੇਕਾਂ ਯਤਨ ਕੀਤੇ ਗਏ ਪਰ 33 ਸਾਲ ਬੀਤਣ ਮਗਰੋਂ ਇਨਸਾਫ ਦੀ ਕੋਈ ਮੱਧਮ ਜੇਹੀ ਲੋਅ ਵੀ ਪਰਿਵਾਰਾਂ ਨੂੰ ਹਾਲੇ ਤੱਕ ਨਹੀਂ ਦਿਖੀ। ਪੰਜਾਬ ਸਰਕਾਰ ਵੱਲੋਂ ਇਸ ਸਾਕੇ ਦੀ ਜਾਂਚ ਲਈ ਬਣਾਏ ਗਏ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਹਾਲੇ ਤਕ ਵੀ ਜਨਤਕ ਨਹੀਂ ਕੀਤੀ ਗਈ। ਅਪ੍ਰੈਲ 2017 ਵਿਚ ਨਕੋਦਰ ਸਾਕੇ ਦੇ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਗਾਈਆਂ ਗਈਆਂ ਸਨ। ਅਰਦਾਸ ਅਤੇ ਹੁਕਮਨਾਮਾ ਸਾਹਿਬ ਤੋਂ ਉਪਰੰਤ ਬਾਪੂ ਬਲਦੇਵ ਸਿੰਘ ਜੀ ਨੇ 4 ਅਤੇ 5 ਫਰਵਰੀ 1986 ਦੇ ਦਿਨਾਂ ਨੂੰ ਚੇਤੇ ਕਰਦਿਆਂ ਦੱਸਿਆ ਕਿ ਉਹਨਾਂ ਨੂੰ ਸ਼ਹੀਦਾਂ ਦੀਆਂ ਦੇਹਾਂ ਦੇ ਦਰਸ਼ਨ ਵੀ ਕਿੰਨੀ ਮੁਸ਼ਕਲ ਨਾਲ ਨਸੀਬ ਹੋਏ ਸਨ। ਇਸ ਸਮਾਗਮ ਮੌਕੇ ਹਾਜ਼ਰੀ ਭਰਨ ਆਏ ਦਲ ਖਾਲਸਾ ਦੇ ਆਗੂ ਸ.ਹਰਚਰਨਜੀਤ ਸਿੰਘ ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਅੰਦਰ ਵਾਪਰੇ ਸਾਕਾ ਨਕੋਦਰ ਅਤੇ ਸਾਕਾ ਬਹਿਬਲ ਕਲਾਂ ਬਾਰੇ ਦੱਸਦਿਆਂ ਕਿਹਾ ਕਿ ਸਿੱਖ ਪੰਥ ਨੂੰ ਆਪਣੀ ਵਰਤਮਾਨ ਰਾਜਸੀ ਸਥਿਤੀ ਬਾਰੇ ਚੇਤੰਨ ਹੋਕੇ ਸੋਚਣ ਦੀ ਲੋੜ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਭਾਵਪੂਰਤ ਸ਼ਬਦਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਭਾਈ ਨਰਾਇਣ ਸਿੰਘ ਚੌੜਾ ਅਤੇ ਪ੍ਰੋਫੈਸਰ ਬਲਜਿੰਦਰ ਸਿੰਘ ਜੀ ਨੇ ਕਿਹਾ ਕਿ ਓਹ ਨਕੋਦਰ ਸਾਕੇ ਦੀ ਜਾਂਚ ਲਈ ਬਣੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਜਾਂਚ ਜਨਤਕ ਕਰਵਾਉਣ ਲਈ ਕਨੂੰਨੀ ਕੋਸ਼ਿਸ਼ਾਂ ਕਰਨਗੇ।

ਭਾਈ ਨਰਾਇਣ ਸਿੰਘ ਨੇ ਦੱਸਿਆ ਕਿ ਨਕੋਦਰ ਸਾਕੇ ਦੇ ਇਨਸਾਫ ਲਈ ਯਤਨ ਕਰਨਾ ਪੰਜ ਮੈਂਬਰੀ ਕਮੇਟੀ ਦੇ ਮੁੱਢਲੇ ਨਿਸ਼ਾਨਿਆਂ ਵਿਚੋਂ ਹੈ। ਇਸ ਮੌਕੇ ਪਹੁੰਚੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਆਗੂ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਆਪਣੇ ਵਿਚਾਰਾਂ ਨੂੰ ਪੰਥਕ ਤਾਲਮੇਲ 'ਤੇ ਕੇਂਦਰਿਤ ਰੱਖਿਆ ਅਤੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਅਗਲੇ ਇਜਲਾਸ ਮੌਕੇ ਵਿਧਾਨ ਸਭਾ ਦੇ ਬਾਹਰ ਰੋਸ ਵਿਖਾਵਾ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਤੋਂ ਭਾਈ ਸੁਖਜੀਤ ਸਿੰਘ ਖੋਸੇ, ਅਲਾਇੰਸ ਆਫ ਸਿੱਖ ਆਰਗਨਾਈਜ਼ੇਸ਼ਨ ਤੋਂ ਸ. ਪਰਮਪਾਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਸ.ਜਗਜੀਤ ਸਿੰਘ ਪਹੁੰਚੇ।

## ਨਕੋਦਰ ਗੋਲੀ ਕਾਂਡ ਬਾਰੇ ਝੂਠ ਬੋਲ ਰਿਹਾ ਹੈ ਦਰਬਾਰਾ ਗੁਰੂ

**ਅੰਮ੍ਰਿਤਸਰ/ਏਟੀ ਨਿਊਜ਼ :** ਨਕੋਦਰ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਫਰਵਰੀ-1986 ਵਿੱਚ ਗੁਰੂ-ਦੋਖੀਆਂ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ ਕਰਨ ਦੀ ਦੁਖਦਾਈ ਘਟਨਾ ਖਿਲਾਫ ਰੋਸ ਪ੍ਰਗਟਾ ਰਹੀਆਂ ਸੰਗਤਾਂ ਵਿੱਚ ਸ਼ਾਮਿਲ ਚਾਰ ਸਿੱਖ ਨੌਜੁਆਨਾਂ ਨੂੰ ਪੁਲਿਸ ਵਲੋਂ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਤੇ ਫਿਰ ਉਨ੍ਹਾਂ ਦੀਆਂ ਸ਼ਹੀਦੀ ਦੇਹਾਂ ਵੀ ਪਰਵਾਰਾਂ ਨੂੰ ਨਾ ਕੇ ਉਨ੍ਹਾਂ ਦਾ ਸੰਸਕਾਰ ਲਾਵਾਰਿਸ ਕਹਿ ਕੇ ਕਰ ਦਿੱਤਾ ਗਿਆ। ਇਹ ਕੌੜਾ ਸੱਚ ਹੁਣ ਕਿਸੇ ਪਾਸੋਂ ਛੁਪਿਆ ਹੋਇਆ ਨਹੀ ਹੈ। ਭਲੇ ਹੀ ਉਸ ਵੇਲੇ ਦੀ ਸੁਰਜੀਤ ਸਿੰਘ ਬਰਨਾਲਾ ਸਰਕਾਰ ਨੇ ਆਪਣੇ ਇਸ ਪਾਪ ਉਤੇ ਪਰਦਾ ਪਾਉਣ ਦੀ ਨੀਅਤ ਨਾਲ ਇਸ ਮਾਮਲੇ ਵਿੱਚ ਜਸਟਿਸ ਗੁਰਨਾਮ ਸਿੰਘ ਦਾ ਜਾਂਚ ਲੇਖਾ ਜਨਤਕ ਨਾ ਹੋਣ ਦਿੱਤਾ ਪਰ ਨਕੋਦਰ ਦੇ ਤਤਕਾਲੀਨ ਵਧੀਕ ਡਿਪਟੀ ਕਮਿਸ਼ਨਰ ਰਹੇ ਦਰਬਾਰਾ ਸਿੰਘ ਗੁਰੂ, ਜਿਨ੍ਹਾਂ ਨੂੰ ਬਾਦਲ ਸਰਕਾਰ ਨੇ ਮੁੱਖ ਸਕੱਤਰ ਪੰਜਾਬ ਦੇ ਅਹੁਦੇ ਨਾਲ ਵੀ ਨਿਵਾਜ਼ਿਆ ਤੇ ਸੇਵਾ ਮੁਕਤ ਹੋਣ ਤੇ ਆਪਣੇ ਗਲ ਲਾਉਂਦਿਆਂ ਇੱਕ ਵਾਰ ਵਿਧਾਇਕ ਦੀ ਚੋਣ ਲੜਨ ਲਈ ਪਾਰਟੀ ਟਿਕਟ ਵੀ ਦੇ ਦਿੱਤੀ, ਉਹ ਇਸ ਘਟਨਾ ਬਾਰੇ ਕੁਫਰ ਕਿਉਂ ਤੋਲ ਰਹੇ ਹਨ ?



ਜ਼ਿਕਰ ਕਰਨਾ ਬਣਦਾ ਹੈ ਕਿ ਦਰਬਾਰਾ ਸਿੰਘ ਗੁਰੂ ਨੇ ਬੀਤੇ ਦਿਨੀਂ ਕਿਹਾ ਸੀ ਕਿ ਉਨ੍ਹਾਂ ਦਾ ਨਕੋਦਰ ਕਾਂਡ ਨਾਲ ਕੋਈ ਲੈਣ ਦੇਣ ਨਹੀ ਹੈ ਪਰ ਇਸ ਕਾਂਡ ਵਿੱਚ ਪੁਲਿਸ ਗੋਲੀ ਨਾਲ ਸ਼ਹੀਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਰਿਵਾਰ ਨੇ ਡਿਪਟੀ ਕਮਿਸ਼ਨਰ ਦਫਤਰ ਨਕੋਦਰ ਵਲੋਂ ਜਾਰੀ ਉਸ ਹੁਕਮ ਦੀ ਨਕਲ ਜਨਤਕ ਕੀਤੀ ਹੈ ਜਿਸ ਉਪਰ ਦਰਬਾਰਾ ਸਿੰਘ ਗੁਰੂ ਨੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਜਲੰਧਰ (ਕੈਂਪ ਆਫਿਸ ਨਕੋਦਰ) ਵਜੋਂ ਦਸਤਖਤ ਕੀਤੇ ਹੋਏ ਹਨ।

3 ਫਰਵਰੀ 1986 ਨੂੰ 'ਕਰਫਿਊ ਆਰਡਰ' ਦੇ ਸਿਰਲੇਖ ਹੇਠ ਜਾਰੀ ਦਫਤਰੀ ਹੁਕਮ ਨੰਬਰ 741-72/ਐਮ.ਸੀ. ਮਿਤੀ 3-2-1986 ਵਿੱਚ ਲਿਖਿਆ ਹੈ 'ਨਕੋਦਰ ਦੇ ਹਾਲਾਤ ਨੂੰ ਵੇਖਦਿਆਂ ਮੈਨੂੰ ਪੂਰੀ ਤਸੱਲੀ ਹੈ ਕਿ ਹਾਲਾਤ ਕਿਸੇ ਵੇਲੇ ਵੀ ਹਿੰਸਾ ਦਾ ਰੂਪ ਧਾਰਣ ਕਰ ਸਕਦੇ ਹਨ, ਇਸ ਲਈ ਮੈਂ ਦਰਬਾਰਾ ਸਿੰਘ ਗੁਰੂ ਆਈ.ਏ.ਐਸ. ਵਧੀਕ ਡਿਪਟੀ ਕਮਿਸ਼ਨਰ ਜਲੰਧਰ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਨਕੋਦਰ ਵਿੱਚ ਧਾਰਾ 144 ਤਹਿਤ ਕਰਫਿਉ ਦਾ ਹੁਕਮ ਦਿੰਦਾ ਹਾਂ'।

ਭਾਈ ਰਵਿੰਦਰ ਸਿੰਘ ਦੇ ਪਰਿਵਾਰ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਵਲੋਂ ਡਿਪਟੀ ਕਮਿਸ਼ਨਰ ਦਫਤਰ ਨੂੰ ਭੇਜੀ ਉਸ ਚਿੱਠੀ ਦੀ ਨਕਲ ਵੀ ਭੇਜੀ ਹੈ ਜਿਸ ਵਿੱਚ ਹੁਕਮ ਕੀਤਾ ਗਿਆ ਹੈ ਕਿ ਡਿਪਟੀ ਕਮਿਸ਼ਨਰ ਦਫਤਰ ਦਾ ਕੋਈ ਅਧਿਕਾਰੀ ਕਮਿਸ਼ਨ ਸਾਹਮਣੇ ਪੇਸ਼ ਹੋਵੇ। ਇਸੇ ਚਿੱਠੀ ਉਪਰ ਆਦੇਸ਼ ਦਿੰਦਿਆਂ ਡਿਪਟੀ ਕਮਿਸ਼ਨਰ ਦਫਤਰ ਜਲੰਧਰ ਲਿਖਦਾ ਹੈ ਕਿ ਐਸ.ਡੀ.ਏ. ਕਮਿਸ਼ਨ ਪਾਸ ਪੇਸ਼ ਹੋਵੇ ਤੇ ਕਰਫਿਉ ਹੁਕਮ ਦੀ ਕਾਪੀ ਨਾਲ ਲੈ ਕੇ ਜਾਵੇ।

ਦੂਸਰੇ ਪਾਸੇ ਘਟਨਾ ਦੀ ਨਿਰਪੱਖ ਜਾਂਚ ਕਰਨ ਵਾਲੀ ਮਨੁੱਖੀ ਹੱਕਾਂ ਦੀ ਜਥੇਬੰਦੀ ਇੰਟਰਨੈਸ਼ਨਲ ਹਿਉਮਨ ਰਾਈਟਸ ਆਰਗੇਨਾਈਜੇਸ਼ਨ ਦੀ ਜਾਂਚ ਖੁਲਾਸਾ ਕਰਦੀ ਹੈ ਕਿ ਜਿਸ ਵੇਲੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਤੇ ਐਸ.ਐਸ.ਪੀ. ਇਜ਼ਹਾਰ ਆਲਮ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ ਕੀਤੇ ਜਾਣ ਦੀ ਘਟਨਾ ਦਾ ਜਾਇਜ਼ਾ ਲੈਣ ਆਏ ਤਾਂ ਦਰਬਾਰਾ ਸਿੰਘ ਗੁਰੂ ਨੇ ਬਿਨਾ ਕੁਝ ਵੇਖੇ ਹੀ ਕਹਿ ਦਿੱਤਾ ਇਹ ਤਾਂ ਅਚਨਚੇਤੀ ਘਟਨਾ ਕਾਰਨ ਵਾਪਰਿਆ ਹੈ। ਹਾਲਾਂਕਿ ਇੰਟਰਨੈਸ਼ਨਲ ਹਿਉਮਨ ਰਾਈਟਸ ਆਰਗੇਨਾਈਜੇਸ਼ਨ ਨੇ ਆਪਣੀ ਜਾਂਚ ਵਿੱਚ ਸਾਫ ਕੀਤਾ ਹੈ ਕਿ ਗੁਰਦੁਆਰਾ ਸਾਹਿਬ ਅੰਦਰ ਨਾ ਤਾਂ ਕੋਈ ਜੋਤ ਸੀ, ਨਾ ਧੂਫ ਤੇ ਨਾ ਹੀ ਬਿਜਲੀ ਦਾ ਕੋਈ ਸ਼ਾਰਟ-ਸਰਕਟ ਤੇ ਨਾ ਹੀ ਬਿਜਲੀ ਵਿਭਾਗ ਵਲੋਂ ਲਗਾਏ ਗਏ ਕਿਸੇ ਪਾਵਰ ਕੱਟ ਦਾ ਵੇਰਵਾ। ਆਈ.ਐਚ.ਆਰ.ਓ. ਨੇ ਆਪਣੀ ਚਿੰਤਾ ਜਾਹਰ ਕੀਤੀ ਸੀ ਕਿ ਆਖਿਰ ਘਟਨਾ ਦੇ ਉਪਰੰਤ ਇੰਟੈਲੀਜੈਂਸ ਅਫਸਰ ਰਣਜੀਤ ਸਿੰਘ ਭਿੰਡਰ ਅਤੇ ਕਾਂਗਰਸੀ ਆਗੂ ਉਮਰਾਉ ਸਿੰਘ ਨਕੋਦਰ ਦੇ ਸ਼ਿਵ ਸੈਨਾ ਸਰਪ੍ਰਸਤ ਦੇ ਘਰ ਕੀ ਲੈਣ ਗਏ ਸਨ ਜਦੋਂ ਕਿ ਇਸ ਘਟਨਾ ਲਈ ਸ਼ਿਵ ਸੈਨਾ ਨੂੰ ਜਿੰਮੇਵਾਰ ਦੱਸਿਆ ਜਾ ਰਿਹਾ ਸੀ। ਨਕੋਦਰ ਗੋਲੀ ਕਾਂਡ ਨਾਲ ਜੁੜੇ ਜੋ ਦਸਤਾਵੇਜ਼ ਸਾਹਮਣੇ ਆਏ ਹਨ, ਸਭ ਕੁਝ ਹਕੀਕਤ ਬਿਆਨ ਕਰਦੇ ਹਨ ਤਾਂ ਫਿਰ ਦਰਬਾਰਾ ਸਿੰਘ ਗੁਰੂ ਇਸ ਘਟਨਾ ਬਾਰੇ ਐਡਾ ਵੱਡਾ ਕੁਫਰ ਕਿਉਂ ਤੋਲ ਰਹੇ ਹਨ ? ਇਹ ਤਾਂ ਹੀ ਸਾਹਮਣੇ ਆ ਸਕੇਗਾ ਜਦੋਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦਾ ਜਾਂਚ ਲੇਖਾ ਜਨਤਕ ਹੋਵੇਗੀ ਜਿਸ ਨੂੰ ਕਿ ਪੰਜਾਬ ਵਿਚ ਬਣਨ ਵਾਲੀਆਂ ਸਰਕਾਰਾਂ ਲੰਘੇ ਤਿੰਨ ਦਹਾਕਿਆਂ ਤੋਂ ਦੱਬ-ਦੱਬ ਕੇ ਰੱਖ ਰਹੀਆਂ ਹਨ। ਇਹ ਆਉਂਦੇ ਦਿਨਾਂ ਵਿਚ ਹੀ ਪਤਾ ਲੱਗੇਗਾ ਕਿ ਕੀ ਜਸਟਿਸ ਰਣਜੀਤ ਸਿੰਘ ਦਾ ਜਾਂਚ ਲੇਖਾ ਜਨਤਕ ਕਰਨ ਵਾਲੀ ਮੌਜੂਦਾ ਸਰਕਾਰ ਜਸਟਿਸ ਗੁਰਨਾਮ ਸਿੰਘ ਦਾ ਜਾਂਚ ਲੇਖਾ ਜਨਤਕ ਕਰਨ ਦੀ ਸਿਆਸੀ ਇੱਛਾ-ਸ਼ਕਤੀ ਵਿਖਾ ਸਕੇਗੀ ?

## ਗੁਰੂ ਗ੍ਰੰਥ ਸਾਹਿਬ ਦਾ ਬੰਗਾਲੀ ਭਾਸ਼ਾ 'ਚ ਅਨੁਵਾਦ ਰਿਲੀਜ਼




**ਕੋਲਕਾਤਾ/ਏਟੀ ਨਿਊਜ਼ :**
ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਬੰਗਾਲੀ ਭਾਸ਼ਾ ਵਿੱਚ ਸਫ਼ਲਤਾ ਪੂਰਵਕ ਅਨੁਵਾਦ ਹੋ ਗਿਆ ਹੈ। ਭਾਰਤ ਦੇ ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਬੰਗਾਲੀ ਵਿਚ ਅਨੁਵਾਦਿਤ ਗੁਰੂ ਗ੍ਰੰਥ ਸਾਹਿਬ ਦੇ ਪੰਜ ਅੰਕਾਂ ਨੂੰ ਜਾਰੀ ਕੀਤਾ ਹੈ।

ਇਹ ਵਿਸ਼ੇਸ਼ ਰਿਲੀਜ਼ ਸਮਾਗਮ ਕਲਕੱਤਾ ਦੇ ਰਾਮਾ ਕ੍ਰਿਸ਼ਨਾ ਮਿਸ਼ਨ ਇੰਸਟੀਚਿਊਟ ਵਿਖੇ ਕਰਵਾਇਆ ਗਿਆ। 10 ਗੁਰੂਆਂ ਦੀ ਬਾਣੀ ਨੂੰ ਬੰਗਾਲੀ ਵਿਚ ਅਨੁਵਾਦਿਤ ਕਰਨ ਲਈ ਚਾਇਓਨ ਘੋਸ਼ ਅਤੇ ਝੂਮਾ ਘੋਸ਼ ਨੂੰ ਚਾਰ ਸਾਲਾਂ ਤੋਂ ਵੱਧ ਸਮਾਂ ਲੱਗਿਆ ਹੈ।ਇਸ ਅਨੁਵਾਦਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਾਨਕ ਦੇਵ ਜੀ ਦੀ 550ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਹੈ।

## ਪੰਜਾਬ ਸਰਕਾਰ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਲੁਧਿਆਣੇ ਲਿਆਉਣ ਤੋਂ ਟਾਲਾ ਵੱਟਿਆ

**ਲੁਧਿਆਣਾ/ਏਟੀ ਨਿਊਜ਼ :** ਭਾਈ ਜਗਤਾਰ ਸਿੰਘ ਹਵਾਰਾ ਖਿਲਾਫ ਦਰਜ ਇਕ ਮਾਮਲੇ ਵਿਚ ਲੁਧਿਆਣਾ ਦੇ ਸੀਨੀਅਰ ਐਡੀਸ਼ਨਲ ਸੈਸ਼ਨਜ ਜੱਜ ਅਰੁਨਵੀਰ ਵਸ਼ਿਸਟ ਵੱਲੋਂ 11 ਜਨਵਰੀ 2019 ਨੂੰ ਸਰਕਾਰੀ ਧਿਰ ਦੀਆਂ ਗਵਾਹੀਆਂ ਬਾ-ਹੁਕਮ ਬੰਦ ਕਰਨ ਤੋਂ ਬਾਅਦ 6 ਫਰਵਰੀ 2019 ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਦਿੱਲੀ ਤਿਹਾੜ ਜੇਲ੍ਹ ਦੇ ਸੁਪਰਡੈਂਟ ਨੂੰ ਪੇਸ਼ੀ ਵਾਰੰਟ ਜਾਰੀ ਕੀਤੇ ਸਨ ਪਰ 25 ਜਨਵਰੀ 2019 ਨੂੰ ਸਰਕਾਰ ਵੱਲੋਂ ਦਰਖਾਸਤ ਲਗਾ ਕੇ ਪੇਸ਼ੀ ਦਾ ਪਰਵਾਨਾ ਰੱਦ ਕਰਕੇ ਵੀਡਿਓ ਕਾਨਫਰਸਿੰਗ ਰਾਹੀਂ ਪੇਸ਼ੀ ਕਰਵਾਉਣ ਦੀ ਲਈ ਬੇਨਤੀ ਕੀਤੀ ਗਈ ਹੈ। ਇਸ ਸਬੰਧੀ ਦਰਖਾਸਤ ਦੀ ਨਕਲ ਸਫਾਈ ਧਿਰ ਨੂੰ ਦਿੱਤੀ ਗਈ ਹੈ ਅਤੇ 25 ਫਰਵਰੀ 2019 ਨੂੰ ਜਵਾਬ ਦੇਣ ਕਿਹਾ ਹੈ। ਇਸ ਸਬੰਧੀ ਜਾਣਕਾਰੀ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦਿੱਤੀ। ਜ਼ਿਕਰਯੋਗ ਹੈ ਕਿ ਉਕਤ ਮੁਕੱਦਮਾ ਐਫ. ਆਈ.ਆਰ. ਨੰਬਰ. 134 ਮਿਤੀ 23/12/1995 ਨੂੰ ਥਾਣਾ ਕੋਤਵਾਲੀ ਲੁਧਿਆਣਾ ਵਿੱਚ 4/5 ਬਾਰੂਦ ਕਾਨੂੰਨ ਤੇ 25 ਅਸਲਾ ਕਾਨੂੰਨ ਹੇਠ ਦਰਜ ਕੀਤਾ ਗਿਆ ਸੀ। ਮੁਕੱਦਮਾ ਐਫ.ਆਈ.ਆਰ. ਨੰਬਰ. 133 ਮਿਤੀ 6/12/1995 ਥਾਣਾ ਕੋਤਵਾਲੀ ਦੇ ਘੰਟਾ ਘਰ ਬੰਬ ਧਮਾਕਾ ਮਾਮਲੇ ਵਿੱਚ ਵੀ ਅਤੁਲ ਕਮਾਨਾ (ਵਧੀਕ ਸੈਸ਼ਨ ਜੱਜ) ਦੀ ਅਦਾਲਤ ਵਿੱਚ ਸਰਕਾਰੀ ਗਵਾਹੀਆਂ ਦੀ ਤਰੀਕ ਸੀ ਪਰ ਜੱਜ ਦੇ ਛੁੱਟੀ ਉਤੇ ਗਏ ਹੋਣ ਕਾਰਨ ਉਸ ਕੇਸ ਦੀ ਤਾਰੀਕ ਅੱਗੇ ਪੈ ਗਈ।



# ਪਾਕਿਸਤਾਨ ਵਿਚ ਹਨ ਸਿੱਖਾਂ ਦੇ ਮੱਕਾ-ਮਦੀਨਾ : ਇਮਰਾਨ ਖ਼ਾਨ

**ਦੁਬਈ/ਏਟੀ ਨਿਊਜ਼ :**ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸੰਯੁਕਤ ਅਰਬ ਅਮੀਰਾਤ ਵਿੱਚ ਕਿਹਾ ਕਿ ਪਾਕਿਸਤਾਨ ਵਿੱਚ ਸਿੱਖਾਂ ਦੇ ਮੱਕਾ ਤੇ ਮਦੀਨਾ ਹਨ ਅਤੇ ਇਨ੍ਹਾਂ ਥਾਵਾਂ ਨੂੰ ਘੱਟ ਗਿਣਤੀਆਂ ਲਈ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਲੈ ਕੇ ਭਾਰਤ ਵਿੱਚ ਪੈਂਦੇ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ 'ਚ ਡੇਰਾ ਬਾਬਾ ਨਾਨਕ ਦੇ ਗੁਰਦੁਆਰੇ ਤੱਕ ਲਾਂਘੇ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਤਾਂ ਜੋ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਬਿਨਾ ਵੀਜ਼ੇ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਸਹੂਲਤ ਪ੍ਰਦਾਨ ਕੀਤੀ ਜਾ ਸਕੇ। ਉਹ ਯੂਏਈ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ-ਮਕਤੂਮ ਦੇ ਸੱਦੇ 'ਤੇ ਵਿਸ਼ਵ ਸਰਕਾਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਯੂਏਈ ਦੇ ਦੋ ਦਿਨਾਂ ਦੌਰੇ 'ਤੇ ਹਨ। ਸ੍ਰੀ ਖਾਨ ਨੇ ਕਿਹਾ ਕਿ ਉਨ੍ਹਾਂ ਨੇ ਵੀਜ਼ਾ ਵਿਵਸਥਾ ਖੋਲ੍ਹ ਦਿੱਤੀ ਹੈ। ਪਹਿਲੀ ਵਾਰ 70 ਦੇਸ਼ਾਂ ਤੋਂ ਪਾਕਿਸਤਾਨ ਆਉਣ ਵਾਲੇ ਲੋਕ ਹਵਾਈ ਅੱਡੇ 'ਤੇ ਹੀ ਵੀਜ਼ਾ ਹਾਸਲ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ 5000 ਸਾਲ ਪੁਰਾਣੀ ਸਿੰਧੂ ਘਾਟੀ ਸਭਿਅਤਾ ਹੈ, ਵਿਸ਼ਵ ਦਾ ਸਭ ਤੋਂ ਪੁਰਾਣਾ 2500 ਸਾਲ ਪੁਰਾਣਾ ਸ਼ਹਿਰ ਪੇਸ਼ਾਵਰ ਹੈ। ਇਸ ਤੋਂ ਇਲਾਵਾ ਕਾਫੀ ਪੁਰਾਣੇ ਸ਼ਹਿਰ ਲਾਹੌਰ ਤੇ ਮੁਲਤਾਨ ਵੀ ਹਨ। ਇਸੇ ਤਰ੍ਹਾਂ ਇਸਲਾਮਾਬਾਦ ਦੇ ਉੱਤਰ ਵਿੱਚ ਗੰਧਾਰ ਸਭਿਅਤਾ ਹੈ ਜਿੱਥੋਂ ਬੋਧ ਸਭਿਅਤਾ ਨੂੰ ਵਧਣ-ਫੂਲਣ ਦਾ ਮੌਕਾ ਮਿਲਿਆ। ਮਹਾਤਮਾ ਬੁੱਧ ਦੀ ਸੌਂਦੇ ਹੋਏ ਦੀ ਸਭ ਤੋਂ ਵੱਡੀ 40 ਫੁੱਟ ਦੀ ਮੂਰਤੀ ਹਰੀਪੁਰ ਵਿੱਚ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਦੇਸ਼ ਨੂੰ ਸੈਰ-ਸਪਾਟੇ ਲਈ ਖੋਲ੍ਹਣ ਜਾ ਰਹੇ ਹਨ।



ਮਹਿਬੂਬਾ ਵੱਲੋਂ ਇਮਰਾਨ ਦੀ ਸ਼ਲਾਘਾ : ਜੰਮੂ-ਕਸ਼ਮੀਰ ਦੀ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀਡੀਪੀ) ਮੁਖੀ ਮਹਿਬੂਬਾ ਮੁਫ਼ਤੀ ਨੇ ਜੰਗਲੀ ਰੱਖ ਦਾ ਨਾਮ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੇ ਨਾਮ 'ਤੇ ਰੱਖੇ ਜਾਣ ਦੇ ਫ਼ੈਸਲੇ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਸ਼ਲਾਘਾ ਕੀਤੀ ਹੈ। ਕੇਂਦਰ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਇੰਜ ਜਾਪਦਾ ਹੈ ਕਿ ਪੁਰਾਣੇ ਸ਼ਹਿਰਾਂ ਦੇ ਨਾਮ ਬਦਲਣ ਅਤੇ ਅਯੁੱਧਿਆ 'ਚ ਰਾਮ ਮੰਦਰ ਉਸਾਰੇ ਜਾਣਾ ਭਾਰਤ ਸਰਕਾਰ ਦੀ ਪਹਿਲੀ ਪ੍ਰਾਥਮਿਕਤਾ ਬਣ ਗਿਆ ਹੈ। ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਨੇ ਟਵੀਟ ਕਰਕੇ ਕਿਹਾ,"ਸਮਾਂ ਕਿਵੇਂ ਬਦਲਦਾ ਹੈ। ਕੇਂਦਰ ਦੀ ਪਹਿਲੀ ਪ੍ਰਾਥਮਿਕਤਾ ਇਤਿਹਾਸਕ ਸ਼ਹਿਰਾਂ ਦੇ ਨਾਮ ਬਦਲਣ ਅਤੇ ਰਾਮ ਮੰਦਰ ਉਸਾਰਨਾ ਜਾਪਦਾ ਹੈ। ਦੂਜੇ ਪਾਸੇ ਇਹ ਦੇਖ ਕੇ ਖੁਸ਼ੀ ਹੋਈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਬਾਲੋਕੀ ਜੰਗਲੀ ਰੱਖ ਦਾ ਨਾਮ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਰੱਖਣ ਅਤੇ ਉਨ੍ਹਾਂ ਦੇ ਨਾਮ 'ਤੇ ਯੂਨੀਵਰਸਿਟੀ ਬਣਾਏ ਜਾਣ ਲਈ ਕਦਮ ਉਠਾਇਆ ਹੈ। " ਜ਼ਿਕਰਯੋਗ ਹੈ ਕਿ ਇਮਰਾਨ ਖ਼ਾਨ ਨੇ ਇਕ ਸਮਾਗਮ ਦੌਰਾਨ ਇਹ ਐਲਾਨ ਕਰਦਿਆਂ ਕਿਹਾ ਸੀ ਕਿ ਪਾਕਿਸਤਾਨ ਸਾਰੇ ਨਾਗਰਿਕਾਂ ਦਾ ਹੈ ਅਤੇ ਉਹ ਯਕੀਨੀ ਬਣਾਉਣਗੇ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਿੱਖ ਸ਼ਰਧਾਲੂ ਆਸਾਨੀ ਨਾਲ ਮਨਾ ਸਕਣ।

## ਪਾਕਿ ਪ੍ਰਧਾਨ ਮੰਤਰੀ ਵੱਲੋਂ ਗੁਰੂ ਨਾਨਕ ਯੂਨੀਵਰਸਿਟੀ ਬਣਾਉਣ ਦਾ ਐਲਾਨ

**ਬੱਲੋਕੀ (ਨਨਕਾਣਾ ਸਾਹਿਬ)/ਏਟੀ ਨਿਊਜ਼ :**
ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਬੱਲੋਕੀ ਵਿਚ ਇਕ ਸਮਾਗਮ ਦੌਰਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਬਾਬਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਖ਼ਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਾਬਾ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਇਕ ਜੰਗਲੀ ਰੱਖ ਬਣਾਵੇਗੀ ਅਤੇ ਨਨਕਾਣਾ ਸਾਹਿਬ ਵਿਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਵੀ ਕਾਇਮ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਬੱਲੋਕੀ ਵਿਚ ਪੌਦੇ ਲਾਉਣ ਦੀ ਮੁਹਿੰਮ ਵਿਚ ਸ਼ਿਰਕਤ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਜੰਗਲਾਂ ਦੀ ਹਰ ਕੀਮਤ 'ਤੇ ਰਾਖੀ ਕੀਤੀ ਜਾਵੇਗੀ।

# ਬੇਰੁਜ਼ਗਾਰ ਬੰਜਰ ਪੰਜਾਬ ਦਾ ਕੀ ਹੱਲ ਹੋਵੇ

**ਡਾ. ਮਹਿਲ ਸਿੰਘ**

ਪੰਜਾਬ ਕਈ ਸਮੱਸਿਆਵਾਂ ਦੇ ਰੂਬਰੂ ਹੈ। ਵੈਸੇ ਇਹ ਪੰਜਾਬ ਦੀ ਹੋਣੀ ਵੀ ਹੈ। 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।' ਇੱਥੋਂ ਦੀਆਂ ਸਮੱਸਿਆਵਾਂ ਦਾ ਲੰਮਾ ਇਤਿਹਾਸ ਹੈ। ਸੰਤਾਲੀ ਦੀ ਦੇਸ਼ ਵੰਡ ਨੇ ਪੰਜਾਬ ਨੂੰ ਵੱਡੇ ਪੱਧਰ 'ਤੇ ਕੱਟਿਆ-ਵੱਢਿਆ ਹੈ। ਦੇਸ਼ ਵੰਡ ਨਾਲ ਪਾਕਿਸਤਾਨ ਕੋਲ ਬਾਹਠ ਪ੍ਰਤੀਸ਼ਤ ਪੰਜਾਬ ਰਹਿ ਗਿਆ। ਸਾਨੂੰ ਮਿਲਿਆ ਅਠੱਤੀ ਪ੍ਰਤੀਸ਼ਤ ਦਾ ਪੰਜਾਬ। ਇਸ ਵੰਡ ਨੇ ਪੰਜਾਬ ਦੀ ਆਬਾਦੀ ਤੇ ਜ਼ਮੀਨੀ ਵੰਡ ਦਾ ਲੱਕ ਤੋੜ ਦਿੱਤਾ। ਇਸ ਨਾਲ ਸਾਡੀ ਆਰਥਿਕਤਾ ਤੇ ਸਾਂਝੀ ਰਹਿਤਲ ਨੂੰ ਭਾਰੀ ਸੱਟ ਵੱਜੀ। ਪੰਜਾਬ ਵਿਸ਼ਾਲ ਤੋਂ ਸੰਕੁਚਿਤ ਹੋ ਗਿਆ। ਫਿਰ ਕਿਸੇ ਹੋਰ ਨੇ ਨਹੀਂ, ਅਸਾਂ ਖੁਦ ਨੇ 1966 ਵਿਚ ਪੰਜਾਬ ਨੂੰ ਛੋਟਾ ਕਰ ਲਿਆ। ਪੰਜਾਬ ਵਿੱਚੋਂ ਬਿਨਾਂ ਮੰਗੇ ਦੋ ਨਵੇਂ ਸੂਬੇ ਬਣ ਗਏ। ਹਰਿਆਣੇ ਨੂੰ ਬਾਰਾਂ ਪ੍ਰਤੀਸ਼ਤ ਅਤੇ ਹਿਮਾਚਲ ਨੂੰ ਤਕਰੀਬਨ ਅੱਠ ਪ੍ਰਤੀਸ਼ਤ ਇਲਾਕਾ ਮਿਲ ਗਿਆ। ਹੁਣ ਸਾਡਾ ਅਠਾਰਾਂ ਪ੍ਰਤੀਸ਼ਤ ਦਾ ਪੰਜਾਬ ਹੈ।

ਇਸ ਕੱਟ-ਵੱਢ ਨੇ ਅਖ਼ੀਰ ਆਪਣਾ ਰੰਗ ਤਾਂ ਵਿਖਾਉਣਾ ਹੀ ਸੀ। ਪੰਜਾਬ ਕੇਵਲ ਖੇਤੀ ਪ੍ਰਧਾਨ ਮੈਦਾਨੀ ਇਲਾਕੇ ਤੱਕ ਸੀਮਿਤ ਹੋ ਗਿਆ। ਸਨਅਤ ਦੀ ਵੱਡੀ ਸੰਭਾਵਨਾ ਵਾਲਾ ਠੰਢਾ ਇਲਾਕਾ ਹਿਮਾਚਲ ਸਾਡੇ ਕੋਲੋਂ ਦੂਰ ਹੋ ਗਿਆ। ਰਾਜਧਾਨੀ ਦਿੱਲੀ ਨਾਲ ਰਾਜਸੀ ਰੂਪ ਵਿਚ ਜੁੜਨ ਵਾਲਾ ਵਪਾਰਕ ਤੇ ਉਦਯੋਗਿਕ ਕਿੱਤਿਆਂ ਵਾਲਾ ਹਰਿਆਣਾ ਵੀ ਅਸੀਂ ਆਪਣਾ ਸ਼ਰੀਕ ਬਣਾ ਲਿਆ। ਦੇਸ਼ ਦੀ ਰਾਜਧਾਨੀ ਨਾਲ ਜੁੜਨ ਦੇ ਸਿੱਟੇ ਵਜੋਂ ਹੀ ਹਰਿਆਣਾ ਵਿਚ ਕਈ ਬਰਕਤਾਂ ਹਨ। ਸਾਡਾ ਇਹ ਚੱਪਾ-ਰੋਟੀ ਜਿੱਡਾ ਪੰਜਾਬ ਹਾਲੋਂ-ਬੇਹਾਲ ਹੋਇਆ ਪਿਆ ਹੈ। ਅਸੀਂ ਪਾਕਿਸਤਾਨ ਤੋਂ ਭੱਜ ਆਏ ਸੀ, ਕਿਉਂਕਿ ਉੱਥੇ ਪਾਕਿਸਤਾਨ ਇਕ ਵੱਖਰਾ ਇਸਲਾਮਕ ਦੇਸ਼ ਬਣ ਗਿਆ ਸੀ। ਇਹ ਸਾਡੀ ਰਾਜਸੀ ਮਜਬੂਰੀ ਸੀ ਅਤੇ ਹੁਕਮਰਾਨਾਂ ਦਾ ਹੁਕਮ। ਫਿਰ 1966 ਵਿਚ ਅਸਾਂ ਪੰਜਾਬੀ ਸਮੁਦਾਇ ਦੇ ਸੰਗਠਨ ਨੂੰ ਭਾਰੀ ਸੱਟ ਮਾਰੀ। ਪੰਜਾਬੀ ਹਿੰਦੂਆਂ ਨੂੰ ਹਰਿਆਣੇ ਅਤੇ ਹਿਮਾਚਲ ਵੱਲ ਧੱਕਣ ਦਾ ਯਤਨ ਕੀਤਾ। ਇਸ ਨਾਲ ਪੰਜਾਬ ਦੇ ਕਾਰੋਬਾਰੀ/ਵਪਾਰਕ ਤੇ ਸਨਅਤੀ ਘਰਾਣੇ ਦੂਰ ਹੋ ਗਏ।

ਅਜੋਕਾ ਪੰਜਾਬ ਕੇਵਲ ਤੇ ਕੇਵਲ ਖੇਤੀ ਉਤਪਾਦਨ ਤੱਕ ਸੀਮਿਤ ਹੋ ਗਿਆ। ਇਸ ਸੰਬੰਧੀ ਹਰਾ ਇਨਕਲਾਬ ਅੱਗੇ ਨਹੀਂ ਤੁਰਿਆ ਹੈ। ਅਸੀਂ ਖੇਤੀ ਉਤਪਾਦਨ ਦੇ ਕੱਚੇ ਮਾਲ ਤਕ ਸੀਮਿਤ ਰਹੇ ਹਾਂ। ਖੇਤੀ ਆਧਾਰਿਤ ਸਨਅਤੀਕਰਣ ਦਾ ਅਗਲਾ ਪੜਾਅ ਆਰੰਭ ਹੀ ਨਹੀਂ ਹੋਇਆ ਹੈ। ਇਸ ਦੇ ਸਿੱਟੇ ਵਜੋਂ ਹਰੇ ਇਨਕਲਾਬ ਨਾਲ ਸਿਰਫ਼ ਵਕਤੀ ਹੁਲਾਰਾ ਹੀ ਮਿਲਿਆ ਹੈ। ਇਹ ਖੇਤੀ ਵਿਕਾਸ ਦੀ ਨਿਰੰਤਰਤਾ ਬਣਾਈ ਰੱਖਣ ਵਿਚ ਅਸਫ਼ਲ ਸਿੱਧ ਹੋਇਆ ਹੈ। ਸਾਡਾ ਸੱਤਰਵਿਆਂ ਵਿਚ ਆਇਆ ਹਰਾ ਇਨਕਲਾਬ ਕੇਵਲ ਤੇ ਕੇਵਲ ਖੇਤੀ ਉਤਪਾਦਨ ਦੇ ਵਾਧੇ ਦਾ ਸਬੱਬ ਤੇ ਕਾਰਣ ਬਣਿਆ। ਸਾਡਾ ਇੱਕੋ-ਇੱਕ ਨਿਸ਼ਾਨਾ ਖੇਤੀ ਉਪਜ ਵਿਚ ਵਾਧਾ ਕਰਨਾ ਸੀ। ਇਸ ਦੇ ਸਿੱਟੇ ਵਜੋਂ ਬੇਤਹਾਸ਼ਾ ਰਸਾਇਣ ਖਾਦਾਂ ਤੇ ਦਵਾਈਆਂ ਦੀ ਵਰਤੋਂ ਕੀਤੀ ਗਈ, ਨਾਲ ਸਾਰਾ ਜ਼ੋਰ ਜ਼ਮੀਨ ਵਿੱਚੋਂ ਪਾਣੀ ਕੱਢਣ ਉੱਤੇ ਲਗਾ ਦਿੱਤਾ। ਨਵੀਂ ਤਕਨੀਕ ਦੇ ਸਿੱਟੇ ਵਜੋਂ ਖੇਤੀ ਕਰਨੀ ਤਾਂ ਸੌਖੀ ਹੋ ਗਈ ਪਰ ਕਿਸਾਨੀ ਖੁਦ ਔਖੀ ਹੋ ਗਈ, ਨਾਲ ਹੀ ਔਖਾ ਹੋ ਗਿਆ ਪੰਜਾਬ ਦਾ ਵਾਤਾਵਰਣ।

ਹੁਣ ਵਾਤਾਵਰਣ (ਜ਼ਮੀਨ ਤੇ ਹਵਾ) ਗੰਧਲਾ ਹੋ ਗਿਆ ਹੈ। ਜ਼ਮੀਨ ਹੇਠੋਂ ਪਾਣੀ ਮੁੱਕ-ਸੁੱਕ ਰਿਹਾ ਹੈ। ਹੁਣ ਸਾਨੂੰ ਇਹ ਚਿੰਤਾ ਸਤਾਉਣ ਲੱਗੀ ਹੈ ਕਿ ਇੱਥੇ ਰਹਿਣਾ ਕਿਵੇਂ ਹੈ। ਇਸ ਕਾਰਣ ਸਾਡੀ ਮਾਨਸਿਕਤਾ ਡਰੂ ਹੋ ਗਈ ਹੈ। ਪੰਜਾਬ ਹੁਣ ਕਈ ਖ਼ਤਰਨਾਕ ਅਤੇ ਬੇ-ਇਲਾਜ ਬਿਮਾਰੀਆਂ ਦਾ ਗੜ੍ਹ ਬਣ ਗਿਆ ਹੈ। ਅਜਿਹੀਆਂ ਬਿਮਾਰੀਆਂ ਦਾ ਵਾਇਰਸ ਹਵਾ ਵਿੱਚ ਘੁਲ ਜਾਣ ਦਾ




ਅਨੁਮਾਨ ਹੈ। ਇਸ ਕਰਕੇ ਸਿਹਤ ਪੱਖੋਂ ਚੰਗਾ ਤੇ ਲੰਮਾ ਜੀਵਨ ਜਿਊਂਦੇ ਰਹਿਣ ਸੰਬੰਧੀ ਇਕ ਵੱਡਾ ਪ੍ਰਸ਼ਨ-ਚਿੰਨ੍ਹ ਲੱਗ ਚੁੱਕਾ ਹੈ। ਮਸ਼ੀਨੀ ਖੇਤੀ ਨਾਲ ਹੱਥੀਂ ਕੰਮ ਕਰਨ ਦਾ ਕਲਚਰ ਗੁੰਮ-ਗਵਾਚ ਗਿਆ ਹੈ। ਕਿਸਾਨੀ ਵਿਚ ਵਿਹਲ ਹੁਣ ਵਰਤਾਰਾ ਬਣ ਗਿਆ ਹੈ। ਪਿਛਲੇ ਚਾਲੀ ਸਾਲ ਤੋਂ ਖੇਤੀ ਉਤਪਾਦਨ ਵਿਚ ਖੜੋਤ ਨਜ਼ਰ ਆਉਂਦੀ ਹੈ। ਖੇਤੀ ਲਾਗਤਾਂ ਲਗਾਤਾਰ ਵਧ ਰਹੀਆਂ ਹਨ। ਜੀਵਨ ਲੀਲਾ ਖਰਚੀਲੀ ਹੋ ਗਈ ਹੈ। ਇਸ ਸੰਬੰਧੀ ਇਕ ਘਟਨਾ ਜ਼ਿਕਰਯੋਗ ਹੈ। ਇਕ ਕਿਸਾਨ ਟਰੈਕਟਰ ਲਿਜਾ ਰਿਹਾ ਸੀ। ਟਰੈਕਟਰ ਨਾਲ ਹਲਾਂ ਪਿੱਛੇ ਮੱਝ ਬੰਨ੍ਹੀ ਹੋਈ ਸੀ। ਮੱਝ ਦੇ ਮਗਰ ਮੋਟਰ-ਸਾਈਕਲ ਉੱਤੇ ਕਿਸਾਨ ਦਾ ਲੜਕਾ ਡੰਡਾ ਫੜੀ ਜਾ ਰਿਹਾ ਸੀ। ਉਹ ਮੱਝ ਡਾਕਟਰ ਨੂੰ ਵਿਖਾਉਣ ਜਾ ਰਹੇ ਸਨ। ਮੱਝ ਨੂੰ ਤੁਰ ਕੇ ਜਾਂ ਤੋਰ ਕੇ ਲਿਜਾਣ ਦੀ ਥਾਂ ਦੋ ਮਸ਼ੀਨਰੀਆਂ ਦੀ ਖਪਤ ਹੋ ਰਹੀ ਸੀ। ਅਜਿਹੇ ਖਰਚਿਆਂ ਦੀ ਮਾਰ ਤਾਂ ਪੈਣੀ ਹੀ ਹੈ।

ਆਪਣੇ ਸੁਭਾਅ ਵਜੋਂ ਕਿਸਾਨੀ ਬੇਪ੍ਰਵਾਹ ਵੀ ਹੈ। ਅਜਿਹੀ ਸਮੁੱਚੇ ਹਾਲਾਤ ਦੇ ਮੱਦੇਨਜ਼ਰ ਛੋਟੀ ਕਿਸਾਨੀ ਸਾੜ੍ਹ-ਸਤੀ ਦੇ ਦੌਰ ਵਿਚ ਸ਼ਾਮਿਲ ਹੋ ਚੁੱਕੀ ਹੈ। ਸਨਅਤੀ ਤੇ ਵਪਾਰਕ ਤਜ਼ਰਬੇ ਵਾਲਿਆਂ ਨੂੰ ਅਸੀਂ ਪਹਿਲਾਂ ਹੀ ਆਪਣੇ ਤੋਂ ਦੂਰ ਕਰ ਛੱਡਿਆ ਹੈ। ਸਰਕਾਰੀ ਨੌਕਰੀਆਂ ਦਾ ਮਾਡਲ ਬੀਤੇ ਦੀ ਬਾਤ ਹੋ ਗਿਆ ਹੈ। ਇਸ ਵਿਚ ਸਾਡੀ ਤੇ ਸਰਕਾਰੀ ਦੀ ਪੂਰੀ ਮਿਲੀ-ਭੁਗਤ ਹੈ। ਪੰਜਾਬ ਵਿਚ ਪ੍ਰਾਈਵੇਟ ਸੈਕਟਰ ਉੱਤਰਿਆ ਹੀ ਨਹੀਂ ਹੈ। ਪੰਜਾਬ ਦਾ ਨੌਜਵਾਨ ਨਵੇਂ ਰੁਜ਼ਗਾਰ ਖੁਣੋ ਆਵਾਜ਼ਾਰ ਹੈ। ਖੇਤੀ ਵਿੱਚੋਂ ਅਸੀਂ ਪਹਿਲਾ ਹੀ ਵਿਹਲੇ ਹੋ ਚੁੱਕੇ ਹਾਂ।

ਜਿਵੇਂ ਕਦੇ ਅਸੀਂ ਪਾਕਿਸਤਾਨ ਵਿੱਚੋਂ ਭੱਜੇ ਸਾਂ, ਉਵੇਂ ਹੀ ਹੁਣ ਅਸੀਂ ਪੰਜਾਬ ਵਿੱਚੋਂ ਵਿਦੇਸ਼ ਭੱਜ ਜਾਣ ਲਈ ਤਰਲੋ-ਮੱਛੀ ਹਾਂ। ਇਹ ਸਾਡਾ ਸ਼ੌਕ ਨਹੀਂ, ਮਜਬੂਰੀ ਹੈ। ਸੋਚਵਾਨਾਂ ਨੂੰ ਪੰਜਾਬ ਦੇ ਵਾਤਾਵਰਣ ਤੇ ਬਿਮਾਰੀਆਂ ਦਾ ਡਰ ਖਾਈ ਜਾ ਰਿਹਾ ਹੈ। ਨੌਜਵਾਨਾਂ ਨੂੰ ਰੋਟੀ-ਰੋਜ਼ੀ ਦਾ ਮਸਲਾ ਸਤਾਅ ਰਿਹਾ ਹੈ। ਨੌਜਵਾਨ ਪੜ੍ਹਨ ਦੇ ਬਹਾਨੇ ਬਾਹਰ ਜਾ ਰਹੇ ਹਨ। ਮਾਪੇ ਫਿਰ ਬੱਚਿਆਂ ਦੇ ਬਹਾਨੇ ਮਗਰੇ ਹੀ ਵਿਦੇਸ਼ ਵੱਲ ਰੁੜ੍ਹ-ਪੁੜ੍ਹ ਰਹੇ ਹਨ। ਔਸਤਨ ਇਕ ਲੱਖ ਵਿਦਿਆਰਥੀ ਸਾਲਾਨਾ ਪੜ੍ਹਨ (ਸਟੱਡੀ ਵੀਜ਼ੇ) ਦੇ ਬਹਾਨੇ ਬਾਹਰ ਜਾ ਰਿਹਾ ਹੈ। ਇਹ ਪੜ੍ਹਾਈ ਕਾਫ਼ੀ ਖਰਚੀਲੀ ਹੈ। ਜੇ ਇਕ ਵਿਦਿਆਰਥੀ ਦੱਸ ਲੱਖ ਵੀ ਇੱਥੋਂ ਲੈ ਕੇ ਜਾਵੇ ਤਾਂ ਇਕ ਲੱਖ ਵਿਦਿਆਰਥੀ ਦੀ ਰਾਸ਼ੀ ਦੱਸ ਹਜ਼ਾਰ ਕਰੋੜ ਰੁਪਏ ਬਣਦੀ ਹੈ। ਹਰ ਪੜ੍ਹਨ ਗਏ ਵਿਦਿਆਰਥੀ ਨੂੰ ਮਾਪੇ ਔਸਤਨ ਤਿੰਨ ਲੱਖ ਰੁਪਏ ਸਾਲਾਨਾ ਭੇਜ ਰਹੇ ਹਨ। ਇਹ ਰਾਸ਼ੀ ਤਿੰਨ ਹਜ਼ਾਰ ਕਰੋੜ (ਇਕ ਲੱਖ ਗੁਣਾ ਤਿੰਨ ਲੱਖ) ਬਣਦੀ ਹੈ। ਇਹ ਸਾਰਾ ਪੈਸਾ ਤੇਜ਼ ਵਹਾਅ ਦੇ ਰੂਪ ਵਿਚ ਪੰਜਾਬ ਤੋਂ ਬਾਹਰ ਵਿਦੇਸ਼ ਵੱਲ ਰੁੜ੍ਹ ਰਿਹਾ ਹੈ।

ਹੁਣ ਪ੍ਰਵਾਸੀਆਂ/ਵਿਦੇਸ਼ੀਆਂ ਨੇ ਪੰਜਾਬ ਵਿਚ ਪੈਸਾ ਲਗਾਉਣਾ ਛੱਡ ਦਿੱਤਾ ਹੈ, ਕਿਉਂਕਿ ਉਹ ਇਸ ਗੱਲ ਤੋਂ ਜਾਣੂੰ ਹੋ ਚੁੱਕੇ ਹਨ ਕਿ ਪੰਜਾਬ ਦਾ ਭਵਿੱਖ ਖ਼ਤਰਨਾਕ ਮੋੜ ਕੱਟ ਰਿਹਾ ਹੈ। ਇਸ ਰੁਝਾਨ ਕਾਰਨ ਪੰਜਾਬ ਆਰਥਿਕਤਾ ਤੇ ਪੈਸੇ ਪੱਖੋਂ ਅੰਦਰੋਂ ਖੋਖਲਾ ਹੋ ਰਿਹਾ ਹੈ। ਇਸ ਸਥਿਤੀ ਨੇ ਪੰਜਾਬ ਦੀ ਵਿੱਤੀ ਹਾਲਾਤ ਦਾ ਲੱਕ ਤੋੜ ਦਿੱਤਾ ਹੈ। ਸਿੱਟੇ ਵਜੋਂ ਸਾਡੀਆਂ ਜ਼ਮੀਨਾਂ-ਜਾਇਦਾਦਾਂ ਦੇ ਰੇਟ ਲਗਾਤਾਰ ਹੇਠਾਂ ਡਿੱਗ ਰਹੇ ਹਨ।

ਪੰਜਾਬ ਦੀਆਂ ਪਹਿਲੀਆਂ ਵੰਡਾਂ ਦੇ ਸੰਕਟ ਸੰਪਰਦਾਇਕ ਕਿਸਮ ਦੇ ਸਨ। ਹੁਣ ਦਾ ਸੰਕਟ ਸੰਪਰਦਾਇਕਤਾ ਤੋਂ ਪਾਰ ਹੈ। ਇਹ ਕਿਸੇ ਧਰਮ ਜਾਂ ਜਾਤ ਤੱਕ ਸੀਮਿਤ ਨਹੀਂ ਹੈ। ਸਮੁੱਚਾ ਨੌਜਵਾਨ ਰੁਲ ਰਿਹਾ ਹੈ। ਨੌਕਰੀਆਂ ਅਤੇ ਰੁਜ਼ਗਾਰ ਦੀ ਸੰਭਾਵਨਾ ਮੁੱਕ-ਸੁੱਕ ਗਈ ਹੈ। ਖੇਤੀ, ਵਪਾਰ ਤੇ ਸਨਅਤ ਡਾਵਾਂ-ਡੋਲ ਹੈ। ਪੰਜਾਬ ਵਿਚ ਹਰੇਕ ਨੂੰ ਆਪਣਾ ਭਵਿੱਖ ਡਰਾਉਣ ਲੱਗਾ ਹੈ। ਕਈਆਂ ਦੀ ਚਿੰਤਾ ਇੱਥੋਂ ਦੇ ਖ਼ਤਮ ਹੋ ਰਹੇ ਕੁਦਰਤੀ ਸੋਮਿਆਂ ਸੰਬੰਧੀ ਹੈ। ਪੰਜਾਬ ਸੰਬੰਧੀ ਜਿਵੇਂ ਦੀ ਲੰਬੀ ਵਿਉਂਤਬੰਦੀ ਤੇ ਦੂਰ-ਅੰਦੇਸ਼ੀ ਮੰਗ ਕਰਦੀ ਸੀ, ਉਸ ਦੀ ਅਣਹੋਂਦ ਰਹੀ ਹੈ। ਸਭ ਡੰਗ-ਟਪਾਊ ਨੀਤੀਆਂ ਹਨ। ਪਿਛਲੇ ਚਾਲੀ ਸਾਲ ਤੋਂ ਪੰਜਾਬ ਨਿਰੰਤਰ ਖੜੋਤ ਵਿਚ ਹੀ ਨਹੀਂ, ਸਗੋਂ ਪਿਛਲ-ਪੈਰੀਂ ਰਸਾਤਲ ਵੱਲ ਜਾ ਰਿਹਾ ਹੈ।

ਪੰਜਾਬੀ ਆਪਣੇ ਵਿਰਸੇ ਦੇ ਸਭਿਆਚਾਰਕ ਮੁੱਲ-ਵਿਧਾਨ ਤੋਂ ਟੁੱਟ ਰਹੇ ਹਨ। ਅਜੋਕੇ ਨੌਜਵਾਨਾਂ ਵਿੱਚੋਂ ਬਹੁਤਿਆਂ ਦੀ ਦਿੱਖ ਜਾਂ ਸੂਰਤ ਹੀ ਪੰਜਾਬੀਆਂ ਵਾਲੀ ਨਹੀਂ ਹੈ। ਇਨ੍ਹਾਂ ਦੀ ਸੋਚ ਜਾਂ ਸੀਰਤ ਹੀਰੋਇਜ਼ਮ/ਗੈਂਗਸਟਰੀ ਵਰਤਾਰੇ ਅਤੇ ਛਲਾਵੇ ਤੋਂ ਪ੍ਰਭਾਵਿਤ ਹੋ ਰਹੀ ਹੈ। ਪਿਛਲੇ ਦਿਨੀਂ ਇਕ ਵਿਆਹ ਪਾਰਟੀ ਵਿਚ ਜਾਣ ਦਾ ਮੌਕਾ ਮਿਲਿਆ। ਵਿਆਹ-ਪਾਰਟੀ ਵਾਲੇ ਮੁੰਡੇ ਵੱਲੋਂ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਨਾਲ ਹਥਿਆਰ ਲਿਆਉਣ ਲਈ ਕਿਹਾ ਗਿਆ ਸੀ। ਇਸ ਨੌਜਵਾਨ ਦੀ ਪੈਲੀ ਤਿੰਨ ਕਿੱਲੇ ਸੀ। ਹੋਰ ਰੁਜ਼ਗਾਰ ਵੀ ਕੋਈ ਨਹੀਂ ਹੈ। ਉਸ ਦੇ ਸਾਰੇ ਨੌਜਵਾਨ ਦੋਸਤ-ਮਿੱਤਰ, ਰਿਸ਼ਤੇਦਾਰ ਨੱਚਣ-ਗਾਉਣ ਵਿਚ ਲੱਗੇ ਹੋਏ ਸਨ। ਨਸ਼ੇ ਦੇ ਲੋਰ ਵਿਚ ਰਿਸ਼ਤੇਦਾਰ ਫ਼ਾਇਰ ਕਰ ਰਹੇ ਸਨ। ਵਿਆਹ ਵਾਲਾ ਮੁੰਡਾ ਮਾਮੇ ਦੀ ਬੰਦੂਕ ਤੋਂ ਆਪਣੀ ਨਵੀਂ ਵਿਆਹੀ ਪਤਨੀ ਤੋਂ ਫਾਇਰ ਕਰਵਾ ਰਿਹਾ ਸੀ। ਨਵ-ਵਿਆਹੁਤਾ ਨੂੰ ਅਜਿਹਾ ਕਰਦਿਆਂ ਹੋਇਆ ਖ਼ੁਸ਼ੀ ਮਹਿਸੂਸ ਹੋ ਰਹੀ ਸੀ। ਵੇਖ ਕੇ ਹੈਰਾਨੀ ਵੀ ਹੁੰਦੀ ਹੈ ਤੇ ਚਿੰਤਾ ਵੀ। ਕਿੱਧਰ ਤੁਰ ਰਿਹਾ ਹੈ ਸਾਡਾ ਅਜੋਕਾ ਨੌਜਵਾਨ। ਅਜਿਹੀ ਮਾਹਰਕੇਬਾਜ਼ੀ ਨੌਜਵਾਨਾਂ ਦੀ ਜੀਵਨ-ਜਾਚ ਕਿਉਂ ਬਣ ਰਹੀ ਹੈ? ਇਸ ਦੇ ਵਿਸ਼ੇਸ਼ ਕਾਰਣ ਹੋ ਸਕਦੇ ਹਨ। ਅਜਿਹੇ ਬਹੁਤੇ ਘਰ-ਪਰਿਵਾਰ ਆਮ ਸਹੂਲਤਾਂ ਤੋਂ ਸੌਖੇ ਹਨ। ਪਰ ਇਹ ਵਿਆਹ-ਪਾਰਟੀਆਂ ਦੇ ਮੌਕੇ ਹਥਿਆਰਾਂ ਦੀ ਫੋਕੀ ਫਾਇਰਿੰਗ ਨਾਲ ਭਰਪੂਰ ਹਨ। ਅਮੀਰ ਹੋਣ ਦੇ ਵਕਤੀ ਦਿਖਾਵੇ ਅਤੇ ਹੀਰੋਇਜ਼ਮ ਨੇ ਕਈ ਬੁਰਾਈਆਂ ਨੂੰ ਜਨਮ ਦਿੱਤਾ ਹੈ।

ਸਾਡੇ ਬਾਜ਼ਾਰ ਵਿਚ ਫੈਲ ਰਹੇ ਸ਼ਾਪਿੰਗ ਮਾਲ ਤੇ ਕਾਰਪੋਰੇਟ ਸੈਕਟਰ ਦਾ ਆਪਣਾ ਲੁਭਾਉਣਾ ਪੱਖ ਹੈ। ਇਸ ਕਰਕੇ ਚਾਰ-ਚੁਫ਼ੇਰੇ ਚਕਾ-ਚੌਂਧ ਦੀ ਭਗਦੜ ਮਚੀ ਨਜ਼ਰ ਆਉਂਦੀ ਹੈ। ਇੱਥੇ ਕੁਝ ਹੱਥ ਪੱਲੇ ਨਾ ਪੈਣ ਕਰਕੇ ਇੱਕੋ ਰਾਹ ਇੱਥੋਂ ਭੱਜਣ ਦਾ ਰਹਿ ਗਿਆ ਹੈ। ਇਸ ਕਰਕੇ ਆਈਲੈੱਟ ਸੈਂਟਰਾਂ, ਅੰਬੈਸੀਆਂ ਅਤੇ ਏਅਰਪੋਰਟਾਂ ਵਿਚ ਭੀੜ ਦੀ ਮਾਰੋ-ਮਾਰ ਨਜ਼ਰ ਆਉਂਦੀ ਹੈ। ਸੱਤਰ ਸਾਲ ਪਹਿਲਾਂ ਜਿਨ੍ਹਾਂ ਵਿਦੇਸ਼ੀ ਹਾਕਮਾਂ ਨੂੰ ਇੱਥੋਂ ਕੱਢਣ ਲਈ ਕਦੀ ਘੋਲ ਕੀਤਾ ਸੀ, ਹੁਣ ਅਸੀਂ ਉਨ੍ਹਾਂ ਹਾਕਮਾਂ ਦੇ ਦੇਸ਼ਾਂ ਵਿੱਚ ਪਨਾਹ ਲੈਣ ਲਈ ਪਨਾਹਗੀਰ ਹੋ ਜਾਣ ਦਾ ਮੋੜ ਕੱਟ ਰਹੇ ਹਾਂ। ਇਹ ਮੋੜਾ ਸਿਰਫ਼ ਰੁਜ਼ਗਾਰ ਲੱਭਣ ਨਾਲ ਹੀ ਸੰਬੰਧਿਤ ਨਹੀਂ ਹੈ, ਇਸ ਨਾਲ ਪੰਜਾਬ ਦੇ ਵਿੱਤੀ-ਸ੍ਰੋਤਾਂ ਦਾ ਘਾਣ ਹੋਣ ਲੱਗਾ ਹੈ। ਇਸ ਵਿਦੇਸ਼ ਜਾਣ ਦੇ ਓਹੜ-ਪੋਹੜ (ਉਪਰਾਲੇ) ਲਈ ਕਰਜ਼ੇ ਚੁੱਕੇ ਜਾ ਰਹੇ ਹਨ, ਜ਼ਮੀਨਾਂ ਗਹਿਣੇ ਪੈ ਰਹੀਆਂ ਹਨ ਅਤੇ ਵਿਕਾਊ ਹੋ ਰਹੀਆਂ ਹਨ। ਅਜਿਹੀ ਖਰੀਦਦਾਰੀ ਦਾ ਹੁਣ ਗਾਹਕ ਵੀ ਘਟ ਗਿਆ ਹੈ, ਕਿਉਂਕਿ ਖੇਤੀ ਘਾਟੇ ਦਾ ਸੌਦਾ ਹੋ ਕੇ ਰਹਿ ਗਈ ਹੈ। ਇਸ ਸਮੱਸਿਆ ਤੋਂ ਅੱਗੇ ਕਈ ਸਮੱਸਿਆਵਾਂ ਦਾ ਆਲ-ਜੰਜਾਲ ਬਣ ਗਿਆ ਹੈ, ਜਿਸ ਵਿਚ ਪੰਜਾਬ ਤੇ ਪੰਜਾਬੀ ਬੁਰੀ ਤਰ੍ਹਾਂ ਫਸ ਗਏ ਹਨ। ਦੂਸਰੀ ਮਾਰ ਰੁਜ਼ਗਾਰ ਸੰਬੰਧੀ ਹੋਰਨਾਂ ਸ੍ਰੋਤਾਂ ਦੀ ਥੁੜ੍ਹੋਂ ਦੀ ਹੈ। ਇਸ ਤਰ੍ਹਾਂ ਪੰਜਾਬ ਰੁਜ਼ਗਾਰ ਦੀਆਂ ਸੰਭਾਵਨਾਵਾਂ ਦੇ ਪੱਖ ਤੋਂ ਬੰਦ ਹਨ੍ਹੇਰੀ ਗਲੀ ਵਾਂਗ ਨਜ਼ਰ ਆਉਂਦਾ ਹੈ। ਇਸ ਨੂੰ ਹੱਲ ਕਰਨ ਸੰਬੰਧੀ ਦੂਰ-ਅੰਦੇਸ਼ੀ ਨਾਲ ਸਿਰ ਜੋੜ ਕੇ ਬੈਠਣ ਦੀ ਵੱਡੀ ਲੋੜ ਹੈ।

# ਨਸ਼ੇ ਨੇ ਪੰਜਾਬ ਦੀ ਜਵਾਨੀ ਰੋਲਤੀ...

**ਕੇਵਲ ਸਿੰਘ ਧਰਮਪੁਰਾ**
(98788 01561)

ਬੜੇ ਹੀ ਸ਼ਰਮ ਦੀ ਗੱਲ ਹੈ ਸਾਡੇ ਲਈ ਕਿ ਗੁਰੂਆਂ, ਪੀਰਾਂ ਤੇ ਰਿਸ਼ੀਆਂ ਮੁਨੀਆਂ ਦੀ ਧਰਤੀ ਪੰਜਾਬ ਅੱਜ ਨਸ਼ੇ ਦੀ ਗ੍ਰਿਫਤ ਵਿਚ ਆ ਕੇ ਬੇਵਸੀ ਵਿਚ ਝੁਰ ਰਹੀ ਹੈ। ਨਸ਼ੇ ਨੇ ਹਜ਼ਾਰਾਂ ਮਾਵਾਂ ਦੇ ਪੁੱਤਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਹਸਦੇ- ਵੱਸਦੇ ਘਰਾਂ ਨੂੰ ਉਜਾੜ ਦਿੱਤਾ ਹੈ ਤੇ ਸਾਡੇ ਸਮਾਜ ਨੂੰ ਖੋਖਲਾ ਕਰ ਦਿੱਤਾ ਹੈ। ਨਸ਼ੇ ਨੇ ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਲਿਆ, ਸਾਡੇ ਸੰਸਕਾਰਾਂ ਨੂੰ ਮਾਰ ਦਿੱਤਾ । ਨਸ਼ੇ ਸਾਨੂੰ ਤਿੰਨ ਚੀਜ਼ਾਂ ਤਾਂ ਪੱਕੀਆਂ ਹੀ ਦਿੰਦੇ ਹਨ; ਤਨ ਦੀ ਬਰਬਾਦੀ, ਮਨ ਦੀ ਬਰਬਾਦੀ ਤੇ ਧਨ ਦੀ ਬਰਬਾਦੀ। ਨਸ਼ੇ ਦੇ ਵਪਾਰੀਆਂ ਨੇ ਐਸਾ ਜਾਲ ਵਿਛਾਇਆ ਹੈ ਕਿ ਸਾਡੇ ਨੌਜਵਾਨ ਮੱਛੀ ਦੀ ਤਰ੍ਹਾਂ ਫਸਦੇ ਜਾ ਰਹੇ ਹਨ ਸਾਡੀ ਰਾਜਨੀਤੀ ਵਿਚਲੇ ਦੋਗਲੇਪਣ ਨੇ ਵੀ ਨਸ਼ਿਆਂ ਨੂੰ ਬੜਾਵਾ ਦਿੱਤਾ ਹੈ ।

ਅੱਜ ਪੰਜਾਬੀਆਂ ਨੂੰ ਨਸ਼ਿਆਂ ਨੇ ਐਨਾ ਜ਼ਿਆਦਾ ਤਬਾਹ ਕਰ ਦਿੱਤਾ ਹੈ ਕਿ ਮੁੜ ਤੋਂ ਤੰਦਰੁਸਤ ਪੰਜਾਬ ਬਣਾਉਣ ਲਈ ਅਨੇਕਾਂ ਯਤਨ ਕਰਨੇ ਪੈਣਗੇ, ਅਨੇਕਾਂ ਘਾਲਣਾਵਾਂ ਘਾਲਣੀਆਂ ਪੈਣਗੀਆਂ।ਪਹਿਲਵਾਨੀਆਂ, ਛਿੰਝਾਂ ਤੇ ਕਬੱਡੀਆਂ ਦਾ ਦੌਰ ਸ਼ੁਰੂ ਕਰਨਾ ਪਵੇਗਾ। ਪੰਜਾਬ 'ਚ ਜੰਗਲ ਦੀ ਅੱਗ ਵਾਂਗ ਫੈਲ ਰਹੇ ਚਿੱਟੇ ਦੇ ਨਸ਼ੇ ਨੂੰ ਠੱਲਣਾ ਬੜੀ ਮੁਸ਼ਕਿਲ ਹੋ ਗਿਆ ਹੈ। ਇਸ ਨਸ਼ੇ ਕਰਕੇ ਪਤਾ ਨਹੀਂ ਕਿੰਨੇ ਲੋਕਾਂ ਦੇ ਘਰਾਂ ਦੇ ਚਿਰਾਗ ਬੁਝ ਗਏ ਕਿੰਨੀਆਂ ਮਾਵਾਂ ਰੋ ਰੋ ਕੇ ਕਮਲੀਆਂ ਹੋ ਗਈਆਂ।ਕਿੰਨੀਆਂ ਭੈਣਾਂ ਦੇ ਵੀਰ ਮੌਤ ਨੂੰ ਪਿਆਰੇ ਹੋ ਗਏ। ਸੱਚ ਪੁੱਛੋ ਤਾਂ ਪੰਜਾਬ ਹੁਣ ਪੰਜਾਬ ਹੀ ਨਹੀਂ ਲੱਗਦਾ। ਥਾਂ-ਥਾਂ 'ਤੇ ਠੇਕੇ , ਥਾਂ-ਥਾਂ ਉਤੇ ਨਸ਼ਿਆਂ ਦੀਆਂ ਗੱਲਾਂ। ਉਹ ਦਿਨ ਦੂਰ ਨਹੀਂ ਜਦੋਂ ਅਸੀਂ ਵੇਲੇ ਨੂੰ ਯਾਦ ਕਰ ਕਰ ਕੇ ਰੋਇਆ ਕਰਾਂਗੇ । ਆਖਿਆ ਕਰਾਂਗੇ ਕਿ ਜੇ ਅਸੀਂ ਆਪਣੀ ਜਵਾਨੀ ਨੂੰ ਸਾਂਭ ਲੈਂਦੇ, ਅਸੀਂ ਨੌਜਵਾਨਾਂ ਨੂੰ ਨਸ਼ੇ ਤੋਂ ਹਟਾ ਲੈਂਦੇ, ਤਾਂ ਅਜਿਹੇ ਹਾਲਾਤ ਨਾ ਦੇਖਣੇ ਪੈਂਦੇ। ਕਾਸ਼ ਅਸੀਂ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਦਿੰਦੇ ਜਾਂ ਅਸੀਂ ਖੁਦ ਨਸ਼ੇ ਤੋਂ ਬਚ ਗਏ ਹੁੰਦੇ। ਅਸੀਂ ਬੱਚਿਆਂ ਨੂੰ ਕੁਝ ਚੰਗਾ ਪਾਠ ਪੜ੍ਹਾ ਦਿੱਤਾ ਹੁੰਦਾ। ਕਿਸੇ ਚੰਗੇ ਪਾਸੇ ਲਾ ਦਿੱਤਾ ਹੁੰਦਾ। ਆਪਣੇ ਪਿੰਡ ਵਿਚੋਂ ਠੇਕਾ ਚੁਕਵਾ ਦਿੱਤਾ ਹੁੰਦਾ। ਝੂਠੇ ਲੀਡਰਾਂ ਦੀਆਂ ਗੱਲਾਂ ਵਿਚ ਨਾ ਆ ਕੇ ਆਪਣੀ ਵੋਟ ਦਾ ਸਹੀ ਇਸਤੇਮਾਲ ਕੀਤਾ ਹੁੰਦਾ ।ਵੋਟਾਂ ਵੇਲੇ ਲਾਲਚ 'ਚ ਆ ਕੇ ਆਪਾ ਨਾ ਗਵਾਇਆ ਹੁੰਦਾ। ਚਾਅ ਚਾਅ ਦੇ ਵਿੱਚ ਇੱਕ ਪੈੱਗ ਬਣਾ ਕੇ ਨਾ ਪੀਤਾ ਹੁੰਦਾ। ਕਾਸ਼ ਆਪਣੀ ਕੰਮ ਲਈ ਕੁਝ ਬਚਾ ਕੇ ਰੱਖਿਆ ਹੁੰਦਾ । ਸੋ ਦੋਸਤੋ ਅੱਜ ਸਾਨੂੰ ਲੋੜ ਹੈ ਨਸ਼ਿਆਂ ਤੋਂ ਬਚਣ ਦੀ। ਲੋਕਾਂ ਨੂੰ ਬਚਾਉਣ ਦੀ, ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੀ, ਹਰ ਉਸ ਸ਼ਖ਼ਸ ਨੂੰ ਸਬਕ ਸਿਖਾਉਣ ਦੀ ਜੋ ਨਸ਼ਿਆਂ ਦਾ ਕਾਰੋਬਾਰ ਕਰਦਾ ਹੈ, ਜੋ ਨਸ਼ੇ ਨੂੰ ਕਿਸੇ ਨਾ ਕਿਸੇ ਰੂਪ ਵਿਚ ਬੜਾਵਾ ਦੇ ਰਿਹਾ ਹੈ। ਚਾਹੇ ਉਹ ਲੀਡਰ ਹੈ, ਚਾਹੇ ਉਹ ਅਫਸਰ ਹੈ, ਚਾਹੇ ਉਹ ਕੋਈ ਵੀ ਸਮਾਜ ਵਿਰੋਧੀ ਅਨਸਰ ਹੈ, ਗਾਇਕ ਹੈ ਜਾਂ ਗੀਤਕਾਰ ਹੈ, ਨੇਤਾ ਹੈ ਚਾਹੇ ਅਭਿਨੇਤਾ ਹੈ, ਸਾਨੂੰ ਨਸ਼ਾ ਪੱਖੀ ਹਰ ਸ਼ੈਅ ਦਾ ਵਿਰੋਧ ਕਰਨ ਦੀ ਜ਼ਰੂਰਤ ਹੈ। ਸੋ ਦੋਸਤੋ ਨਸ਼ੇ ਤੋਂ ਖੁਦ ਵੀ ਬਚੋ ਤੇ ਦੂਸਰਿਆਂ ਨੂੰ ਵੀ ਬਚਾਓ, ਆਪਣੇ ਭਵਿੱਖ ਨੂੰ ਖੂਬਸੂਰਤ ਬਣਾਓ। ਕਿਸੇ ਨੇ ਕਿਹਾ ਹੈ ਕਿ-

"ਹਜ਼ਾਰਾਂ ਵਹਿ ਗਏ ਬੋਤਲ ਦੇ ਇਸ ਬੰਦ ਪਾਣੀ 'ਚ,
ਜੋ ਡੁੱਬੇ ਇਨ੍ਹਾਂ ਗਲਾਸਾਂ ਵਿੱਚ ਨਹੀਂ ਉੱਭਰੇ ਜ਼ਿੰਦਗਾਨੀ ਵਿਚ।"

ਪਰ ਅਸੀਂ ਅਕਸਰ ਇਹ ਸੋਚ ਲੈਂਦੇ ਹਾਂ ਕਿ ਸਾਨੂੰ ਕੀ ਲੈਣਾ ਹੈ। ਅਸੀਂ ਕੀ ਲੈਣਾ ਹੈ ਪ੍ਰੰਤੂ ਜਿਸ ਦਿਨ ਅੱਗ ਸਾਡੇ ਘਰੇ ਆ ਗਈ, ਸਾਨੂੰ ਉਸ ਦਿਨ ਦਰਦ ਲੱਗੇਗਾ। ਕਿਸੇ ਨੇ ਠੀਕ ਹੀ ਕਿਹਾ ਹੈ-

"ਚੰਦ ਸਿੱਕਿਆਂ ਦੇ ਲਈ ਜਿਹੜੇ ਲੋਕੀਂ ਵੇਚਣ ਸਮੈਕਾਂ
ਜਦੋਂ ਪੀਣ ਲੱਗੇ ਆਪਣੇ ਨਿਆਣੇ ਪਤਾ ਲੱਗੂ।"

ਪੰਜਾਬੀ ਸ਼ਾਇਰ ਸੁਰਜੀਤ ਪਾਤਰ ਜੀ ਲਿਖਦੇ ਨੇ-

"ਖੁਭੀ ਜੋ ਤੇਰੇ ਕਲੇਜੇ ਅਜੇ ਛੁਰੀ ਨਹੀਂ,
ਇਹ ਨਾ ਸਮਝੀਂ ਕਿ ਤੇਰੇ ਸ਼ਹਿਰ ਦੀ ਹਾਲਤ ਬੁਰੀ ਨਹੀਂ।"



**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਸਰਬੱਤ ਦਾ ਭਲਾ ਗੁਰੂ ਨਾਨਕ ਦਾ ਮਿਸ਼ਨ

**ਡਾ. ਸ਼ਿਆਮ ਸੁੰਦਰ ਦੀਪਤੀ**



ਬਾਬਾ ਗੁਰੂ ਨਾਨਕ ਜੀ ਨੇ ਜੋ ਉਸ ਸਮੇਂ ਵੇਖਿਆ, ਮਹਿਸੂਸ ਕੀਤਾ, ਹੰਢਾਇਆ ਅਤੇ ਲੋਕਾਂ ਵਿਚ ਵਿਚਰ ਕੇ, ਉਨ੍ਹਾਂ ਦੀ ਮੰਦੀ ਹਾਲਤ ਵੇਖੀ ਤਾਂ ਉਹ ਆਪਣੇ ਆਪ ਨੂੰ, ਆਪਣੀ ਸੰਵੇਦਨਾ ਨੂੰ ਸ਼ਬਦ ਦੇਣ ਤੋਂ ਰੋਕ ਨਾ ਸਕੇ। ਗੁਰੂ ਜੀ ਉਨ੍ਹਾਂ ਪੀੜਤ ਲੋਕਾਂ ਦੇ ਨਾਲ ਜਾ ਖੜ੍ਹਾ ਹੋਏ। ਬਾਲਾ-ਮਰਦਾਨਾ ਨੂੰ ਆਪਣੇ ਨਾਲ ਰੱਖਿਆ ਅਤੇ ਗਿਆਨ ਦਾ ਛੱਟਾ ਦੇਣ ਲਈ ਦੂਰ-ਦੁਰੇਡੇ ਰਟਣ ਕੀਤਾ। ਬਾਬਾ ਗੁਰੂ ਨਾਨਕ ਜੀ ਨੇ ਮਹੰਤਾਂ, ਪੁਜਾਰੀਆਂ, ਸ਼ਾਹੂਕਾਰਾਂ, ਰਾਜਿਆਂ ਨਾਲ ਆਢਾ ਲਿਆ। ਜੇਕਰ ਗੁਰੂ ਸਾਹਿਬ ਦੇ ਪੈਰੋਕਾਰ, ਨਾਮਲੇਵਾ, ਉਨ੍ਹਾਂ ਦੇ ਦਰਸਾਏ ਕੁਝ ਕੁ ਗੁਣ ਹੀ ਅਪਣਾ ਲੈਂਦੇ, ਵਿਚਾਰਾਂ ਨੂੰ ਜੀਵਨ ਵਿਚ ਉਤਾਰ ਲੈਂਦੇ, ਤਾਂ ਇਹ ਹਾਲਤ ਨਹੀਂ ਸੀ ਆਉਣੀ, ਜੋ ਅੱਜ ਅਸੀਂ ਵੇਖ ਰਹੇ ਹਾਂ।

ਜੇ ਕਿਹਾ ਜਾਵੇ ਕਿ ਅਜੋਕਾ ਕਾਲ ਵੀ ਬਾਬਰ ਕੋਲ ਹੀ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਭ ਕੁਝ ਉਸੇ ਤਰ੍ਹਾਂ ਦੇਖਿਆ-ਮਹਿਸੂਸ ਕੀਤਾ ਜਾ ਸਕਦਾ ਹੈ। ਜਿਵੇਂ ਕਿ ਜਾਤ-ਪਾਤ ਦਾ ਕੋਹੜ - ਔਰਤ ਦੀ ਦੁਰਦਸ਼ਾ - ਗਰੀਬਾਂ ਮਜਲੂਮਾਂ ਉਤੇ ਅੱਤਿਆਚਾਰ ਅਤੇ ਉਨ੍ਹਾਂ ਦੀ ਨਰਕੀ ਜ਼ਿੰਦਗੀ - ਕਿਰਤ ਦੀ ਬੇਕਦਰੀ - ਕੁਦਰਤ ਦਾ ਬੇਇੰਤਹਾ ਘਾਣ - ਹਵਾ-ਪਾਣੀ ਦਾ ਜ਼ਹਿਰੀਲਾ ਹੋਣਾ - ਗਿਆਨ-ਸਿਖਿਆ ਦਾ ਵਪਾਰੀਕਰਨ - ਗਿਆਨ ਦਾ ਪਰਉਪਕਾਰੀ ਨਾ ਹੋਣਾ - ਫਾਲਤੂ ਵਿਖਾਵਾ ਤੇ ਓਹੀ ਕੁਰੀਤੀਆਂ ਅਤੇ ਕਰਮਕਾਂਡ - ਪਰਾਏ ਹੱਕ ਉਤੇ ਡਾਕਾ - ਝੂਠ ਅਤੇ ਅਨਿਆਂ ਦੀ ਚੜ੍ਹਤ - ਜਾਤ ਅਤੇ ਧਰਮ ਉਤੇ ਪੈ ਰਹੀਆਂ ਡੂੰਘੀਆਂ ਵੰਡੀਆਂ - ਪੰਡਤਾਂ, ਮੁਲਾਣਿਆਂ, ਭਾਈਆਂ ਦਾ ਗੈਰ-ਤਾਰਕਿਕ ਰਵੱਈਆ - ਹਰ ਪੱਧਰ ਉਤੇ ਹੀ, ਧਾਰਮਿਕ, ਸਮਾਜਿਕ, ਰਾਜਨੀਤਕ ਸਥਾਨਾਂ ਉਤੇ ਵਧ ਰਿਹਾ ਭਾਈ-ਭਤੀਜਾਵਾਦ - ਅਜੋਕੇ ਮਨੁੱਖ ਦੀ ਦੋਗਲੀ ਸ਼ਖ਼ਸੀਅਤ।

ਇਸ ਅਜੋਕੇ ਦ੍ਰਿਸ਼ ਵਿਚ ਦਿਨ-ਬ-ਦਿਨ ਵਾਧਾ ਹੀ ਹੋ ਰਿਹਾ ਹੈ। ਮਨੁੱਖ ਦੇ ਆਲੇ ਦੁਆਲੇ ਜਾਣਕਾਰੀ ਦਾ ਭੰਡਾਰ ਬਹੁਤ ਹੈ, ਬੰਦਾ ਖ਼ੁਦ ਨੂੰ ਬਹੁਤ ਸੂਝਵਾਨ ਕਹਿ ਕੇ ਖ਼ੁਦ ਨੂੰ ਵਡਿਆ ਰਿਹਾ ਹੈ। ਜੇਕਰ ਗੁਰੂ ਨਾਨਕ ਸਾਹਿਬ ਦੇ ਸਮੇਂ ਅਤੇ ਅਜੋਕੇ ਸਮੇਂ ਦੀਆਂ ਕੁਝ ਕੁ ਮੂਲ ਅਲਾਮਤਾਂ ਦਾ ਜ਼ਿਕਰ ਕਰਨਾ ਹੋਵੇ ਤਾਂ ਉਹ ਇਹ ਹਨ — ਗੁਰੂ ਨਾਨਕ ਜੀ ਨੇ ਮਿਲ ਕੇ, ਰਲ ਬੈਠ ਕੇ, ਕਿਰਤ ਕਰਨ ਅਤੇ ਵੰਡ ਕੇ ਛਕਣ ਦੀ ਗੱਲ ਕਹੀ। ਇਕ ਦੂਸਰੇ ਦਾ ਸਹਾਰਾ ਬਣਨ ਦੀ ਪ੍ਰੇਰਣਾ ਦਿੱਤੀ। ਆਪਣੇ ਆਪ ਨੂੰ ਨਿਮਾਣਿਆਂ ਨਿਤਾਣਿਆਂ ਦਾ ਸਾਥੀ ਕਿਹਾ, ਉਸ ਦੇ ਉਲਟ ਅੱਜ ਨਿੱਜ ਭਾਰੂ ਹੋ ਰਿਹਾ ਹੈ। ਨਿੱਜ ਨੂੰ ਸੰਵਾਰਨ-ਨਿਖਾਰਨ ਲਈ ਪੈਸਿਆਂ ਦੀ ਭਰਮਾਰ ਹੈ। ਸਾਰੇ ਰਿਸ਼ਤੇ, ਪਰਿਵਾਰ ਤੋਂ ਲੈ ਕੇ ਅਧਿਆਪਕ, ਨਿਆਂ, ਵੈਦ-ਡਾਕਟਰੀ, ਜੋ ਮਨੁੱਖੀ ਜ਼ਿੰਦਗੀ ਦੀ ਮੂਲ ਤਬੀਅਤ ਨਾਲ ਜੁੜੇ ਹਨ, ਪੈਸਿਆਂ ਨਾਲ, ਸਵਾਰਥ ਨਾਲ ਜੁੜ ਗਏ ਹਨ। ਜੇਕਰ ਕੋਈ ਭਲਾਈ ਲਈ ਕੰਮ ਕਰਦਾ ਦਿਸਦਾ ਵੀ ਹੈ ਤਾਂ ਪਿਛੇ ਨਾਂ-ਪਛਾਣ ਭਾਰੂ ਹੈ ਅਤੇ ਵਪਾਰ ਹੀ ਮਕਸਦ ਹੁੰਦਾ ਹੈ। "ਤੇਰੇ ਨਾਂ 'ਤੇ ਖੁੱਲ੍ਹ ਗਏ ਬਾਬਾ ਕਿੰਨੇ ਹੀ ਵਪਾਰ। ਸੱਚਾ ਸੌਦਾ ਕਰਨ ਨੂੰ ਪਰ ਕੋਈ ਨਾ ਤਿਆਰ।"

ਦੂਸਰਾ ਅਹਿਮ ਪਹਿਲੂ ਹੈ ਜਿਸ ਉਪਰ ਬਾਬਾ ਗੁਰੂ ਨਾਨਕ ਦਾ ਪੂਰਾ ਫ਼ਲਸਫ਼ਾ ਖੜਾ ਹੈ। ਉਹ ਹੈ ਕਿਰਤ ਅਤੇ ਕੁਦਰਤ ਦੀ ਬੇਕਦਰੀ। ਅੱਜ ਰਿਮੋਟ ਦੀ ਇੱਜ਼ਤ ਹੈ, ਕੁਰਸੀ ਉਤੇ ਬੈਠ ਕੇ ਮੋਟੇ ਹੋ ਰਹੇ ਢਿੱਡਾਂ ਦੀ ਇੱਜ਼ਤ ਹੈ। ਮਿੱਟੀ ਨਾਲ ਮਿੱਟੀ ਹੋ ਰਹੇ ਸਮਾਜ ਲਈ ਉਸਾਰੀ ਵਿਚ ਲੱਗੇ ਬਿਆਈਆਂ ਵਾਲੇ ਪੈਰਾਂ ਅਤੇ ਮਿੱਟੀ ਨਾਲ ਲਿੱਬੜੇ ਹੱਥਾਂ ਤੋਂ ਜਿਵੇਂ ਨੱਕ ਚੜ੍ਹਾਇਆ ਜਾਂਦਾ ਹੈ। ਅਸੀਂ ਖੁਦ ਹੀ ਇਕ ਅਜੀਬ ਕੰਮ ਵੰਡ ਕੀਤੀ ਹੈ, ਵਾਈਟ ਕਾਲਰ ਅਤੇ ਬਲਿਊ ਕਾਲਰ ਅਤੇ ਉਸ ਮੁਤਾਬਕ ਵੱਧ ਮਾਣ, ਵੱਧ ਤਨਖਾਹ ਤੇ ਔਖਾ ਕੰਮ ਤੇ ਘੱਟ ਤਨਖਾਹ। ਇਸ ਤਰ੍ਹਾਂ ਇਹ ਖਾਈ ਡੂੰਘੀ ਹੋ ਰਹੀ ਹੈ।

ਕੰਮ ਵੰਡ ਦੇ ਆਧਾਰ ਉਤੇ ਹੱਥਾਂ ਤੋਂ ਕੰਮ ਅਤੇ ਦਿਮਾਗ ਤੋਂ ਕੰਮ ਲੈਣ ਵਾਲੇ ਦੀ ਤਰਜ਼ ਉਤੇ ਵੀ ਵੰਡ ਹੈ। ਦਿਮਾਗ ਤੋਂ ਕੰਮ ਲੈਣ ਦਾ ਵੱਧ ਮੁੱਲ ਹੈ ਪਰ ਦਿਮਾਗ ਦਾ ਅਸਲੀ ਕੰਮ, ਗਿਆਨ ਅਤੇ ਗਿਆਨ ਰਾਹੀਂ ਲੋਕਾਂ ਦੀ ਜ਼ਿੰਦਗੀ ਵਿਚੋਂ ਹਨੇਰਾ ਦੂਰ ਕਰਨ ਦਾ ਕੰਮ ਨਾ ਲੈ ਕੇ, ਧੋਖਾਧੜੀ, ਚਲਾਕੀ, ਮੁਨਾਫ਼ਾ ਕਮਾਉਣ ਦੀਆਂ ਚਾਲਾਂ ਲਈ ਦਿਮਾਗ ਦਾ ਇਸਤੇਮਾਲ ਵਧ ਰਿਹਾ ਹੈ।

"ਹਰ ਪਾਸੇ ਫੈਲੀ ਜਾ ਰਿਹਾ, ਕੂੜ ਦਾ ਕਾਰੋਬਾਰ। ਸੱਚ ਕਿਨਾਰੇ ਰਹਿ ਗਿਆ, ਸਭ ਬਣੇ ਭਾਗੋ ਦੇ ਯਾਰ।"

ਗੁਰੂ ਨਾਨਕ ਜੀ ਦਾ ਮੁੱਖ ਸਰੋਕਾਰ, ਵਹਿਮਾਂ ਭਰਮਾਂ ਤੋਂ ਮੁਕਤੀ ਸੀ। ਉਨ੍ਹਾਂ ਨੇ ਉਸ ਹਰ ਕੁਰੀਤੀ ਦਾ ਖੰਡਨ ਕੀਤਾ, ਜਿਸ ਨੇ ਮਨੁੱਖ ਦੀ ਹੋਂਦ ਨੂੰ ਕੁਰਾਹੇ ਪਾਇਆ। ਅੱਜ ਫਿਰ ਉਹੀ ਸਭ ਕੁਝ ਬੜੇ ਜ਼ੋਰਾਂ-ਸ਼ੋਰਾਂ ਅਤੇ ਮਾਣ-ਮਰਿਆਦਾ ਨਾਲ ਜਾਰੀ ਹੈ। ਸਭ ਤੋਂ ਵੱਡੀ ਗੱਲ ਹੈ ਕਿ ਬਾਬਾ ਗੁਰੂ ਨਾਨਕ ਨੇ ਗਿਆਨ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕੀਤਾ ਤੇ ਆਪਣੇ ਨਾਲ ਜੋੜਿਆ ਤੇ ਹੁਣ ਬਹੁਤੀਆਂ ਸਾਖੀਆਂ ਰਾਹੀਂ ਬਾਬਾ ਕਰਾਮਾਤੀ ਵੱਧ ਲਗਦਾ ਹੈ ਅਤੇ ਗਿਆਨਵਾਨ ਹੋਣ ਵਾਲਾ ਉਸ ਦਾ ਗੁਣ ਪਿਛੇ ਧੱਕਿਆ ਗਿਆ ਹੈ।

ਗੁਰੂ ਨਾਨਕ ਨੇ ਆਪਣੇ ਸਮੇਂ ਤਰਕ, ਦਲੀਲ ਤੋਂ ਅੱਗੇ ਬਿਬੇਕ ਦੀ ਗੱਲ ਕੀਤੀ। ਸਿੱਖੀ ਪਰੰਪਰਾ ਵਿਚ ਅਰਦਾਸ ਕਰਦਿਆਂ ਬਿਬੇਕ ਦਾਨ ਦੀ ਮੰਗ ਕੀਤੀ ਜਾਂਦੀ ਹੈ ਪਰ ਉਸ ਦਾ ਇਸਤੇਮਾਲ ਤਾਂ ਰੋਜ਼ਾਨਾ ਜ਼ਿੰਦਗੀ ਦੇ ਫੈਸਲਿਆਂ ਲਈ ਲੋੜੀਂਦਾ ਹੈ। ਵਿਅਕਤੀ ਦਾ ਮਨੁੱਖਤਾ ਨਾਲ ਖੜਨਾ, ਸੱਚ ਦਾ ਸਾਥ ਦੇਣਾ ਅਤੇ ਬੇਇਨਸਾਫੀ ਖ਼ਿਲਾਫ ਡਟਣਾ ਹੀ ਵਿਵੇਕ ਹੈ। ਪਰ ਅੱਜ ਵੀ "ਡਾਢੇ ਦਾ ਸੱਤੀਂ ਵੀਹੀਂ ਸੌ" ਹੈ। ਇਸ ਤਰ੍ਹਾਂ ਇਨ੍ਹਾਂ ਜ਼ਿਆਦਤੀਆਂ, ਕੁਰੀਤੀਆਂ, ਬੇਇਨਸਾਫੀਆਂ ਨੂੰ ਜਾਰੀ ਰੱਖਣ ਲਈ ਵਹਿਮਾਂ-ਭਰਮਾਂ, ਲੇਖਾਂ, ਕਿਸਮਤ ਅਤੇ ਅਗਲੇ-ਪਿਛਲੇ ਜਨਮ ਦੀਆਂ ਫੋਕਟ ਕਹਾਣੀਆਂ ਦੀ ਲੋੜ ਪੈਂਦੀ ਹੈ ਤੇ ਉਹ ਜਾਰੀ ਹਨ।

"ਜਨਮ ਦਿਹਾੜਾ ਬੜੇ ਅਦਬ ਨਾਲ, ਮੰਨਦਾ ਹੈ ਹਰ ਵਾਰ, ਮਹਿਮਾ ਤੇਰੀ ਪੂਰੀ ਗਾਉਂਦੇ, ਬਾਕੀ ਦਰਕਿਨਾਰ।"

ਬਾਬਾ ਗੁਰੂ ਨਾਨਕ ਦਾ ਮੂਲ ਮੰਤਰ ਹੈ, ਆਪਣਾ ਮੂਲ ਪਛਾਣ। ਇਸ ਤੋਂ ਇਹ ਭਾਵ ਨਹੀਂ ਕਿ ਆਪਣੇ ਨਿੱਜ ਵੱਲ ਤੁਰ ਪੈ ਤੇ ਜਹਾਨ ਤੋਂ ਅਵੇਸਲਾ ਹੋ ਜਾ। ਘਰ-ਪਰਿਵਾਰ, ਸਮਾਜ ਦੀ ਪਰਵਾਹ ਨਾ ਕਰ। ਗੁਰੂ ਨਾਨਕ ਜੀ ਆਪਣਾ ਮੂਲ ਪਛਾਣਨ ਲਈ ਨਾਲ ਹੀ ਸਾਰਥਕ ਤਰੀਕਾ ਵੀ ਦੱਸਦੇ ਹਨ ਕਿ ਤੂੰ ਜੋਤ ਹੈ। ਮਤਲਬ ਤੇਰੇ ਅੰਦਰ ਰੌਸ਼ਨੀ ਦਾ ਸਰੋਤ ਹੈ ਅਤੇ ਉਹ ਜਗਦੀ ਹੈ, ਗਿਆਨ ਨਾਲ। ਜੇਕਰ ਆਪਾਂ ਜੋਤ, ਰੌਸ਼ਨੀ, ਚਾਨਣ ਦਾ ਸੁਭਾਅ ਦੇਖੀਏ ਤਾਂ ਉਹ ਹੋਰਾਂ ਨੂੰ ਰਾਹ ਵਿਖਾਉਣ ਲਈ ਹੁੰਦਾ ਹੈ, ਦੂਸਰਿਆਂ ਦੀ ਭਟਕਣ ਨੂੰ ਮੁਕਾਉਣ ਦਾ ਹੁੰਦਾ ਹੈ। ਇਸ ਲਈ ਇਹ ਚਾਨਣ ਨਿੱਜ ਲਈ ਨਹੀਂ, ਲੋਕਾਈ ਲਈ ਹੈ। ਪਰ ਇਸ ਦੇ ਲਈ ਪਹਿਲਾਂ ਆਪਣੀ ਜੋਤ, ਆਪਣੇ ਆਪ ਨੂੰ ਗਿਆਨ ਨਾਲ, ਵਿਵੇਕਸ਼ੀਲ ਸੋਚ ਨਾਲ, ਮਨੁੱਖਤਾ ਲਈ ਲੋੜੀਂਦੀ ਕਾਰਜਪ੍ਰਣਾਲੀ ਨਾਲ ਜੋੜਣ ਦੀ ਲੋੜ ਹੈ। ਇਸ ਮੂਲ ਮੰਤਰ ਦੀ ਭਾਵਨਾ ਤਾਂ ਹੀ ਸਹੀ ਅਰਥਾਂ ਵਿਚ ਉਜਾਗਰ ਹੁੰਦੀ ਹੈ, ਕਿ ਗੁਰਬਾਣੀ ਅਨੁਸਾਰ—ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਪੰਨਾ 441)

## 17 ਸਾਲ ਬਾਅਦ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਸੰਗਤਾਂ ਦੇ ਦਰਸ਼ਨ ਲਈ ਖੁੱਲ੍ਹਿਆ

**ਨਨਕਾਣਾ ਸਾਹਿਬ/ਏਟੀ ਨਿਊਜ਼ :** ਪਾਕਿਸਤਾਨ ਵਿਚ ਸ੍ਰੀ ਨਨਕਾਣਾ ਸਾਹਿਬ ਵਿਖੇ ਸਥਿਤ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਦੀ ਮੁੱਖ ਇਮਾਰਤ 10 ਸਾਲ ਦੇ ਨਵੀਨੀਕਰਨ ਮਗਰੋਂ ਸ਼ਰਧਾਲੂਆਂ ਲਈ ਖੋਲ੍ਹ ਦਿੱਤੀ ਗਈ ਹੈ। ਗੁਰਦੁਆਰੇ ਦੇ ਗ੍ਰੰਥੀ ਸੁਖਬੀਰ ਸਿੰਘ ਮਾਨ ਨੇ ਦੱਸਿਆ,"ਹੁਣ ਕਾਰ ਸੇਵਾ ਮੁਕੰਮਲ ਹੋਣ ਮਗਰੋਂ ਗੁਰਦੁਆਰੇ ਨੂੰ ਸੰਗਤ ਦੇ ਦਰਸ਼ਨ ਲਈ ਮੁੜ ਖੋਲ੍ਹ ਦਿੱਤਾ ਗਿਆ ਹੈ। ਕਾਰ ਸੇਵਾ 'ਚ ਯੂਕੇ ਅਧਾਰਿਤ ਜਥੇ ਗੁਰੂ ਕਾ ਬਾਗ, ਬਾਬਾ ਜਗਤਾਰ ਸਿੰਘ ਤਰਨ ਤਾਰਨ, ਔਕਾਫ਼ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਚੇਚੇ ਤੌਰ 'ਤੇ ਸਹਿਯੋਗ ਕੀਤਾ ਹੈ।"



ਇਹ ਗੁਰਦੁਆਰਾ ਉਸ ਥਾਂ 'ਤੇ ਸੁਸ਼ੋਭਤ ਹੈ ਜਿਥੋਂ ਦੇ ਖੇਤਾਂ 'ਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਬਚਪਨ 'ਚ ਆਪਣੇ ਦੋਸਤਾਂ ਨਾਲ ਖੇਡਿਆ ਕਰਦੇ ਸਨ ਅਤੇ ਉਨ੍ਹਾਂ ਨੂੰ ਪਰਮਾਤਮਾ ਦੀ ਭਗਤੀ ਦਾ ਗਿਆਨ ਦਿੰਦੇ ਸਨ। ਇਹ ਗੁਰਦੁਆਰਾ, ਜਨਮ ਅਸਥਾਨ ਤੋਂ 300 ਮੀਟਰ ਦੱਖਣ-ਪੂਰਬ 'ਚ ਪੈਂਦਾ ਹੈ। ਸੰਨ 1921 ਤੋਂ ਪਹਿਲਾਂ ਗੁਰਦੁਆਰੇ ਦਾ ਪ੍ਰਬੰਧ ਨਿਰਮਲੇ ਸਿੱਖਾਂ ਵੱਲੋਂ ਦੇਖਿਆ ਜਾਂਦਾ ਸੀ। ਸੰਨ 1921 ਅਤੇ 1947 ਵਿਚਕਾਰ ਗੁਰਦੁਆਰੇ ਦੀ ਦੇਖਭਾਲ ਸਿੱਖਾਂ ਕੋਲ ਆ ਗਈ ਸੀ। ਵੰਡ ਤੋਂ ਬਾਅਦ ਇਸ ਦਾ ਪ੍ਰਬੰਧ ਪਾਕਿਸਤਾਨ ਦੇ ਔਕਾਫ਼ ਬੋਰਡ ਨੂੰ ਤਬਦੀਲ ਕਰ ਦਿੱਤਾ ਗਿਆ ਸੀ। ਇਮਾਰਤ ਦੀ ਹਾਲਤ ਖਸਤਾ ਹੋਣ ਕਰਕੇ ਸੰਗਤਾਂ ਲਈ ਗੁਰਦੁਆਰਾ ਕਰੀਬ 17 ਸਾਲ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ। ਮੰਨਿਆ ਜਾਂਦਾ ਹੈ ਕਿ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਨਗਰ ਦਾ ਦੌਰਾ ਕਰਕੇ ਗੁਰਦੁਆਰੇ ਦਾ ਘੇਰਾ ਵਧਾਇਆ ਸੀ। ਸੰਨ 1748 'ਚ ਮੁਲਤਾਨ 'ਤੇ ਜਿੱਤ ਮਗਰੋਂ ਦੀਵਾਨ ਕੌੜਾ ਮੱਲ ਨੇ ਪਵਿੱਤਰ ਸਰੋਵਰ ਦੀ ਸਫ਼ਾਈ ਕਰਵਾ ਕੇ ਉਸ 'ਚ ਇੱਟਾਂ ਲਗਵਾਈਆਂ ਸਨ। ਸੰਨ 1800 ਦੀ ਸ਼ੁਰੂਆਤ 'ਚ ਗੁਰਦੁਆਰੇ ਦੇ ਨਵੀਨੀਕਰਨ ਅਤੇ ਸਰੋਵਰ ਨੂੰ ਵੱਡਾ ਕਰਨ 'ਚ ਮਹਾਰਾਜਾ ਰਣਜੀਤ ਸਿੰਘ ਨੇ ਵੀ ਅਹਿਮ ਭੂਮਿਕਾ ਨਿਭਾਈ ਸੀ।

# ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਸਰਕਾਰ ਪੱਬਾਂ ਭਾਰ

- **ਲਾਂਘੇ ਲਈ ਡੇਰਾ ਬਾਬਾ ਨਾਨਕ 'ਚ ਬਣੇਗੀ ਚੈੱਕ ਪੋਸਟ**
- **ਸਰਹੱਦ ਉਤੇ ਲੱਗੀਆਂ ਦੂਰਬੀਨਾਂ ਹਟਾਈਆਂ, ਸ਼ਰਧਾਲੂ ਪਰੇਸ਼ਾਨ**
- **ਹਰੀ ਸਿੰਘ ਨਲੂਆ ਦੀ ਹਵੇਲੀ ਦੀ ਮੁੜ ਪਰਤ ਰਹੀ ਹੈ ਸ਼ਾਨ**
- **ਇਮਰਾਨ ਸਰਕਾਰ ਵੱਲੋਂ ਪਰਵਾਸੀ ਸਿੱਖਾਂ ਨੂੰ ਪਾਕਿਸਤਾਨ 'ਚ ਬਿਜਨੈਸ ਦਾ ਸੱਦਾ**





### ਲਾਂਘੇ ਲਈ ਪਾਸਪੋਰਟ ਤੇ ਪਰਮਿਟ ਸਲਿੱਪ ਜ਼ਰੂਰੀ

ਭਾਰਤ ਵੱਲੋਂ ਲਾਂਘੇ ਦੇ ਖਰੜੇ ਨੂੰ ਅੰਤਿਮ ਰੂਪ ਦੇਣ ਲਈ ਗੱਲਬਾਤ ਦੀਆਂ ਪ੍ਰਸਤਾਵਿਤ ਤਰੀਕਾਂ ਦਾ ਐਲਾਨ ਕੀਤੇ ਜਾਣ ਮਗਰੋਂ ਇਸਲਾਮਾਬਾਦ ਨੇ ਕਿਹਾ ਕਿ 13 ਮਾਰਚ ਨੂੰ ਉਨ੍ਹਾਂ ਦੀ ਟੀਮ ਗੱਲਬਾਤ ਲਈ ਭਾਰਤ ਜਾਵੇਗੀ। ਭਾਰਤੀ ਵਫ਼ਦ ਵੀ ਪਾਕਿਸਤਾਨ ਦੇ ਅਧਿਕਾਰੀਆਂ ਨਾਲ ਗੱਲਬਾਤ ਲਈ 28 ਮਾਰਚ ਨੂੰ ਸਰਹੱਦ ਪਾਰ ਜਾਵੇਗਾ। ਕੇਂਦਰ ਸਰਕਾਰ ਨੇ ਕਰਤਾਰਪੁਰ ਲਾਂਘੇ ਲਈ ਚੈਕ ਪੋਸਟ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਤਹਿਤ ਭਾਰਤ ਵਾਲੇ ਪਾਸਿਓਂ ਲਾਂਘੇ ਲਈ ਡੇਰਾ ਬਾਬਾ ਨਾਨਕ ਵਿੱਚ ਚੈੱਕ ਪੋਸਟ ਬਣਾਈ ਜਾਏਗੀ। ਇਸ ਚੈੱਕ ਪੋਸਟ ਤੋਂ ਸ਼ਰਧਾਲੂਆਂ ਦਾ ਪਾਕਿਸਤਾਨ ਵਾਲੇ ਪਾਲੇ ਆਉਣਾ-ਜਾਣਾ ਹੋਇਆ ਕਰੇਗਾ। ਇਸ ਸਬੰਧੀ ਗ੍ਰਹਿ ਮੰਤਰਾਲੇ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਦਿ ਗੈਜੇਟ ਆਫ ਇੰਡੀਆ ਨੋਟੀਫਿਕੇਸ਼ਨ ਮੁਤਾਬਕ ਭਾਰਤ/ਪਾਕਿਸਤਾਨ ਤੋਂ ਆਉਣ-ਜਾਣ ਲਈ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਡੇਰਾ ਬਾਬਾ ਨਾਨਕ ਲੈਂਡ ਚੈੱਕ ਪੋਸਟ ਨੂੰ ਪ੍ਰਵਾਨਿਤ ਇਮੀਗ੍ਰੇਸ਼ਨ ਜਾਂਚ ਪੋਸਟ ਵਜੋਂ ਨਿਯੁਕਤ ਕੀਤਾ ਗਿਆ ਹੈ। ਪਾਕਿਸਤਾਨ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਜਾਣ ਦੇ ਇੱਛੁਕ ਸ਼ਰਧਾਲੂਆਂ ਨੂੰ ਵਿਸ਼ੇਸ਼ ਲਾਂਘੇ ਰਾਹੀਂ ਗੁਆਂਢੀ ਮੁਲਕ ਜਾਣ ਲਈ ਪਾਸਪੋਰਟ ਤੇ ਪਰਮਿਟ ਸਲਿੱਪ ਦੀ ਲੋੜ ਪਏਗੀ।

**ਜਲੰਧਰ/ਵਿਸ਼ੇਸ਼ ਰਿਪੋਰਟ**

ਕਰਤਾਰਪੁਰ ਸਾਹਿਬ ਲਾਂਘੇ ਲਈ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਕਦਮ ਅੱਗੇ ਵਧਾਉਣ ਨੂੰ ਤਿਆਰ ਹੋ ਗਈਆਂ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਸਿੱਖ ਜਗਤ ਤੇ ਖਾਸ ਕਰਕੇ ਪ੍ਰਵਾਸੀ ਸਿੱਖਾਂ ਤੋਂ ਬਹੁਤ ਪ੍ਰਭਾਵਿਤ ਹਨ ਤੇ ਉਹ ਚਾਹੁੰਦੇ ਹਨ ਕਿ ਪ੍ਰਵਾਸੀ ਸਿੱਖ ਪਾਕਿਸਤਾਨ ਵਿਚ ਬਿਜਨੈਸ ਕਰਨ ਤੇ ਪਾਕਿਸਤਾਨ ਸਰਕਾਰ ਉਨ੍ਹਾਂ ਨੂੰ ਸਹੂਲਤਾਂ ਦੇਵੇਗੀ। ਉਨ੍ਹਾਂ ਨੇ ਇੱਥੋਂ ਤੱਕ ਪਾਕਿਸਤਾਨ ਦੇ ਇਤਿਹਾਸਕ ਗੁਰਧਾਮਾਂ ਨੂੰ ਸਿੱਖਾਂ ਦੇ ਲਈ ਮੱਕਾ ਮਦੀਨਾ ਦੱਸ ਦਿੱਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸੰਯੁਕਤ ਅਰਬ ਅਮੀਰਾਤ ਵਿੱਚ ਕਿਹਾ ਕਿ ਪਾਕਿਸਤਾਨ ਵਿੱਚ ਸਿੱਖਾਂ ਦੇ ਮੱਕਾ ਤੇ ਮਦੀਨਾ ਹਨ ਅਤੇ ਇਨ੍ਹਾਂ ਥਾਵਾਂ ਨੂੰ ਘੱਟ ਗਿਣਤੀਆਂ ਲਈ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਲੈ ਕੇ ਭਾਰਤ ਵਿੱਚ ਪੈਂਦੇ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ 'ਚ ਡੇਰਾ ਬਾਬਾ ਨਾਨਕ ਦੇ ਗੁਰਦੁਆਰੇ ਤੱਕ ਲਾਂਘੇ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਤਾਂ ਜੋ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਬਿਨਾਂ ਵੀਜ਼ੇ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਸਹੂਲਤ ਪ੍ਰਦਾਨ ਕੀਤੀ ਜਾ ਸਕੇ।

ਪਾਕਿਸਤਾਨ ਨੇ ਵਿਦੇਸ਼ਾਂ ਵਿਚ ਵੱਸਦੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਤੇ ਨਨਕਾਣਾ ਸਾਹਿਬ ਖੇਤਰ ਦੇ ਵਿਕਾਸ ਲਈ ਨਿਵੇਸ਼ ਕਰਨ।

ਬਾਕੀ ਸਫ਼ਾ 28 'ਤੇ

### ਸ਼ਾਹ ਜ਼ਮਾਨ ਖ਼ਾਨ ਅਫ਼ਰੀਦੀ ਉਰਫ਼ ਸੁਧੀਰ

## ਲਹਿੰਦੇ ਪੰਜਾਬ ਦਾ ਪਹਿਲਾ ਸੁਪਰਸਟਾਰ

**ਅੰਗਰੇਜ਼ ਸਿੰਘ**
(ਸੰਪਰਕ: 94646-28857)

ਅਭਿਨੇਤਾ ਸੁਧੀਰ ਨੂੰ ਪਾਕਿਸਤਾਨੀ ਫ਼ਿਲਮਾਂ ਦੇ ਪਹਿਲੇ ਸੁਪਰਸਟਾਰ ਹੋਣ ਦਾ ਮਾਣ ਹਾਸਲ ਹੈ। ਸ਼ਾਹ ਜ਼ਮਾਨ ਖ਼ਾਨ ਅਫ਼ਰੀਦੀ ਉਰਫ਼ ਸੁਧੀਰ ਦਾ ਜਨਮ 25 ਜਨਵਰੀ, 1922 ਨੂੰ ਲਾਹੌਰ ਵਿਚ ਹੋਇਆ। ਮੂਲ ਰੂਪ ਵਿਚ ਪਸ਼ਤੋ ਇਲਾਕੇ ਦਾ ਰਹਿਣ ਵਾਲਾ ਇਹ ਨਾਇਕ ਪਾਕਿਸਤਾਨੀ ਫ਼ਿਲਮਾਂ ਦਾ ਪਹਿਲਾ ਐਕਸ਼ਨ ਹੀਰੋ ਸੀ। ਉਹ ਪੰਜਾਬੀ ਤੇ ਉਰਦੂ ਫ਼ਿਲਮਾਂ ਦਾ ਆਪਣੇ ਸਮੇਂ ਦਾ ਹਿੱਟ ਨਾਂ ਸੀ।

ਸੁਧੀਰ ਦਾ ਫ਼ਿਲਮੀ ਸਫ਼ਰ ਤਕਰੀਬਨ 40 ਸਾਲ ਦਾ ਰਿਹਾ। ਇਨ੍ਹਾਂ ਸਾਲਾਂ ਵਿਚ ਉਸ ਨੇ ਜ਼ਿਆਦਾਤਰ ਫ਼ਿਲਮਾਂ ਵਿਚ ਮੁੱਖ ਨਾਇਕ ਦੇ ਕਿਰਦਾਰ ਅਦਾ ਕੀਤੇ। ਉਸ ਦੀਆਂ ਜ਼ਿਆਦਾਤਰ ਫ਼ਿਲਮਾਂ ਹਿੱਟ ਤੇ ਸੁਪਰਹਿੱਟ ਹੋਈਆਂ। ਉਸ ਦੀਆਂ ਬਹੁਤ ਸਾਰੀਆਂ ਫ਼ਿਲਮਾਂ ਨੇ ਸਿਲਵਰ,



ਗੋਲਡਨ ਤੇ ਪਲੈਟੀਨਮ ਜੁਬਲੀ ਮਨਾਈ। ਨਿਊ ਹਿੰਦੁਸਤਾਨ ਫਿਲਮਜ਼ ਦੇ ਬੈਨਰ ਹੇਠ ਲਾਹੌਰ ਵਿਚ ਬਣੀ ਫ਼ਿਲਮ 'ਫਰਜ਼' ਉਸ ਦੀ ਪਹਿਲੀ ਫ਼ਿਲਮ ਸੀ ਜਿਹੜੀ ਪਾਕਿਸਤਾਨ ਬਣਨ ਤੋਂ ਪਹਿਲਾਂ 1947 ਵਿਚ ਰਿਲੀਜ਼ ਹੋਈ। ਇਸ ਫ਼ਿਲਮ ਦੇ ਨਿਰਦੇਸ਼ਕ ਸਨ ਨਿਰੰਜਨ ਅਤੇ ਫ਼ਿਲਮ ਵਿਚ ਨਾਇਕਾ ਦਾ ਕਿਰਦਾਰ ਰਾਗਨੀ ਨੇ ਅਦਾ ਕੀਤਾ ਸੀ। ਪਾਕਿਸਤਾਨ ਬਣਨ ਤੋਂ ਬਾਅਦ ਜਿੱਥੇ ਲਾਹੌਰ ਫ਼ਿਲਮ ਸਨਅਤ ਦੀਆਂ ਬਹੁਤ ਸਾਰੀਆਂ ਫ਼ਿਲਮੀ ਹਸਤੀਆਂ ਨੇ ਬੌਲੀਵੁੱਡ (ਮੁੰਬਈ) ਵੱਲ ਰੁਖ਼ ਕੀਤਾ ਉੱਥੇ ਸੁਧੀਰ ਸਾਬ ਨੇ ਲਾਹੌਰ ਹੀ ਰਹਿਣ ਦਾ ਫ਼ੈਸਲਾ ਲਿਆ। ਪਾਕਿਸਤਾਨ ਫ਼ਿਲਮ ਸਨਅਤ ਵਿਚ ਉਸਨੇ ਆਪਣੇ ਫ਼ਿਲਮੀ ਸਫ਼ਰ ਦਾ ਆਗਾਜ਼ 1949 ਵਿਚ ਰਿਲੀਜ਼ ਹੋਈ ਫ਼ਿਲਮ 'ਹਿਚਕੋਲੇ' ਤੋਂ ਕੀਤਾ ਸੀ ਜੋ ਪਾਕਿਸਤਾਨੀ ਫ਼ਿਲਮ ਸਨਅਤ ਦੇ ਬਣਨ ਤੋਂ ਬਾਅਦ ਤੀਜੀ ਫ਼ਿਲਮ ਸੀ। ਸੁਧੀਰ ਦੀ ਆਖਰੀ ਫ਼ਿਲਮ 7 ਅਗਸਤ, 1987 ਨੂੰ ਰਿਲੀਜ਼ ਹੋਈ ਉਰਦੂ ਫ਼ਿਲਮ 'ਸਨ ਆਫ ਅੰਨਦਾਤਾ' ਸੀ। ਉਸ ਨੇ ਕੁੱਲ 173 ਫ਼ਿਲਮਾਂ ਵਿਚ ਅਦਾਕਾਰੀ ਕੀਤੀ ਜਿਸ ਵਿਚ 70 ਉਰਦੂ, 101 ਪੰਜਾਬੀ, ਇਕ ਪਸ਼ਤੋ ਅਤੇ ਇਕ ਇੰਡੀਅਨ (ਪਾਕਿਸਤਾਨ ਬਣਨ ਤੋਂ ਪਹਿਲਾਂ) ਸ਼ਾਮਲ ਹਨ। ਉਹ ਪਾਕਿਸਤਾਨ ਫ਼ਿਲਮ ਸਨਅਤ ਦੇ ਇਤਿਹਾਸ ਵਿਚ ਪਹਿਲੇ ਦੋ ਦਹਾਕੇ ਸਭ ਤੋਂ ਵੱਧ ਸਫਲ ਫਿਲਮਾਂ ਦੇਣ ਵਾਲਾ ਪਹਿਲਾ ਅਦਾਕਾਰ ਬਣਿਆ। 1952 ਵਿਚ ਉਸਦੀ ਉਰਦੂ ਫ਼ਿਲਮ 'ਦੁਪੱਟਾ' ਰਿਲੀਜ਼ ਹੋਈ। 1952 ਵਿਚ ਹੀ ਰਿਲੀਜ਼ ਹੋਈ ਉਸਦੀ ਉਰਦੂ ਫ਼ਿਲਮ 'ਸੱਸੀ' ਪਹਿਲੀ ਅਜਿਹੀ ਫ਼ਿਲਮ ਸੀ ਜਿਸ ਨੇ ਗੋਲਡਨ ਜੁਬਲੀ ਮਨਾਈ। ਉਸ ਤੋਂ ਬਾਅਦ 1956 ਵਿਚ ਪੰਜਾਬੀ ਫ਼ਿਲਮ 'ਦੁੱਲਾ ਭੱਟੀ', 'ਮਾਹੀ ਮੁੰਡਾ' (1956) ਤੇ 'ਯੱਕੇ ਵਾਲੀ' (1957) ਉਸ ਜ਼ਮਾਨੇ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ਬਣੀਆਂ। ਇਨ੍ਹਾਂ ਫ਼ਿਲਮਾਂ ਦੀ ਸਫਲਤਾ ਤੋਂ ਬਾਅਦ ਬਹੁਤ ਸਾਰੇ ਫ਼ਿਲਮ ਸਟੂਡੀਓ ਬਣਨ ਦੀ ਸ਼ੁਰੂਆਤ ਹੋਈ। ਸੁਧੀਰ ਦੀ ਫ਼ਿਲਮ 'ਯੱਕੇ ਵਾਲੀ' ਪਾਕਿਸਤਾਨ ਦੀ ਪਹਿਲੀ ਪੰਜਾਬੀ ਫ਼ਿਲਮ ਸੀ ਜਿਸ ਨੇ ਗੋਲਡਨ ਜੁਬਲੀ ਮਨਾਈ ਅਤੇ ਦੂਸਰੀ ਬਲਾਕ ਬਸਟਰ ਫ਼ਿਲਮ ਬਣੀ। ਇਸ ਫ਼ਿਲਮ ਨੇ ਉਸ ਸਮੇਂ ਇੰਨੀ ਕਮਾਈ ਕੀਤੀ ਸੀ ਜਿਸ ਨੂੰ ਅੱਜ ਤਕ ਵੀ ਕੋਈ ਹੋਰ ਪਾਕਿਸਤਾਨੀ ਫ਼ਿਲਮ ਪਾਰ ਨਹੀਂ ਕਰ ਸਕੀ। ਸੁਧੀਰ ਦੀ ਹੀਰੋ ਦੇ ਤੌਰ 'ਤੇ ਉਰਦੂ ਫ਼ਿਲਮ 'ਬਾਗੀ' (1956) ਪਾਕਿਸਤਾਨ ਦੀ ਪਹਿਲੀ ਫ਼ਿਲਮ ਸੀ ਜਿਸ ਨੂੰ ਚੀਨ ਵਿਚ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ। ਉਸ ਨੇ ਫ਼ਿਲਮਾਂ 'ਨੂਰਾਂ' (1957) 'ਝੂਮਰ' (1959) ਅਤੇ 'ਗੁਲ ਬਕਾਵਲੀ' (1961) ਵਿਚ ਵੀ ਸ਼ਾਨਦਾਰ ਅਦਾਕਾਰੀ ਕੀਤੀ। ਉਸ ਦੀ ਪਛਾਣ ਭਾਵੇਂ ਐਕਸ਼ਨ ਹੀਰੋ ਦੇ ਤੌਰ 'ਤੇ ਬਣ ਚੁੱਕੀ ਸੀ, ਪਰ ਇਸ ਪਛਾਣ ਤੋਂ ਹਟ ਕੇ ਉਸ ਨੇ 1956 ਵਿਚ ਪ੍ਰਦਰਸ਼ਿਤ ਹੋਈ ਫ਼ਿਲਮ 'ਹਾਤਮਤਾਈ' ਵਿਚ ਹਾਤਿਮ ਦਾ ਕਿਰਦਾਰ, ਫ਼ਿਲਮ 'ਅਨਾਰਕਲੀ' (1958) ਵਿਚ ਸਲੀਮ, 'ਮਿਰਜ਼ਾ ਸਾਹਿਬਾਂ' (1956) ਵਿਚ ਮਿਰਜ਼ਾ ਜੱਟ, 1955 ਵਿਚ ਬਣੀ 'ਸੋਹਣੀ' ਵਿਚ ਮਹੀਵਾਲ ਅਤੇ ਫ਼ਿਲਮ 'ਗਾਲਿਬ' (1961) ਵਿਚ ਗਾਲਿਬ ਦਾ ਕਿਰਦਾਰ ਬੜੇ ਸ਼ਾਨਦਾਰ ਢੰਗ ਨਾਲ ਅਦਾ ਕੀਤਾ। 19 ਜੂਨ 1959 ਵਿਚ ਫਿਲਮਸਾਜ਼ ਤੇ ਹਦਾਇਤਕਾਰ ਸ਼ੈਫ-ਉ-ਦੀਨ ਸ਼ੈਫ ਦੀ ਪੰਜਾਬੀ ਕਲਾਸਿਕ ਫ਼ਿਲਮ 'ਕਰਤਾਰ ਸਿੰਘ' ਵਿਚ ਉਮਰਦੀਨ ਦਾ ਕਿਰਦਾਰ ਅਦਾ ਕੀਤਾ ਜੋ ਬਿਹਤਰੀਨ ਤੇ ਬੇਹੱਦ ਸਫਲ ਪੰਜਾਬੀ ਫ਼ਿਲਮਾਂ ਵਿਚ ਗਿਣੀ ਜਾਂਦੀ ਹੈ। ਅੱਜ ਇਹ ਫ਼ਿਲਮ ਪਾਕਿਸਤਾਨ ਦੀਆਂ ਕਲਾਸਿਕ ਫ਼ਿਲਮਾਂ ਵਿਚ ਸ਼ੁਮਾਰ ਕੀਤੀ ਜਾਂਦੀ ਹੈ। ਉਸਨੇ ਬ੍ਰਿਟਿਸ਼ ਰਾਜ 'ਤੇ ਬਣੀਆਂ ਫ਼ਿਲਮਾਂ 'ਫਰੰਗੀ' (1964) ਅਤੇ 'ਅਜ਼ਬ ਖਾਨ' (1961) ਵਿਚ ਬਿਹਤਰੀਨ ਅਦਾਕਾਰੀ ਕੀਤੀ। ਉਸ ਦੀ 1965 ਵਿਚ ਬਣੀ ਫ਼ਿਲਮ 'ਜੀਦਾਰ' ਨੇ ਪਲੈਟੀਨਮ ਜੁਬਲੀ ਮਨਾਈ। ਇਕ ਹੋਰ ਫ਼ਿਲਮ 'ਮਾਂ ਪੁੱਤਰ' (1970) ਨੇ ਵੀ ਪਲੈਟੀਨਮ ਜੁਬਲੀ ਮਨਾਈ ਸੀ। 1960 ਵਿਚ ਪ੍ਰਦਰਸ਼ਿਤ ਫ਼ਿਲਮ 'ਸਾਹਿਲ' ਵਿਚ ਉਸਨੇ ਅਸਲੀ ਸ਼ੇਰ ਨਾਲ ਲੜਾਈ ਦਾ ਦ੍ਰਿਸ਼ ਕੀਤਾ ਸੀ। ਉਸਨੇ 1978 ਵਿਚ ਆਪਣੇ ਵੱਡੇ ਪੁੱਤਰ ਸ਼ਾਹ ਜਮਾਨ ਨੂੰ ਹੀਰੋ ਦੇ ਤੌਰ 'ਤੇ ਲੈ ਕੇ ਉਰਦੂ ਫ਼ਿਲਮ 'ਦੁਸ਼ਮਨ ਕੀ ਤਲਾਸ਼' ਬਣਾਈ ਜਿਸ ਵਿਚ ਸੁਧੀਰ ਨੇ ਸਾਈਡ ਹੀਰੋ ਦਾ ਕਿਰਦਾਰ ਅਦਾ ਕੀਤਾ।

1970 ਵਿਚ ਫ਼ਿਲਮ 'ਮਾਂ ਪੁੱਤਰ' ਲਈ ਉਸ ਨੂੰ ਬੈਸਟ ਐਕਟਰ ਦਾ ਨਿਗਾਰ ਐਵਾਰਡ ਹਾਸਲ ਹੋਇਆ। 1974 ਵਿਚ ਇਕ ਵਾਰ ਫਿਰ ਪੰਜਾਬੀ ਫ਼ਿਲਮ 'ਲੁਟੇਰੇ' ਵਿਚ ਸ਼ਾਨਦਾਰ ਅਦਾਕਾਰੀ ਲਈ ਬੈਸਟ ਐਕਟਰ ਦਾ ਨਿਗਾਰ ਐਵਾਰਡ ਦਿੱਤਾ ਗਿਆ। ਉਸਨੂੰ ਸ਼ਾਨਦਾਰ ਫ਼ਿਲਮ ਕਰੀਅਰ ਲਈ ਸਪੈਸ਼ਲ ਨਿਗਾਰ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।

ਸੁਧੀਰ ਨੇ ਤਿੰਨ ਵਿਆਹ ਕਰਵਾਏ, ਪਹਿਲਾ ਵਿਆਹ ਆਪਣੇ ਖਾਨਦਾਨ ਵਿਚ ਹੀ ਕੀਤਾ ਜਿਸ ਤੋਂ ਉਸਦਾ ਪੁੱਤਰ ਨੂਰ ਜ਼ਮਾਨ ਖ਼ਾਨ ਫ਼ਿਲਮੀ ਨਾਂ ਸ਼ਾਹ ਜ਼ਮਾਨ ਹੋਇਆ। ਦੂਜਾ ਵਿਆਹ ਫ਼ਿਲਮ ਅਦਾਕਾਰਾ ਸ਼ੰਮੀ ਨਾਲ ਕੀਤਾ ਜਿਸ ਤੋਂ ਇਕ ਪੁੱਤਰ ਮੀਰ ਜ਼ਮਾਨ ਖ਼ਾਨ ਹੋਇਆ ਅਤੇ ਤੀਜਾ ਵਿਆਹ ਅਦਾਕਾਰਾ ਜ਼ੇਬਾ ਨਾਲ ਕੀਤਾ ਜੋ ਕੁਝ ਸਮੇਂ ਤਕ ਹੀ ਰਿਹਾ। 19 ਜਨਵਰੀ, 1997 ਵਿਚ 75 ਸਾਲ ਦੀ ਉਮਰ ਵਿਚ ਸੁਧੀਰ ਦਾ ਲਾਹੌਰ ਵਿਚ ਦੇਹਾਂਤ ਹੋ ਗਿਆ। ਫ਼ਿਲਮੀ ਦੁਨੀਆਂ ਦੇ ਲੋਕ ਉਸਨੂੰ ਪਿਆਰ ਨਾਲ ਲਾਲਾ ਸੁਧੀਰ ਕਹਿ ਕੇ ਬੁਲਾਇਆ ਕਰਦੇ ਸਨ। ਪਸ਼ਤੋ ਵਿਚ ਲਾਲਾ ਵੱਡੇ ਭਰਾ ਨੂੰ ਕਿਹਾ ਜਾਂਦਾ ਹੈ।

# ਮਾਂ ਬੋਲੀ ਦਾ ਸਤਿਕਾਰ ਕਰਦੀ ਪੰਜਾਬੀ ਫਿਲਮ



**ਸੁਰਜੀਤ ਜੱਸਲ**
(ਸੰਪਰਕ : 98146-07737)



ਆਧੁਨਿਕਤਾ ਦੇ ਦੌਰ ਵਿਚ ਸਿੱਖਿਆ ਦੇ ਵਪਾਰੀਕਰਨ ਨੇ ਪੰਜਾਬੀ ਭਾਸ਼ਾ ਨੂੰ ਪਛਾੜ ਕੇ ਰੱਖ ਦਿੱਤਾ ਹੈ। ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੀ ਬਜਾਏ ਕੌਨਵੈਂਟ ਸਕੂਲਾਂ ਵਿਚ ਪੜ੍ਹਾਉਣ ਨੂੰ ਪਹਿਲ ਦਿੰਦੇ ਹਨ, ਜਿੱਥੇ ਪਹਿਲੇ ਹੀ ਦਿਨ ਪੰਜਾਬੀ ਬੋਲੀ ਦਾ ਗਲਾ ਘੋਟ ਦਿੱਤਾ ਜਾਂਦਾ ਹੈ। ਇਸ ਵੇਲੇ ਸਕੂਲੀ ਵਿੱਦਿਆ ਦਾ ਮਹਿੰਗੇ ਹੋਣਾ ਵੱਡੀ ਸਮੱਸਿਆ ਹੈ ਜਿਸ ਨਾਲ ਸਮਾਜ ਦਾ ਹਰੇਕ ਵਰਗ ਜੂਝ ਰਿਹਾ ਹੈ। ਅਜਿਹੇ ਸਮਾਜਿਕ ਮੁੱਦਿਆਂ ਨੂੰ ਸਿਨੇਮਾ ਦੇ ਮਾਧਿਆਮ ਰਾਹੀਂ ਮਨੋਰੰਜਨ ਜ਼ਰੀਏ ਲੋਕ ਆਵਾਜ਼ ਬਣਾਉਣਾ ਚੰਗੀ ਪਹਿਲਕਦਮੀ ਹੈ।

ਫਰਾਈਡੇਅ ਰਸ਼ ਮੋਸ਼ਨ ਪਿਕਚਰਜ਼, ਸ਼ਿਤਿਜ ਚੌਧਰੀ ਫ਼ਿਲਮਜ਼ ਅਤੇ ਨਰੇਸ਼ ਕਥੂਰੀਆ ਫ਼ਿਲਮਜ਼ ਦੇ ਬੈਨਰ ਦੀ ਪੰਜਾਬੀ ਫ਼ਿਲਮ 'ੳ ਅ' ਅਜੋਕੇ ਦੌਰ ਦੀ ਸਿੱਖਿਆ ਪ੍ਰਣਾਲੀ ਤੇ ਮਾਂ ਬੋਲੀ ਦੇ ਘਟਦੇ ਸਤਿਕਾਰ 'ਤੇ ਚਿੰਤਾ ਪ੍ਰਗਟਾਉਂਦੀ ਵਿਅੰਗਮਈ ਕਾਮੇਡੀ ਫ਼ਿਲਮ ਹੈ। ਇਹ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ-ਨਾਲ ਮਾਂ ਬੋਲੀ ਨਾਲ ਜੁੜਨ ਦਾ ਸੁਨੇਹਾ ਦਿੰਦੀ ਹੈ। ਇਹ ਫ਼ਿਲਮ ਪੰਜਾਬ ਦੇ ਡਿਜੀਟਲ ਹੋ ਰਹੇ ਵਿੱਦਿਅਕ ਅਦਾਰਿਆਂ ਦੀ ਕਾਰਜ ਪ੍ਰਣਾਲੀ ਤੇ ਮਹਿੰਗੇ ਸਕੂਲਾਂ ਵਿਚ ਬੱਚੇ ਪੜ੍ਹਾਉਣ ਦੀ ਦੌੜ ਨੂੰ ਵਿਅੰਗਮਈ ਤਰੀਕੇ ਨਾਲ ਪੇਸ਼ ਕਰਦੀ ਹੈ। ਇਹ ਵੀ ਸੱਚ ਹੈ ਕਿ ਮਹਿੰਗੇ ਸਕੂਲਾਂ ਦੇ ਖ਼ਰਚੇ ਝੱਲਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਇਹ ਜਿੱਥੇ ਮਾਪਿਆਂ ਦੀਆਂ ਮਜਬੂਰੀਆਂ, ਮਾਨਸਿਕਤਾ, ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਵਿਚਲੀ ਹੀਣ ਭਾਵਨਾ ਦੀ ਕਹਾਣੀ ਪੇਸ਼ ਕਰਦੀ ਹੈ ਉੱਥੇ ਮਾਂ ਬੋਲੀ ਤੋਂ ਦੂਰ ਹੋ ਕੇ ਅੰਗਰੇਜ਼ੀ ਬੋਲੀ ਨੂੰ ਦਿੱਤੀ ਜਾ ਰਹੀ ਪਹਿਲ ਦੀ ਤ੍ਰਾਸਦੀ ਵੀ ਬਿਆਨ ਕਰਦੀ ਹੈ। ਇਸ ਵਿਚ ਤਰਸੇਮ ਜੱਸੜ, ਨੀਰੂ ਬਾਜਵਾ, ਬੀਐੱਨ. ਸ਼ਰਮਾ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਦੀ ਕਹਾਣੀ ਤੇ ਪਟਕਥਾ ਨਰੇਸ਼ ਕਥੂਰੀਆ ਨੇ ਲਿਖੀ ਹੈ ਤੇ ਨਿਰਦੇਸ਼ਨ ਸ਼ਿਤਿਜ ਚੌਧਰੀ ਨੇ ਦਿੱਤਾ ਹੈ। ਫ਼ਿਲਮ ਦੀ ਨਿਰਮਾਤਾ ਰੁਪਾਲੀ ਗੁਪਤਾ ਨੇ ਦੱਸਿਆ ਕਿ ਇਹ ਫ਼ਿਲਮ ਮਨੋਰੰਜਨ ਭਰਪੂਰ ਕਹਾਣੀ ਦਾ ਆਧਾਰ ਹੈ ਜੋ ਸਮਾਜਿਕ ਮੁੱਦਿਆਂ ਦੀ ਗੱਲ ਕਰਦੀ ਹੋਈ ਸਾਰਥਿਕ ਕਾਮੇਡੀ ਤੇ ਸੰਗੀਤਮਈ ਮਨੋਰੰਜਨ ਦਾ ਸੁਮੇਲ ਹੈ। ਇਸ ਰਾਹੀਂ ਪੰਜਾਬੀ ਭਾਸ਼ਾ ਦੇ ਪ੍ਰਚਾਰ, ਪਸਾਰ ਅਤੇ ਸਤਿਕਾਰ ਨੂੰ ਉੱਚਾ ਚੁੱਕਣ ਦਾ ਯਤਨ ਕੀਤਾ ਗਿਆ ਹੈ। ਫ਼ਿਲਮ ਦਾ ਨਿਰਮਾਣ ਰੁਪਾਲੀ ਗੁਪਤਾ, ਦੀਪਕ ਗੁਪਤਾ, ਸ਼ਿਤਿਜ ਚੌਧਰੀ ਅਤੇ ਨਰੇਸ਼ ਕਥੂਰੀਆ ਨੇ ਮਿਲ ਕੇ ਕੀਤਾ ਹੈ।

## ਫਰਿਜ਼ਨੋ ਵਿਖੇ ਗੀਤ 'ਪੰਜਾਬ' ਕਲਾਕਾਰਾਂ ਤੇ ਸੰਗੀਤ ਪ੍ਰੇਮੀਆਂ ਦੀ ਹਾਜ਼ਰੀ 'ਚ ਰਿਲੀਜ਼

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਅੱਜ ਤਕ ਪੰਜਾਬ ਦੇ ਹਾਲਾਤ ਨੂੰ ਲੈ ਬਹੁਤ ਸਾਰੇ ਗੀਤ ਆਏ। ਹੁਣ ਪੰਜਾਬ ਦੇ ਬਦਲਦੇ ਹੋਏ ਇਸੇ ਦੁਖਾਂਤ ਅਤੇ ਹਾਲਤਾਂ ਨੂੰ ਅਦਾਕਾਰ ਅਤੇ ਗਾਇਕ ਬਾਈ ਸੁਰਜੀਤ ਨੇ ਆਪਣੇ ਗੀਤ 'ਪੰਜਾਬ' ਰਾਹੀ ਬਹੁਤ ਹੀ ਨਿਵੇਕਲੇ ਢੰਗ ਨਾਲ ਪੇਸ਼ ਕੀਤਾ ਹੈ। ਇਸ ਗੀਤ ਵਿੱਚ ਟੁੱਟ ਰਹੇ ਪਿਆਰ ਅਤੇ ਇਨਸਾਨੀ ਰਿਸ਼ਤਿਆਂ ਵਿੱਚ ਪੈ ਰਹੀਆ ਤਰੇੜਾਂ ਦਾ ਦਰਦ ਹੈ, ਜਿਸ ਦਾ ਮਨੋਰਥ ਪੁਰਾਤਨ ਪੀੜ੍ਹੀ ਨੂੰ ਨਾਲ ਰੱਖਦੇ ਹੋਏ, ਅੱਜ ਦੇ ਨੌਜਵਾਨ ਵਰਗ ਨੂੰ ਵੀ ਨਾਲ ਜੋੜਨਾ ਹੈ। ਇਸ ਗੀਤ ਨੂੰ ਪ੍ਰਸਿੱਧ ਫਿਲਮੀ ਗੀਤਕਾਰ ਬੌਬੀ ਤੰਗੜਾਵਾਲਾ ਨੇ ਲਿਖਿਆ ਹੈ। ਸੰਗੀਤ ਜੱਸੀ ਭੋਗਲ ਦਾ ਹੈ, ਜਿਸ ਨੂੰ ਡਰੀਮ ਵਨ ਫਿਲਮਜ਼ ਅਤੇ ਸਿਵਮ ਕਰੇਸਨ ਦੁਆਰਾ ਪੇਸ਼ ਕੀਤਾ ਗਿਆ। ਇਸ ਗੀਤ ਨੂੰ ਸਾਹਿੱਤਕ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ 'ਫਰਿਜ਼ਨੋ ਡਰੀਮਜ਼ ਸਟੂਡੀਓ' ਦੇ ਹਾਲ ਵਿਚ ਰਿਲੀਜ਼ ਕੀਤਾ ਗਿਆ।

ਇਸ ਵਿਸ਼ੇਸ਼ ਸਮਾਗਮ ਵਿੱਚ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਸੂਝਵਾਨਾਂ ਨੇ ਰਲ ਕੇ ਪੰਜਾਬੀਅਤ ਬਾਰੇ ਵੀ ਵਿਚਾਰਾਂ ਕੀਤੀਆਂ, ਜਿਸ ਵਿੱਚ ਇੱਥੋਂ ਦੇ ਨਾਮਵਰ ਗਾਇਕਾਂ ਤੇ ਗੀਤਕਾਰਾਂ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਹਾਜ਼ਰ ਗਾਇਕਾਂ ਵਿੱਚ ਧਰਮਵੀਰ ਥਾਂਦੀ, ਰਾਜੇਸ਼ ਰਾਜੂ, ਬੱਲੂ ਸਿੰਘ, ਤੇਜੀ ਪੱਡਾ, ਗੁੱਲੂ ਸਿੱਧੂ ਬਰਾੜ, ਗਾਇਕਾ ਜੋਤ ਰਣਜੀਤ ਆਦਿਕ ਦੇ ਨਾਂ ਸਾਮਲ ਹਨ, ਜਦ ਕਿ ਬਾਕੀ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਬਲਾਰਿਆਂ ਵਿੱਚ ਫਿਲਮ ਡਾਇਰੈਕਟਰ ਅਤੇ ਅਦਾਕਾਰ ਗੁਰਦੀਸ ਪੰਜਾਬੀ, ਗੀਤਕਾਰ, ਗਾਇਕ ਅਤੇ ਫਿਲਮ ਡਾਇਰੈਕਟਰ ਮਲਕੀਤ ਮੀਤ ਤੋਂ ਇਲਾਵਾ ਭਾਜੀ ਤਰਨ ਸਿੰਘ, ਖਾਦਿਮ ਹੁਸ਼ੈਨ, ਜਸਵੰਤ ਮਹਿਮੀ, ਜਿੰਮੀ ਸਿੰਘ, ਪਰਮਜੀਤ ਸਿੰਘ, ਸੰਨਦੀਪ ਸੰਨੀ ਮੈਹਿਤ, ਜਸਬੀਰ ਸਰਾਏ, ਅੰਮ੍ਰਿਤ ਗਰੇਵਾਲ, ਰੇਡੀਓ ਹੋਸਟ ਸੁੱਖੀ ਹੇਅਰ ਆਦਿਕ ਦੇ ਨਾਂ ਸ਼ਾਮਲ ਹਨ। ਇਸ ਪ੍ਰੋਗਰਾਮ ਦੌਰਾਨ ਗਾਇਕੀ ਦਾ ਦੌਰ ਵੀ ਚੱਲਿਆ। ਸਟੇਜ ਸੰਚਾਲਨ ਅਦਾਕਾਰ ਅਤੇ ਗਾਇਕ ਬੱਲੂ ਸਿੰਘ ਨੇ ਬਾਖੂਬੀ ਕੀਤਾ। ਅੰਤ ਵਿਚ ਬਾਈ ਸੁਰਜੀਤ ਨੇ ਸਮੂਹ ਹਾਜ਼ਰੀਨ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।



## ਸਕਾਟਲੈਂਡ ਦੇ ਰੇਡੀਓ ਵੱਲੋਂ ਗੀਤਕਾਰ ਮਿਰਜ਼ਾ ਸੰਗੋਵਾਲੀਆ ਦੀ ਮਾਲੀ ਮਦਦ

**ਲੰਡਨ/ਮਨਦੀਪ ਖੁਰਮੀ :** ਇਹ ਗਿਲਾ ਅਕਸਰ ਹੀ ਕੀਤਾ ਜਾਂਦਾ ਹੈ ਕਿ ਗੀਤਕਾਰਾਂ ਦੇ ਗੀਤ ਗਾ ਕੇ ਗਾਇਕ ਐਸ਼ੋ-ਇਸ਼ਰਤ ਦੀ ਬੁਲੰਦੀ ਹਾਸਲ ਕਰ ਜਾਂਦੇ ਹਨ ਪਰ ਗੀਤਕਾਰ ਸਿਰਫ ਫੋਕੀ ਵਾਹ ਵਾਹ ਤੱਕ ਹੀ ਸਿਮਟ ਕੇ ਰਹਿ ਜਾਂਦੇ ਹਨ। ਜੇਕਰ ਗਾਇਕ ਆਪਣੀ ਮੰਜ਼ਿਲ ਦੀ ਪੌੜੀ ਦੇ ਡੰਡਿਆਂ ਰੂਪੀ ਗੀਤਕਾਰਾਂ ਦੇ ਦੁੱਖ ਸੁੱਖ ਵਿੱਚ ਵੀ ਸ਼ਰੀਕ ਹੁੰਦੇ ਰਹਿਣ ਤਾਂ ਗੀਤਕਾਰਾਂ ਨੂੰ ਕਿਸੇ ਵੇਲੇ ਚੋਟੀ ਦੇ ਗੀਤਕਾਰਾਂ ਵਿਚ ਗਿਣੇ ਜਾਣ ਵਾਲੇ ਗੀਤਕਾਰ ਮਿਰਜ਼ਾ ਸੰਗੋਵਾਲੀਆ ਵਾਂਗ ਮਾੜੇ ਦੌਰ ਵਿੱਚੋਂ ਨਾ ਗੁਜ਼ਰਨਾ ਪਵੇ। ਮਿਰਜ਼ਾ ਸੰਗੋਵਾਲੀਆ ਦੇ ਹੁਣ ਤੱਕ ਤਕਰੀਬਨ 400 ਦੇ ਕਰੀਬ ਗੀਤ ਰਿਕਾਰਡ ਹੋਏ ਹਨ, ਜਿਹਨਾਂ ਨੂੰ ਪ੍ਰਸਿੱਧ ਗਾਇਕ ਕਰਤਾਰ ਰਮਲਾ, ਸੁਰਿੰਦਰ ਛਿੰਦਾ, ਮਿਸ ਪੂਜਾ, ਸੁਦੇਸ਼ ਕੁਮਾਰੀ, ਨਿਰਮਲ ਸਿੱਧੂ, ਸੀਤਲ ਸਿੰਘ ਸੀਤਲ, ਹਰਪਾਲ ਠੱਠੇਵਾਲੀਆ, ਅੰਮ੍ਰਿਤ ਬਰਾੜ, ਗੁਰਚਰਨ ਗਰੇਵਾਲ਼, ਬਲਕਾਰ ਸਿੱਧੂ, ਬਲਕਾਰ ਅਣਖੀਲਾ, ਰੇਸ਼ਮ ਸੁੰਨਰ, ਸੁਖਵੰਤ ਸੁੱਖੀ, ਦਲਜੀਤ ਬਿੱਟੂ ਆਦਿ ਨੇ ਆਪਣੀਆਂ ਮਨਮੋਹਕ ਆਵਾਜ਼ਾਂ ਦਿੱਤੀਆਂ। ਮਿਰਜ਼ਾ ਸੰਗੋਵਾਲੀਆ ਪਿਛਲੇ 5-6 ਸਾਲ ਤੋਂ ਅਧਰੰਗ ਦੀ ਬਿਮਾਰੀ ਤੋਂ ਪੀੜਤ ਹਨ ਤੇ ਉਹਨਾਂ ਦੀ ਮਾਲੀ ਹਾਲਤ ਚੰਗੀ ਨਾ ਹੋਣ ਕਰਕੇ ਉਹਨਾਂ ਦੇ ਇਲਾਜ ਵਿੱਚ ਅੜਚਨ ਆ ਰਹੀ ਹੈ। ਇਸ ਮਾਮਲੇ ਬਾਰੇ ਪਤਾ ਲੱਗਣ 'ਤੇ ਸਕਾਟਲੈਂਡ ਦੇ ਰੇਡੀਓ ਆਵਾਜ਼ ਐੱਫਐੱਮ ਦੀ ਤਰਫੋਂ "ਗੁਰੂ ਕੀ ਗੋਲਕ ਪੰਜਾਬ"

ਬਾਕੀ ਸਫ਼ਾ 28 'ਤੇ



# ਭਾਈ ਲਹੌਰੀਆ ਨਾਲ ਮੁਲਾਕਾਤਾਂ 'ਤੇ ਪਾਬੰਦੀ ਲਗਾਉਣਾ ਮਨੁੱਖੀ ਹੱਕਾਂ ਦਾ ਘਾਣ : ਯੂਨਾਈਟਿਡ ਖਾਲਸਾ ਦਲ ਯੂਕੇ

**ਲੰਡਨ/ਏਟੀ ਨਿਊਜ਼ :**
ਭਾਰਤ ਵਿਚ ਦਿੱਲੀ ਦੀ ਤਿਹਾੜ ਜੇਲ੍ਹ ਦੇ ਪ੍ਰਸ਼ਾਸ਼ਨ ਵਲੋਂ ਭਾਈ ਦਿਆ ਸਿੰਘ ਲਾਹੌਰੀਆ ਦੀਆਂ ਮੁਲਾਕਾਤਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਦਿੱਲੀ ਨਿਵਾਸੀ ਪੰਥ ਦੇ ਨਿਸ਼ਕਾਮ ਸੇਵਕ ਭਾਈ ਮਨਪ੍ਰੀਤ ਸਿੰਘ ਖਾਲਸਾ ਦੁਆਰਾ ਪ੍ਰਾਪਤ ਜਾਣਕਾਰੀ ਅਨੁਸਾਰ ਭਾਈ ਦਿਆ ਸਿੰਘ ਲਹੌਰੀਆ ਦੇ ਮੁਲਾਕਾਤੀਆਂ ਦੀ ਲਿਸਟ ਵਿੱਚ ਸ਼ਾਮਲ ਸਾਰੇ ਨਾਮ ਕੱਟ ਦਿੱਤੇ ਗਏ ਹਨ, ਕੇਵਲ ਉਹਨਾਂ ਦੀ ਧਰਮ ਸੁਪਤਨੀ ਬੀਬੀ ਕਲਮਜੀਤ ਕੌਰ ਦਾ ਨਾਮ ਹੀ ਬਾਕੀ ਹੈ। ਜੇਲ੍ਹ ਪ੍ਰਸ਼ਾਸ਼ਨ ਦੀ ਇਸ ਧੱਕੜ ਅਤੇ ਪੱਖਪਾਤੀ ਕਾਰਵਾਈ ਦੀ ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਸਖਤ ਨਿਖੇਧੀ ਕੀਤੀ ਗਈ ਹੈ। ਇਸ ਸਬੰਧੀ ਇਕ ਬਿਆਨ ਜਾਰੀ ਕਰਦਿਆਂ ਜਥੇਬੰਦੀ ਨੇ ਕਿਹਾ ਕਿ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਅਦਾਰਿਆਂ ਨੂੰ ਆਪਣਾ ਫਰਜ਼ ਪਛਾਣਦੇ ਹੋਏ ਭਾਈ ਦਿਆ ਸਿੰਘ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਦੀ ਲੋੜ ਹੈ।



ਜਥੇਬੰਦੀ ਨੇ ਕਿਹਾ ਕਿ ਭਾਈ ਦਿਆ ਸਿੰਘ ਲਹੌਰੀਆ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਚਲਾਈ ਹੋਈ ਦਮਦਮੀ ਟਕਸਾਲ ਦੇ ਜਥੇਦਾਰ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਦੇ ਨਾਇਕ ਹਨ ਅਤੇ ਦੇਸ਼ ਵਿਦੇਸ਼ ਵਿੱਚ ਉਹਨਾਂ ਦਾ ਬੇਹੱਦ ਸਤਿਕਾਰ ਹੈ। ਯੂਨਾਈਟਿਡ ਖਾਲਸਾ ਦਲ ਯੂਕੇ ਦੇ ਪ੍ਰਧਾਨ ਸ. ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਸ. ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਸਿਰੜੀ ਅਤੇ ਸਿਦਕੀ ਯੋਧੇ ਭਾਈ ਦਿਆ ਸਿੰਘ ਦੀ ਮਹਾਨ ਘਾਲਣਾ ਨੂੰ ਕੌਮ ਵਾਸਤੇ ਮੀਲ ਪੱਥਰ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਈ ਦਿਆ ਸਿੰਘ ਨੇ ਹਰ ਹਾਲਾਤ ਦਾ ਜਿੱਥੇ ਅਡੋਲਤਾ ਨਾਲ ਟਾਕਰਾ ਕੀਤਾ ਉੱਥੇ ਸਬਰ ਸੰਤੋਖ ਅਤੇ ਨਿਮਰਤਾ ਦਾ ਸਦਾ ਹੀ ਪ੍ਰਗਟਾਵਾ ਕੀਤਾ ਹੈ। ਇਸ ਵਾਸਤੇ ਸਿੱਖ ਜਥੇਬੰਦੀਆਂ ਨੂੰ ਉਨ੍ਹਾਂ ਨਾਲ ਹੋ ਰਹੇ ਗੈਰ-ਮਾਨਵੀ ਵਤੀਰੇ ਖਿਲਾਫ ਅੱਗੇ ਆਉਣ ਦੀ ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਅਪੀਲ ਕੀਤੀ ਗਈ ਹੈ।

ਗੌਰਤਲਬ ਹੈ ਕਿ ਭਾਈ ਦਿਆ ਸਿੰਘ ਪਿਛਲੇ 22 ਸਾਲਾਂ ਤੋਂ ਲਗਾਤਾਰ ਵੱਖ ਵੱਖ ਜੇਲ੍ਹਾਂ ਵਿੱਚ ਬੰਦ ਚਲੇ ਆ ਰਹੇ ਹਨ। ਉਨ੍ਹਾਂ ਆਪਣੀ ਚੜ੍ਹਦੀ ਜਵਾਨੀ ਅਤੇ ਅੱਧੀ ਉਮਰ ਕੌਮ ਦੇ ਲੇਖੇ ਲਗਾ ਦਿੱਤੀ ਹੈ ਅਤੇ ਹੁਣ ਕਈ ਬੀਮਾਰੀਆਂ ਤੋਂ ਪੀੜਤ ਬੁਢਾਪੇ ਦੀਆਂ ਦਹਿਲੀਜ਼ਾਂ ਛੂਹ ਰਹੇ ਹਨ। ਭਾਈ ਦਇਆ ਸਿੰਘ 3 ਅਗਸਤ 1995 ਨੂੰ ਆਪਣੀ ਧਰਮ ਸੁਪਤਨੀ ਬੀਬੀ ਕਮਲਜੀਤ ਕੌਰ ਨਾਲ ਅਮਰੀਕਾ ਪੁੱਜ ਗਏ ਸਨ ਪਰ ਮਾਈਨਐਪਲਸ ਹਵਾਈ ਅੱਡੇ 'ਤੇ ਉਤਰਦੇ ਵਕਤ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਬਾਅਦ 'ਚ ਉਨ੍ਹਾਂ ਨੂੰ ਦੋ ਕੇਸਾਂ ਵਿੱਚ 17 ਜਨਵਰੀ 1997 ਨੂੰ ਅਮਰੀਕਾ ਤੋਂ ਭਾਰਤ ਡਿਪੋਰਟ ਕਰ ਦਿੱਤਾ ਗਿਆ ਸੀ। ਭਾਰਤ ਵਾਪਸੀ 'ਤੇ ਦੋ ਮਹੀਨੇ ਪੁਲੀਸ ਰਿਮਾਂਡ ਚੱਲਿਆ। ਮਨਿੰਦਰਜੀਤ ਬਿੱਟਾ 'ਤੇ ਕਾਤਲਾਨਾ ਹਮਲਾ ਕਰਨ ਅਤੇ ਰਜਿੰਦਰ ਮਿਰਧਾ, ਪੁੱਤਰ ਰਾਮ ਨਿਵਾਸ ਮਿਰਧਾ ਐਕਸ ਯੂਨੀਅਨ ਮਨਿਸਟਰ ਇੰਡੀਆ ਨੂੰ ਅਗਵਾ ਕਰਨ ਦਾ ਕੇਸ ਚਲਾਇਆ ਗਿਆ। ਬਿੱਟਾ ਕੇਸ ਵਿੱਚ ਉਨ੍ਹਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ ਪਰ ਮਿਰਧਾ ਕੇਸ ਵਿੱਚ ਉਮਰ ਕੈਦ ਹੋ ਗਈ। ਜਦੋਂ ਭਾਈ ਲਹੌਰੀਆ ਨੂੰ ਭਾਰਤ ਵਾਪਸ ਭੇਜਿਆ ਗਿਆ ਸੀ ਤਾਂ ਇਹ ਹਾਵਾਲਗੀ ਸੰਨ 1931 ਦੀ ਕਾਮਨਵੈਲਥ ਸੰਧੀ ਅਧੀਨ ਹੋਈ ਸੀ ਪਰ ਭਾਰਤ ਲਿਆ ਕੇ 364 ਕਿਡਨੈਪ ਏਆਈਪੀਸੀ ਦੀ ਧਾਰਾ ਲਗਾ ਦਿੱਤੀ ਗਈ ਅਤੇ ਦੋ ਕੇਸਾਂ ਵਿੱਚ ਹਵਾਲਗੀ ਹੋਣ ਦੇ ਬਾਵਜੂਦ ਭਾਰਤ ਸਰਕਾਰ ਨੇ ਨੌਂ ਕੇਸ ਹੋਰ ਪਾ ਦਿੱਤੇ, ਜਿਹਨਾਂ ਵਿੱਚ ਹਾਵਾਲਗੀ ਨਹੀਂ ਹੋਈ ਸੀ। ਹਾਵਲਾਗੀ ਸੰਧੀ ਅਨੁਸਾਰ ਨਾ ਤਾਂ ਪੁਲਿਸ ਤਸ਼ੱਦਦ ਕਰ ਸਕਦੀ ਸੀ ਅਤੇ ਨਾ ਹੀ ਹੋਰ ਕੇਸ ਪਾਇਆ ਜਾ ਸਕਦਾ ਸੀ ਪਰ ਭਾਈ ਦਇਆ ਸਿੰਘ 'ਤੇ ਪੁਲਿਸ ਰਿਮਾਂਡ ਵਿੱਚ ਤਸ਼ੱਦਦ ਵੀ ਕੀਤਾ ਗਿਆ ਅਤੇ ਨੌਂ ਹੋਰ ਕੇਸ ਵੀ ਪਾਏ ਗਏ। ਮਿਰਧਾ ਅਗਵਾ ਕੇਸ ਵਿੱਚ ਭਾਈ ਦਇਆ ਸਿੰਘ ਨੂੰ ਉਮਰ ਕੈਦ ਅਤੇ ਬੀਬੀ ਕਮਲਜੀਤ ਕੌਰ ਨੂੰ 7 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਭਾਈ ਦਇਆ ਸਿੰਘ 22 ਸਾਲ ਤੋਂ ਲਗਾਤਾਰ ਵੱਖ ਵੱਖ ਜੇਲ੍ਹਾਂ ਵਿੱਚ ਬੰਦ ਹਨ। ਭਾਈ ਦਇਆ ਸਿੰਘ ਲਾਹੌਰੀਆ ਦਾ ਖਾਲਿਸਤਾਨ ਦੇ ਸੰਘਰਸ਼ ਦੌਰਾਨ ਵੱਡਮੁੱਲਾ ਯੋਗਦਾਨ ਰਿਹਾ ਹੈ।

# ਸਮਾਜ ਸੇਵਕ ਰੋਬਿੰਦਰ ਸਿੰਘ ਰੌਬਿਨ ਦੀ ਸੜਕ ਹਾਦਸੇ ਵਿਚ ਮੌਤ

**ਸੈਨਹੋਜੇ/ਹੁਸਨ ਲੜੋਆ ਬੰਗਾ :** ਸਮਾਜ ਸੇਵਕ ਰੋਬਿੰਦਰ ਸਿੰਘ ਰੌਬਿਨ ਉਰਫ ਭੁਰਜੀ ਦੀ ਸੈਨਹੋਜੇ ਵਿਖੇ ਇਕ ਸੜਕ ਹਾਦਸੇ ਵਿਚ ਮੌਤ ਹੋ ਜਾਣ ਉਪਰੰਤ ਸਨ ਫਰਾਂਸਿਸਕੋ ਬੇਅ ਖੇਤਰ ਵਿਚ ਰਹਿੰਦੇ ਭਾਰਤੀ ਭਾਈਚਾਰੇ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਭੁਰਜੀ ਇਕ ਤਕਨੀਕੀ ਫਰਮ ਕੇਟੀਵੀਊ ਵਿਚ ਕੰਮ ਕਰਦੇ ਸਨ।



57 ਸਾਲਾ ਭੁਰਜੀ ਕਲੋਵਰਹਿਲ ਡਰਾਈਵ ਨੇੜੇ ਅਲਮਾਡੇਨ ਐਕਸਪ੍ਰੈਸਵੇਅ ਉਪਰ ਇਕ ਵਾਹਨ ਦੀ ਲਪੇਟ ਵਿਚ ਆ ਗਏ ਸਨ। ਹਾਦਸੇ ਵਾਲੇ ਸਥਾਨ ਨੇੜੇ ਹੀ ਉਨਾਂ ਦਾ ਘਰ ਹੈ। ਭੁਰਜੀ ਆਪਣੇ ਭਾਈਚਾਰੇ ਤੇ ਮਿੱਤਰਾਂ ਦੋਸਤਾਂ ਵਿਚ ਬਹੁਤ ਹਰਮਨ ਪਿਆਰੇ ਸਨ ਤੇ ਉਹ ਸਮਾਜਿਕ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਸਨ।

# ਨਿਊਜਰਸੀ ਰਹਿੰਦੇ ਪੰਜਾਬੀ ਨੌਜਵਾਨ ਦੀ ਭੇਤਭਰੀ ਮੌਤ

**ਨਿਊਜਰਸੀ/ਏਟੀ ਨਿਊਜ਼ :**
ਰੋਜ਼ੀ ਰੋਟੀ ਦੀ ਭਾਲ 'ਚ ਅਮਰੀਕਾ ਆਏ ਪੰਜਾਬ ਦੇ ਮੁਕੇਰੀਆਂ ਨੇੜਲੇ ਪਿੰਡ ਉਮਰਪੁਰ ਦੇ ਨੌਜਵਾਨ ਦੀ ਭੇਤਭਰੀ ਹਾਲਤ 'ਚ ਮੌਤ ਹੋ ਗਈ ਹੈ। ਪੰਜਾਬ ਰਹਿੰਦੇ ਪਰਿਵਾਰ ਨੇ ਮੌਤ ਦੇ ਕਾਰਨਾਂ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰਦਿਆਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਪੁੱਤਰ ਦੀ ਲਾਸ਼ ਭਾਰਤ ਲਿਆਉਣ 'ਚ ਉਨ੍ਹਾਂ ਦੀ ਮੱਦਦ ਕੀਤੀ ਜਾਵੇ। ਇਸ ਸਬੰਧੀ ਮ੍ਰਿਤਕ ਨੌਜਵਾਨ ਜਸਵਿੰਦਰ ਸਿੰਘ ਦੇ ਪਿਤਾ ਸੁਖਵਿੰਦਰ ਸਿੰਘ ਵਾਸੀ ਉਮਰਪੁਰ ਨੇ ਦੱਸਿਆ ਕਿ ਉਸ ਦਾ ਪੁੱਤਰ ਨਿਊਜਰਸੀ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ। ਜਦੋਂ ਜਸਵਿੰਦਰ ਸਿੰਘ ਦਾ ਮਕਾਨ ਮਾਲਕ ਆਪਣਾ ਕਿਰਾਇਆ ਲੈਣ ਲਈ ਕਮਰੇ 'ਚ ਪੁੱਜਾ ਤਾਂ ਅੰਦਰ ਜਸਵਿੰਦਰ ਦੀ ਲਾਸ਼ ਪਈ ਮਿਲੀ।



# ਅਫਜ਼ਲ ਗੁਰੂ ਦੇ ਸ਼ਹੀਦੀ ਦਿਹਾੜੇ ਮੌਕੇ ਕਸ਼ਮੀਰ ਬੰਦ

**ਸ੍ਰੀਨਗਰ/ਏਟੀ ਨਿਊਜ਼ :** ਕਸ਼ਮੀਰ ਦੇ ਲੋਕਾਂ ਵਲੋਂ ਅਫਜ਼ਲ ਗੁਰੂ ਨੂੰ ਯਾਦ ਕਰਦਿਆਂ ਉਨ੍ਹਾਂ ਦਾ 6ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਕਸ਼ਮੀਰ ਦੀਆਂ ਅਜ਼ਾਦੀ ਪਸੰਦ ਧਿਰਾਂ ਹੁਰੀਅਤ ਕਾਨਫਰੰਸ ਵਲੋਂ ਇਸ ਮੌਕੇ ਕਸ਼ਮੀਰ ਬੰਦ ਦਾ ਸੱਦਾ ਦਿੱਤਾ ਗਿਆ ਸੀ। ਅਫਜ਼ਲ ਗੁਰੂ ਨੂੰ ਭਾਰਤੀ ਪਾਰਲੀਮੈਂਟ 'ਤੇ ਹਮਲੇ ਦੇ ਦੋਸ਼ ਵਿਚ 9 ਫਰਵਰੀ 2013 ਨੂੰ ਫਾਂਸੀ ਦੇ ਦਿੱਤੀ ਗਈ ਸੀ। ਇਸ ਮੌਕੇ ਕਸ਼ਮੀਰ ਵਿਚ ਮੁਕੰਮਲ ਬੰਦ ਰਿਹਾ। ਕਸ਼ਮੀਰ ਦੀਆਂ ਅਜ਼ਾਦੀ ਪਸੰਦ ਧਿਰਾਂ ਵਲੋਂ ਮੰਗ ਕੀਤੀ ਗਈ ਕਿ ਅਫਜ਼ਲ ਗੁਰੂ ਦੇ ਅਸਤ ਵਾਪਿਸ ਕੀਤੇ ਜਾਣ ਤਾਂ ਕਿ ਉਨ੍ਹਾਂ ਨੂੰ ਕਸ਼ਮੀਰ ਦੀ ਧਰਤੀ ਦੇ ਸਪੁਰਦ-ਏ-ਖਾਕ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਅਫਜ਼ਲ ਗੁਰੂ ਨੂੰ ਭਾਰਤ ਦੀ ਤਿਹਾੜ ਜ਼ੇਲ੍ਹ ਵਿਚ ਫਾਂਸੀ ਦੇਣ ਤੋਂ ਬਾਅਦ ਉੱਥੇ ਹੀ ਦੱਬ ਦਿੱਤਾ ਗਿਆ ਸੀ। ਪਰਿਵਾਰ ਨੂੰ ਉਸ ਦੀ ਮ੍ਰਿਤਕ ਦੇਹ ਵੀ ਨਹੀਂ ਦਿੱਤੀ ਗਈ ਸੀ। ਇਸ ਦੌਰਾਨ ਭਾਰਤੀ ਪ੍ਰਸ਼ਾਸਨ ਵਲੋਂ ਕਸ਼ਮੀਰ ਦੇ ਅਜ਼ਾਦੀ ਪਸੰਦ ਆਗੂਆਂ ਸਈਅਦ ਅਲੀ ਸ਼ਾਹ ਗਿਲਾਨੀ, ਮੀਰਵਾਇਜ਼ ਉਮਰ ਫਾਰੂਕ ਅਤੇ ਹੋਰਾਂ ਨੂੰ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਤਾਂ ਕਿ ਉਹ ਕਿਸੇ ਰੋਸ ਮੁਜ਼ਾਹਰੇ ਦੀ ਅਗਵਾਈ ਨਾ ਕਰ ਸਕਣ।



# ਮੇਅਰ ਰਵੀ ਭੱਲਾ ਨੇ ਮੁੜ ਚੋਣ ਲੜਨ ਲਈ ਇਕ ਸਾਲ ਵਿਚ ਜੁਟਾਇਆ 80 ਹਜ਼ਾਰ ਡਾਲਰ ਤੋਂ ਵੱਧ ਫੰਡ

**ਹੋਬੋਕਨ ਸ਼ਹਿਰ (ਕੈਲੀਫੋਰਨੀਆ)/ਹੁਸਨ ਲੜੋਆ ਬੰਗਾ:** ਹੋਬੋਕਨ ਸ਼ਹਿਰ ਦੇ ਮੇਅਰ ਰਵੀ ਭੱਲਾ ਨੇ ਦੁਬਾਰਾ ਚੋਣ ਲੜਨ ਲਈ ਹੁਣ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਹਾਲਾਂ ਕਿ ਚੋਣ 3 ਸਾਲ ਬਾਅਦ ਹੋਣੀ ਹੈ ਪਰ ਉਸ ਨੇ ਹੁਣ ਤੋਂ ਹੀ ਆਪਣੀ ਚੋਣ ਮੁਹਿਮ ਆਰੰਭ ਦਿੱਤੀ ਹੈ। ਪਿਛਲੇ ਤਿੰਨ ਮਹੀਨਿਆਂ ਦੀ ਮੁਹਿਮ ਦੌਰਾਨ ਭੱਲਾ 40175 ਡਾਲਰ ਚੋਣ ਫੰਡ ਜੁਟਾ ਚੁੱਕੇ ਹਨ। ਆਪਣੇ ਕਾਰਜਕਾਲ ਦੇ ਪਹਿਲੇ ਸਾਲ ਵਿਚ ਉਹ ਚੋਣ ਫੰਡ ਵਜੋਂ 81641 ਡਾਲਰ ਇਕੱਠੇ ਕਰ ਚੁੱਕੇ ਹਨ। ਉਨ੍ਹਾਂ ਦੇ ਬੁਲਾਰੇ ਵਿਜੇ ਚੌਧਰੀ ਨੇ ਕਿਹਾ ਹੈ ਕਿ ਭੱਲਾ ਬਹੁਤ ਹੀ ਸਾਕਾਰਤਮਿਕ ਤੇ ਸਰਗਰਮ ਪਹੁੰਚ ਅਪਨਾ ਰਹੇ ਹਨ। ਉਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਜੂਨ ਤੋਂ ਬਾਅਦ ਉਨਾਂ ਨੂੰ 35000 ਡਾਲਰ ਅਜਿਹੇ ਲੋਕਾਂ ਵੱਲੋਂ ਫੰਡ ਮਿਲਿਆ ਹੈ ਜੋ ਹੋਬੋਕਨ ਸ਼ਹਿਰ ਵਿਚ ਨਹੀਂ ਰਹਿੰਦੇ। 15000 ਡਾਲਰ ਸਥਾਨਕ ਲੋਕਾਂ ਵੱਲੋਂ ਦਿੱਤੇ ਗਏ ਹਨ। ਸ੍ਰੀ ਭੱਲਾ ਮੇਅਰ ਵਜੋਂ ਬਹੁਤ ਹੀ ਵਧੀਆ ਸੇਵਾਵਾਂ ਨਿਭਾ ਰਹੇ ਹਨ। ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ।



# ਹਾਦਸੇ ਉਪਰੰਤ ਸੜ ਰਹੀ ਕਾਰ ਵਿਚ ਆਪਣੀ ਦੋਸਤ ਨੂੰ ਛੱਡਕੇ ਦੌੜ ਜਾਣ ਵਾਲੇ ਡਰਾਈਵਰ ਨੂੰ 12 ਸਾਲ ਕੈਦ

**ਨਿਊਯਾਰਕ/ਹੁਸਨ ਲੜੋਆ ਬੰਗਾ :** ਅਦਾਲਤ ਨੇ ਨਿਊਯਾਰਕ ਸਿਟੀ ਦੇ ਇਕ ਰਾਸ਼ਟਰੀ ਮਾਰਗ ਉਪਰ ਹਾਦਸੇ ਉਪਰੰਤ ਅੱਗ ਲੱਗ ਜਾਣ ਕਾਰਨ ਸੜ ਰਹੀ ਕਾਰ ਵਿਚ ਆਪਣੀ ਮਿੱਤਰ ਕੁੜੀ ਨੂੰ ਛੱਡਕੇ ਦੌੜ ਜਾਣ ਵਾਲੇ ਸਈਦ ਅਹਿਮਦ ਨਾਮੀ ਡਰਾਈਵਰ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਹਾਦਸੇ ਵਿਚ ਹਰਲੀਨ ਗਰੇਵਾਲ ਨਾਮੀ ਲੜਕੀ ਦੀ ਮੌਤ ਹੋ ਗਈ ਸੀ। ਪੁਲਿਸ ਅਨੁਸਾਰ 24 ਸਾਲਾ ਸਈਦ ਅਹਿਮਦ ਗੱਡੀ ਉਤੇ ਕੰਟਰੋਲ ਗੁਆ ਬੈਠਾ ਤੇ ਕਾਰ ਬੈਰੀਅਰ ਨਾਲ ਜਾ ਟਕਰਾਈ ਜਿਸ ਉਪਰੰਤ ਉਸ ਨੂੰ ਅੱਗ ਲੱਗ ਗਈ। ਸਈਦ ਨੇ ਅਦਾਲਤ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਦਿਆਂ ਕਿਹਾ ਕਿ ਹਰਲੀਨ ਉਸ ਦੀ ਮਿੱਤਰ ਸੀ। ਕਾਰ ਨੂੰ ਅੱਗ ਲੱਗ ਜਾਣ ਉਪਰੰਤ ਉਸ ਨੇ ਉਸ ਨੂੰ ਕਾਰ ਵਿਚੋਂ ਕੱਢਣ ਦਾ ਯਤਨ ਕੀਤਾ ਸੀ ਪਰ ਕਾਮਯਾਬ ਨਹੀਂ ਹੋ ਸਕਿਆ। ਦੂਸਰੇ ਪਾਸੇ ਨੇੜਿਉਂ ਲੰਘ ਰਹੇ ਇਕ ਵਿਅਕਤੀ ਵੱਲੋਂ ਸੈੱਲ ਫੋਨ ਉਪਰ ਬਣਾਈ ਵੀਡਿਓ ਵਿਚ ਸਾਫ ਨਜ਼ਰ ਆ ਰਿਹਾ ਸੀ ਕਿ ਕਾਰ ਨੂੰ ਅੱਗ ਲੱਗਣ ਉਪਰੰਤ ਸਈਦ ਅਹਿਮਦ ਇਕ ਕਿਰਾਏ ਵਾਲੀ ਯੈਲੋ ਟੈਕਸੀ ਉਪਰ ਸਵਾਰ ਹੋ ਕੇ ਘਟਨਾ ਸਥਾਨ ਤੋਂ ਚਲਾ ਗਿਆ ਸੀ। ਉਸ ਨੇ ਹਰਲੀਨ ਨੂੰ ਬਚਾਉਣ ਲਈ ਕੋਈ ਯਤਨ ਨਹੀਂ ਕੀਤਾ। ਅਸਟੋਰੀਆ ਦੀ ਰਹਿਣ ਵਾਲੀ ਹਰਲੀਨ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ।



# ਵਲੈਤਣ ਬੈਰਿਸਟਰ ਨੂੰ ਰਾਸ ਆਇਆ ਭਾਰਤੀ ਖਾਣਿਆਂ ਦਾ ਬਿਜਨਸ

## 20 ਸਾਲ ਬੈਰਿਸਟਰ ਵਜੋਂ ਕੰਮ ਕਰਕੇ ਹੁਣ ਚਲਾ ਰਹੀ ਹੈ ਆਪਣੀ ਰੈਸਟੋਰੈਂਟ ਚੇਨ

**ਲੰਡਨ/ਮਨਦੀਪ ਖੁਰਮੀ :** ਇੰਗਲੈਂਡ ਦੇ ਉੱਤਰ ਪੱਛਮੀ ਇਲਾਕੇ 'ਚ ਲਿਵਰਪੂਲ ਦੇ ਨਾਲ ਲਗਦੇ ਨਿੱਕੇ ਜਿਹੇ ਕਸਬੇ ਓਮਜ਼ਕਰਕ ਵਿੱਚ ਜੰਮੀ ਪਲੀ ਭਾਰਤੀ ਕੁੜੀ ਨੇ ਆਪਣੀ ਜ਼ਿੰਦਗੀ ਵਿੱਚ ਅਜਿਹਾ ਦਾਅ ਖੇਡਿਆ ਕਿ ਆਪਣੇ ਖੇਤਰ ਦੀ ਬਾਦਸ਼ਾਹਤ ਹਾਸਲ ਕਰ ਲਈ। ਜੀ ਹਾਂ, ਨਿਸ਼ਾ ਕਟੋਨਾ ਨਾਮ ਦੀ ਇਹ ਉੱਦਮੀ ਔਰਤ ਓਮਜ਼ਕਰਕ ਵਿੱਚ ਰਹਿੰਦਿਆਂ ਬਾਲ ਸੁਰੱਖਿਆ ਬੈਰਿਸਟਰ ਤੱਕ ਦੀ ਵਿੱਦਿਆ ਹਾਸਲ ਕਰਨ ਦੇ ਨਾਲ ਨਾਲ ਭਾਰਤੀ ਖਾਣਿਆਂ ਦੇ ਬਿਜਨਿਸ ਵੱਲ ਅਜਿਹਾ ਮੁੜੀ ਕਿ ਉਸਨੂੰ "ਮੈਂਬਰ ਆਫ ਬ੍ਰਿਟਿਸ਼ ਅੰਪਾਇਰ" (ਐਮ ਬੀ ਈ) ਦਾ ਮਾਨਮੱਤਾ ਖਿਤਾਬ ਵੀ ਹਾਸਲ ਹੋਇਆ।

ਜ਼ਿਕਰਯੋਗ ਹੈ ਕਿ ਨਿਸ਼ਾ ਨੂੰ ਬੈਰਿਸਟਰ ਵਜੋਂ ਕੰਮ ਕਰਦੇ ਸਮੇਂ 2008 ਵਿੱਚ ਸਭਿਆਚਾਰ, ਖੇਡਾਂ ਅਤੇ ਮੀਡੀਆ ਵਿਭਾਗ ਨੇ ਨੈਸ਼ਨਲ ਮਿਊਜ਼ੀਅਮ ਲਿਵਰਪੂਲ ਦੀ ਟਰੱਸਟੀ ਵਜੋਂ ਚੁਣਿਆ। 2009 ਵਿੱਚ ਉਸਨੂੰ ਕੈਬਨਿਟ ਦਫ਼ਤਰ ਵੱਲੋਂ ਵੱਖ ਵੱਖ ਮੁਲਾਂ ਦੇ ਲੋਕਾਂ ਦੀਆਂ ਜਨਤਕ ਨਿਯੁਕਤੀਆਂ ਦੀ ਰਾਜਦੂਤ ਬਣਨ ਦਾ ਮਾਣ ਮਿਲਿਆ। ਬੈਰਿਸਟਰ ਦੇ ਕੰਮ ਨੂੰ ਲਾਂਭੇ ਰੱਖ ਕੇ ਉਸਨੇ ਭਾਰਤੀ ਖਾਣਿਆਂ ਦੀ ਰੈਸਟੋਰੈਂਟ ਲੜੀ "ਮੋਗਲੀ ਰੈਸਟੋਰੈਂਟ" ਦਾ ਆਗਾਜ਼ ਕੀਤਾ। ਉਸਦਾ ਇਹ ਤਜ਼ਰਬਾ ਇੰਨਾ ਸਫ਼ਲ ਰਿਹਾ ਕਿ ਹੁਣ ਉਸਦੇ ਲਿਵਰਪੂਲ



ਵਿੱਚ ਦੋ, ਮਾਨਚੈਸਟਰ ਵਿੱਚ ਦੋ, ਬਰਮਿੰਘਮ, ਆਕਸਫੋਰਡ, ਨੌਟਿੰਘਮ, ਕਾਰਡਿਫ ਵਿਖੇ ਰੈਸਟੋਰੈਂਟ ਭਾਰਤੀ ਖਾਣਿਆਂ ਦੀਆਂ ਮਹਿਕਾਂ ਖਿੰਡਾ ਰਹੇ ਹਨ। ਭਾਰਤ ਤੋਂ ਬੇਸ਼ੱਕ ਨਿਸ਼ਾ ਦੀ ਮਾਂ ਖਾਲੀ ਹੱਥ ਇੰਗਲੈਂਡ ਆਈ ਸੀ ਪਰ ਵਕਾਲਤ ਪੇਸ਼ੇ ਤੋਂ ਰਸੋਈ ਵੱਲ ਪਰਤੀ ਨਿਸ਼ਾ ਦੇ ਕਾਰੋਬਾਰ ਵਿੱਚੋਂ ਸਾਲਾਨਾ ਲਗਭਗ ਇੱਕ ਲੱਖ ਪੌਂਡ ਖੈਰਾਤੀ ਸੰਸਥਾਵਾਂ ਨੂੰ ਜਾਂਦਾ ਹੈ। ਉਹ ਸਿਰਫ ਆਪਣੇ ਰੈਸਟੋਰੈਂਟਾਂ ਦੇ ਕਾਰੋਬਾਰ ਤੱਕ ਹੀ ਸੀਮਤ ਨਾ ਰਹਿ ਕੇ ਇੱਕ ਭੋਜਨ ਬਨਾਉਣ ਦੇ ਤਰੀਕੇ ਸਿਖਾਉਣ ਵਾਲੀ ਲੇਖਿਕਾ ਅਤੇ ਟੈਲੀਵਿਜ਼ਨ ਪੇਸ਼ਕਾਰਾ ਵਜੋਂ ਵੀ ਜਾਣੀ ਜਾਂਦੀ ਹੈ। ਨਿਸ਼ਾ ਨੇ ਹੁਣ ਤੱਕ ਤਿੰਨ ਕਿਤਾਬਾਂ "ਪਿੰਪ ਮਾਈ ਰਾਈਸ", "ਦ ਸਪਾਇਸ ਟਰੀ" ਅਤੇ "ਦ ਮੋਗਲੀ ਸਟਰੀਟ ਫੂਡ" ਵੀ ਭਾਰਤੀ ਖਾਣਿਆਂ ਦੇ ਸ਼ੌਕੀਨਾਂ ਲਈ ਲਿਖੀਆਂ ਹਨ। ਪਾਣੀ ਪੂਰੀ ਅਤੇ ਗੋਲ ਗੱਪਿਆਂ ਸਮੇਤ ਬਹੁਤ ਸਾਰੇ ਭਾਰਤੀ ਖਾਣਿਆਂ ਦਾ ਆਨੰਦ ਲੈਣ ਲਈ ਗੋਰੇ ਗੋਰੀਆਂ ਉਸਦੇ ਰੈਸਟੋਰੈਂਟਾਂ 'ਚ ਵਹੀਰਾਂ ਘੱਤ ਆਉਂਦੇ ਹਨ। ਨਿਸ਼ਾ ਦੱਸਦੀ ਹੈ ਕਿ ਬੈਰਿਸਟਰ ਵਰਗੀ ਨੌਕਰੀ ਵੱਲੋਂ ਇੱਕਦਮ ਪਾਸੇ ਹੋਣਾ, ਆਰਥਿਕ ਵਸੀਲਿਆਂ 'ਚ ਗੜਬੜ ਪੈਦਾ ਕਰਨ ਵਰਗਾ ਕਦਮ ਸੀ। ਪਰ ਮਜ਼ਬੂਤ ਇੱਛਾ ਸ਼ਕਤੀ ਤੇ ਮਿਹਨਤ ਕਰਕੇ ਉਸਨੂੰ ਹੁਣ ਕੋਈ ਪਛਤਾਵਾ ਨਹੀਂ। ਨਿਸ਼ਾ ਆਪਣੀ ਮੁਹਾਰਤ ਨੂੰ ਚੈਨਲ 4, ਬੀ ਬੀ ਸੀ, ਆਈ ਟੀ ਵੀ ਅਤੇ ਫੂਡ ਨੈਟਵਰਕ ਆਦਿ ਚੈਨਲਾਂ ਰਾਹੀਂ ਪ੍ਰਸਾਰਿਤ ਕਰਦੀ ਰਹਿੰਦੀ ਹੈ।

# ਸਿੱਖ ਸੈਂਟਰ ਆਫ਼ ਸਾਨਫਰਾਂਸਿਸਕੋ (ਐਲਸਬਰਾਂਟੇ) ਵੱਲੋਂ ਸਾਹਿਤਕਾਰ ਚਰਨਜੀਤ ਸਿੰਘ ਪੰਨੂ ਦਾ ਸਨਮਾਨ



**ਐਲਸਬਰਾਂਟੇ/ਏਟੀ ਨਿਊਜ਼ :** ਸਾਹਿਤਕਾਰ ਚਰਨਜੀਤ ਸਿੰਘ ਪੰਨੂ ਨੇ ਐਲਸਬਰਾਂਟੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੇ ਰੂਬਰੂ ਹੁੰਦਿਆਂ ਆਪਣੀ ਬਾਈਵੀਂ ਪੁਸਤਕ ਪਕਿਸਤਾਨ ਸਫ਼ਰਨਾਮਾ 'ਮਿੱਟੀ ਦੀ ਮਹਿਕ' ਜੋ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਸਮਾਗਮਾਂ ਨੂੰ ਸਮਰਪਿਤ ਕੀਤੀ ਗਈ ਹੈ, ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਸਿੱਖ ਸੈਂਟਰ ਆਫ਼ ਸਾਨਫਰਾਂਸਿਸਕੋ ਬੇ ਏਰੀਆ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਜਿਸ ਨੇ ਪਾਕਿਸਤਾਨ ਸਫ਼ਰਨਾਮਾ ਵਾਸਤੇ ਵਿਸ਼ੇਸ਼ ਦਿਲਚਸਪੀ ਦਿਖਾਈ ਤੇ ਲੇਖਕ ਨੂੰ ਸੰਗਤਾਂ ਦੇ ਸਨਮੁੱਖ ਹੋਣ ਦਾ ਅਵਸਰ ਦਿੱਤਾ। ਉਨ੍ਹਾਂ ਮੁਤਾਬਕ ਇਹ ਪੁਸਤਕ ਪਾਕਿਸਤਾਨ ਬਾਰੇ ਜਾਣਨ ਵਾਸਤੇ ਗਾਈਡ ਸਾਬਤ ਹੋਵੇਗੀ। ਇਸ ਮੌਕੇ ਭਾਈ ਜਸਬੀਰ ਸਿੰਘ, ਕੁਲਵਿੰਦਰ ਸਿੰਘ, ਗੁਰੂ ਘਰ ਦੇ ਪ੍ਰਧਾਨ ਜਗਰੂਪ ਸਿੰਘ, ਤਾਨੀਸ਼ਾ ਕੌਰ ਸੰਧੂ ਜਨਰਲ ਸਕੱਤਰ, ਚਰਨਜੀਤ ਸਿੰਘ ਸਮਰਾ ਖ਼ਜ਼ਾਨਚੀ, ਲਖਵਿੰਦਰ ਸਿੰਘ ਪੰਨੂ, ਬਲਜਿੰਦਰ ਸਿੰਘ ਪੰਨੂ, ਜਥੇਦਾਰ ਸਰਵਣ ਸਿੰਘ ਨਿਹੰਗ ਤੇ ਹੋਰ ਮੈਂਬਰਾਂ ਨੇ ਚਰਨਜੀਤ ਸਿੰਘ ਪੰਨੂ ਦਾ ਸਨਮਾਨ ਕੀਤਾ।

# ਮਾਈਗ੍ਰੇਨ ਦਾ ਇਲਾਜ

ਜੇਕਰ ਤੁਸੀਂ ਮਾਈਗ੍ਰੇਨ ਕਾਰਨ ਸਿਰ ਦਰਦ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ ਤਾਂ ਤੁਸੀਂ ਜ਼ਰੂਰ ਕਿਸੇ ਅਸਰਦਾਰ ਇਲਾਜ ਦੀ ਭਾਲ 'ਚ ਹੋਵੋਗੇ। ਦਵਾਈਆਂ ਇਨਸਾਨ ਨੂੰ ਕਮਜ਼ੋਰ ਬਣਾ ਦੇਣ ਵਾਲੇ ਮਾਈਗ੍ਰੇਨ ਦੇ ਦਰਦ ਤੋਂ ਬਹੁਤੀ ਰਾਹਤ ਨਹੀਂ ਦੇ ਸਕਦੀਆਂ ਜਾਂ ਮਾਈਗ੍ਰੇਨ ਦੇ ਨਵੇਂ ਹਮਲਿਆਂ ਨੂੰ ਰੋਕ ਨਹੀਂ ਸਕਦੀਆਂ। ਇਹੀ ਕਾਰਨ ਹੈ ਕਿ ਲੋਕ ਹੋਰ ਇਲਾਜਾਂ ਪ੍ਰਤੀ ਆਕਰਸ਼ਿਤ ਹੁੰਦੇ ਹਨ ਜਿਨ੍ਹਾਂ 'ਚ ਹਰਬਲ ਇਲਾਜ ਵੀ ਸ਼ਾਮਲ ਹੁੰਦੇ ਹਨ। ਇਕ ਬੂਟੀ ਬਟਰਬਰ ਰੂਟ (ਪੇਟਸਾਇਟਸ ਹਾਰਡਬਰਾਈਡਸ) ਦੇ ਮਾਈਗ੍ਰੇਨ 'ਚ ਰਾਹਤ ਪ੍ਰਦਾਨ ਕਰਨ ਬਾਰੇ ਕਾਫੀ ਖੋਜ ਕੀਤੀ ਗਈ ਹੈ। ਇਹ ਇਕ ਝਾੜੀਨੁਮਾ ਪੌਦਾ ਹੈ ਜੋ ਡੇਜ਼ੀ ਭਾਵ



ਗੁਲਬਹਾਰ ਫੁੱਲ ਦੇ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਬਟਰਬਰ ਮੂਲ ਰੂਪ 'ਚ ਯੂਰਪ, ਉੱਤਰੀ ਅਫਰੀਕਾ ਅਤੇ ਦੱਖਣ-ਪੱਛਮੀ ਏਸ਼ੀਆ ਦਾ ਪੌਦਾ ਹੈ। ਪਰਪਲ ਬਟਰਬਰ ਦੇ ਨਾਂ ਨਾਲ ਬੁਲਾਏ ਜਾਣ ਵਾਲੇ ਇਸ ਪੌਦੇ ਦੇ ਤੱਤਾਂ ਦੀ ਵਰਤੋਂ ਯੂਰਪ 'ਚ ਮਾਈਗ੍ਰੇਨ ਦੇ ਇਲਾਜ 'ਚ ਕਈ ਦਹਾਕਿਆਂ ਤੋਂ ਕੀਤੀ ਜਾ ਰਹੀ ਹੈ। ਬਟਰਬਰ ਦੇ ਵਾਕਈ ਹੀ ਕੁਝ ਫਾਇਦੇ ਹਨ ਪਰ ਕਮੀਆਂ ਵੀ ਹਨ ਜਿਸ ਕਾਰਨ ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਕੁਝ ਸਾਵਧਾਨੀਆਂ ਵਰਤਣ ਦੀ ਲੋੜ ਹੈ।

**ਕੀ ਪਤਾ ਲੱਗੈ ਖੋਜ 'ਚ ?**

ਕੁਝ ਕਲੀਨਿਕਲ ਟ੍ਰਾਇਲਜ਼ 'ਚ ਪਤਾ ਲੱਗਾ ਹੈ ਕਿ ਬਟਰਬਰ ਦੀ ਵਰਤੋਂ ਮਾਈਗ੍ਰੇਨ ਦੀ ਪ੍ਰਕ੍ਰਿਤੀ, ਸਮੇਂ ਤੇ ਤੀਬਰਤਾ 'ਚ ਕਮੀ ਕਰ ਸਕਦੀ ਹੈ। ਉਦਾਹਰਣ ਲਈ ਮਾਈਗ੍ਰੇਨ ਤੋਂ ਪੀੜਤ 200 ਮਰੀਜ਼ਾਂ 'ਤੇ ਕੀਤੀ ਗਈ ਇਕ ਖੋਜ, ਜੋ ਇਕ ਰਸਾਲੇ 'ਨਿਊਰੋਲੌਜੀ' 'ਚ ਛਪੀ ਸੀ, 'ਚ ਦੇਖਿਆ ਗਿਆ ਸੀ ਕਿ ਚਾਰ ਮਹੀਨਿਆਂ ਤਕ ਰੋਜ਼ਾਨਾ 150 ਮਿਲੀਗ੍ਰਾਮ ਬਟਰਬਰ ਦੇ ਤੱਤਾਂ ਦਾ ਦੋ ਖੁਰਾਕਾਂ ਦੇ ਰੂਪ 'ਚ ਸੇਵਨ ਕਰਨ ਨਾਲ ਰੋਗੀਆਂ ਦੇ ਸਿਰ ਦਰਦ 'ਚ 48 ਫੀਸਦੀ ਕਮੀ ਆਈ। ਯੂਰਪੀਅਨ ਨਿਊਰੋਲੌਜੀ ਦੀ ਇਕ ਹੋਰ ਖੋਜ 'ਚ ਦੇਖਿਆ ਗਿਆ ਸੀ ਕਿ ਬਟਰਬਰ ਦੇ ਤੱਤਾਂ ਦੀ ਤਿੰਨ ਮਹੀਨਿਆਂ ਤਕ ਕੁਝ ਘੱਟ ਖੁਰਾਕ (100 ਮਿਲੀਗ੍ਰਾਮ) ਲੈਣ 'ਤੇ ਵੀ ਰੋਗੀਆਂ ਨੂੰ ਮਾਈਗ੍ਰੇਨ ਦਾ ਘੱਟ ਸਾਹਮਣਾ ਕਰਨਾ ਪਿਆ। ਸਾਲ 2007 'ਚ ਯੂਰਪੀਅਨ ਜਨਰਲ ਆਫ ਪੇਨ 'ਚ ਹੋਈ ਇਕ ਖੋਜ 'ਚ ਦੇਖਿਆ ਗਿਆ ਸੀ ਕਿ ਬਟਰਬਰ ਬੱਚਿਆਂ 'ਚ ਮਾਈਗ੍ਰੇਨ ਲਈ ਵੀ ਲਾਭਦਾਇਕ ਸਿੱਧ ਹੋ ਸਕਦਾ ਹੈ। ਦਿ ਅਮੇਰਿਕਨ ਅਕੈਡਮੀ ਆਫ ਨਿਊਰੋਲੌਜੀ ਇਸ ਨੂੰ ਮਾਈਗ੍ਰੇਨ ਦੇ ਇਲਾਜ ਲਈ ਇਕ ਅਸਰਦਾਰ ਡਰੱਗ ਦੇ ਰੂਪ 'ਚ ਪ੍ਰਭਾਸ਼ਿਤ ਕਰਦੀ ਹੈ। ਉਥੇ ਹੀ ਨੈਚੂਰਲ ਸਟੈਂਡਰਡ ਜੋ ਕੰਪਲੀਮੈਂਟਰੀ ਅਤੇ ਅਲਟਰਨੇਟਿਵ ਥੈਰੇਪੀਜ਼ ਦਾ ਮੁਲਾਂਕਣ ਕਰਦਾ ਹੈ, ਬਟਰਬਰ ਨੂੰ 'ਬੀ' ਗ੍ਰੇਡਿੰਗ ਦਿੰਦਾ ਹੈ। ਇਸ ਦਾ ਕਹਿਣਾ ਹੈ ਕਿ ਇਸ ਪਿੱਛੇ ਵਿਗਿਆਨਕ ਸਬੂਤ ਮੌਜੂਦ ਹਨ। ਇਸ ਦੇ ਬਾਵਜੂਦ ਕਈ ਮਾਹਿਰ ਇਸ ਬੂਟੀ 'ਤੇ ਵਧੇਰੇ ਖੋਜ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਲੰਬੇ ਸਮੇਂ ਦੇ ਅੰਕੜੇ ਨਾ ਹੋਣ ਕਾਰਨ ਇਸ ਦੇ ਸੁਰੱਖਿਅਤ ਹੋਣ 'ਤੇ ਵੀ ਚਿੰਤਾ ਜ਼ਾਹਿਰ ਕਰਦੇ ਹਨ। ਮੰਨਿਆ ਜਾਂਦਾ ਹੈ ਕਿ ਰੁਟੀਨ 'ਚ ਲੈਣ ਨਾਲ ਇਹ ਬੂਟੀ ਸਰੀਰ 'ਚ ਇਨਫਲਾਮੇਟਰੀ ਤੱਤਾਂ ਨੂੰ ਰੋਕ ਕੇ ਅਤੇ ਦਿਮਾਗ ਦੀਆਂ ਖੂਨ ਦੀਆਂ ਨਾੜੀਆਂ ਦੀ ਦੀਵਾਰ ਦੀਆਂ ਮਾਸਪੇਸ਼ੀਆਂ ਦੀ ਜਕੜਣ 'ਚ ਕਮੀ ਲਿਆਉਂਦੀ ਹੈ। ਇਸ ਗੱਲ ਦੇ ਕੋਈ ਸਬੂਤ ਨਹੀਂ ਹਨ ਕਿ ਇਹ ਮਾਈਗ੍ਰੇਨ ਦੇ ਵਿਕਸਿਤ ਹੋ ਜਾਣ ਜਾਂ ਪਿੱਛੋਂ ਹੋਰ ਤਰ੍ਹਾਂ ਦੇ ਸਿਰ ਦਰਦ 'ਚ ਲਾਭ ਦਿੰਦੀ ਹੋਵੇ।

**ਸਾਵਧਾਨੀਆਂ** : ਯਾਦ ਰੱਖੋ ਕਿ ਬਟਰਬਰ ਕੁਝ ਤਰ੍ਹਾਂ ਦੀਆਂ ਐਲਰਜਿਕ ਪ੍ਰਤੀਕਿਰਿਆਵਾਂ ਅਤੇ ਪੇਟ ਦੀਆਂ ਪ੍ਰੇਸ਼ਾਨੀਆਂ (ਖਾਸ ਕਰ ਡਕਾਰ ਆਉਣਾ ਪਰ ਕਦੇ-ਕਦੇ ਚੱਕਰ ਜਾਂ ਪੇਟ 'ਚ ਦਰਦ ਵੀ ਹੋ ਸਕਦਾ ਹੈ) ਦਾ ਕਾਰਨ ਬਣ ਸਕਦਾ ਹੈ। ਸਭ ਤੋਂ ਵਧੇਰੇ ਚਿੰਤਾ ਦਾ ਕਾਰਨ ਹੈ ਬਟਰਬਰ 'ਚ ਕੁਦਰਤੀ ਰੂਪ 'ਚ ਪਾਏ ਜਾਣ ਵਾਲੇਪਾਇਰੋਲਿਜੀਡਾਇਨ ਐਲਕਾਲਾਇਡਸ ਜੋ ਲੀਵਰ ਲਈ ਜ਼ਹਿਰੀਲੇ ਹੋ ਸਕਦੇ ਹਨ। ਲੈਬਾਰਟਰੀ 'ਚ ਪਸ਼ੂਆਂ 'ਤੇ ਕੀਤੀ ਗਏ ਤਜਰਬੇ 'ਚ ਦੇਖਿਆ ਗਿਆ ਹੈ ਕਿ ਇਸ ਨਾਲ ਪਸ਼ੂਆਂ 'ਚ ਕੈਂਸਰ ਹੋ ਗਿਆ ਸੀ, ਇਸ ਲਈ ਬਟਰਬਰ 'ਚੋਂ ਅਜਿਹੇ ਤੱਤ ਨੂੰ ਕੱਢ ਕੇ ਵੀ ਵਰਤਣਾ ਚਾਹੀਦੈ।

# ਫੈਸ਼ਨ ਦੀ ਵਧ ਰਹੀ ਹੋੜ



ਫੈਸ਼ਨ ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ। ਇਸ ਦਾ ਪੰਜਾਬੀ ਵਿੱਚ ਮਤਲਬ ਹੈ ਆਪਣੇ-ਆਪ ਨੂੰ ਸੁੰਦਰ ਬਣਾਉਣਾ। ਹਰ ਵਿਅਕਤੀ ਚਾਹੁੰਦਾ ਹੈ ਕਿ ਦੂਜਿਆਂ ਦੇ ਮੁਕਾਬਲੇ ਲੋਕਾਂ ਦੀਆਂ ਨਜ਼ਰਾਂ ਵਿੱਚ ਉਹ ਚੰਗਾ ਜਾਂ ਸੋਹਣਾ ਲੱਗੇ, ਜਦਕਿ ਇਸ ਦਾ ਸਬੰਧ ਸਿਰਫ਼ ਬਾਹਰਲੀ ਦੁਨੀਆਂ ਨਾਲ ਹੀ ਹੁੰਦਾ ਹੈ। ਇਸ ਲਈ ਇਨਸਾਨ ਚੰਗੇ-ਚੰਗੇ ਕੱਪੜੇ ਪਾਉਂਦਾ ਹੈ ਜਾਂ ਫਿਰ ਆਪਣੇ ਵੱਲੋਂ ਪੂਰੀ ਤਿਆਰੀ ਕਰਦਾ ਹੈ ਪਰ ਅੱਜ ਫੈਸ਼ਨ ਘੱਟ ਕੱਪੜਿਆਂ ਤਕ ਸੀਮਤ ਹੁੰਦਾ ਜਾ ਰਿਹਾ ਹੈ। ਅੱਜ ਦੇ ਅਦਾਕਾਰ, ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਭੜਕੀਲੇ ਕੱਪੜੇ ਪਾਉਂਦੇ ਹਨ ਤੇ ਨੌਜਵਾਨ ਮੁੰਡੇ-ਕੁੜੀਆਂ ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਹੀ ਫੈਸ਼ਨ ਕਰਦੇ ਹਨ।

ਚਾਹੇ ਕਿੰਨੇ ਵੀ ਪੈਸੇ ਖਰਚ ਹੋ ਜਾਣ, ਉਹ ਆਪਣੀ ਇੱਛਾ ਪੂਰੀ ਕਰਨ ਲਈ ਹਰ ਸੰਭਵ ਯਤਨ ਕਰਦੇ ਹਨ। ਉਨ੍ਹਾਂ ਦੇ ਪਿੱਛੇ ਲੱਗ ਕੇ ਗ਼ਰੀਬ ਮੁੰਡੇ-ਕੁੜੀਆਂ ਜਾਂ ਦਰਮਿਆਨੇ ਦਰਜੇ ਦੇ ਘਰਾਂ ਦੇ ਮੁੰਡੇ-ਕੁੜੀਆਂ ਵੀ ਉਹੀ ਫੈਸ਼ਨ ਕਰਦੇ ਹਨ, ਉਨ੍ਹਾਂ ਨੂੰ ਇਹ ਪ੍ਰਵਾਹ ਨਹੀਂ ਹੁੰਦੀ ਕਿ ਉਨ੍ਹਾਂ ਦੇ ਘਰ ਕੀ ਮੁਸ਼ਕਲ ਹੈ। ਪਹਿਲਾਂ ਔਰਤਾਂ ਆਪਣੇ ਸਰੀਰ ਨੂੰ ਵੱਧ ਤੋਂ ਵੱਧ ਢੱਕ ਕੇ ਰੱਖਦੀਆਂ ਸਨ ਪਰ ਹੁਣ ਫੈਸ਼ਨ ਦੀ ਦੁਨੀਆਂ ਵਿੱਚ ਹੌਲੀ-ਹੌਲੀ ਪੰਜਾਬਣ ਦੀ ਚੁੰਨੀ ਵੀ ਸਿਰ ਤੋਂ ਉੱਤਰ ਰਹੀ ਹੈ। ਜੇ ਗੱਲ ਕੀਤੀ ਜਾਵੇ ਅੱਜ ਦੀ ਨੌਜਵਾਨ ਪੀੜ੍ਹੀ ਦੀ ਤਾਂ ਕੁਝ ਨੌਜਵਾਨ ਅੱਜ-ਕੱਲ੍ਹ ਸਰਦੀਆਂ ਦੇ ਮੌਸਮ ਵਿੱਚ ਵੀ ਬਿਨਾਂ ਠੰਡ ਦੇ ਡਰੋਂ ਅੱਧੀਆਂ ਬਾਹਾਂ ਵਾਲੀ ਕਮੀਜ਼ ਪਾ, ਉਪਰੋਂ ਦੀ ਸਵਾਟਰ ਪਾ ਕੇ ਰੱਖਦੇ ਹਨ। ਜੇ ਉਨ੍ਹਾਂ ਨੂੰ ਪੁੱਛੀਏ ਕਿ ਤੁਹਾਨੂੰ ਠੰਡ ਨਹੀਂ ਲੱਗ ਰਹੀ ਤਾਂ ਕਹਿੰਦੇ ਹਨ ਕਿ ਇਹ ਤਾਂ ਫੈਸ਼ਨ ਦਾ ਜ਼ਮਾਨਾ ਹੈ। ਇਸ ਫੈਸ਼ਨ ਦੀ ਹੋੜ ਵਿੱਚ ਕੋਈ ਵੀ ਪਿੱਛੇ ਨਹੀਂ ਰਹਿਣਾ ਚਾਹੁੰਦੇ।

ਅਸਲ ਵਿੱਚ ਫੈਸ਼ਨ ਹੱਦ ਤਕ ਰਹਿ ਕੇ ਵੀ ਕੀਤਾ ਜਾ ਸਕਦਾ ਹੈ, ਜੋ ਕਿ ਤੁਹਾਡੇ ਮਾਂ-ਬਾਪ, ਭੈਣ, ਭਰਾ ਜਾਂ ਦੋਸਤ-ਮਿੱਤਰ ਨੂੰ ਚੰਗਾ ਲੱਗੇ ਅਤੇ ਉਸ ਨੂੰ ਦਿਲੋਂ ਸਲਾਹੁਣ। ਜੇ ਪੰਜਾਬੀ ਸੱਭਿਆਚਾਰ ਨੂੰ ਮੁੱਖ ਰੱਖ ਕੇ ਪੰਜਾਬੀ ਲੋਕ, ਖਾਸ ਕਰਕੇ ਨੌਜਵਾਨ ਮੁੰਡੇ-ਕੁੜੀਆਂ ਫੈਸ਼ਨ ਕਰਨ ਤਾਂ ਦੁਨੀਆਂ ਵਿੱਚ ਪੰਜਾਬੀ ਪਹਿਰਾਵੇ ਵਰਗਾ ਕੁਝ ਵੀ ਨਹੀਂ।

**-ਜਗਦੀਪ ਬੱਲ**

# ਅਨੇਕ ਰੋਗਾਂ ਦਾ ਇਲਾਜ ਹੈ ਤੁਲਸੀ

- ਤੁਲਸੀ ਦੇ ਪੱਤਿਆਂ ਨੂੰ ਚਾਹ ਵਾਂਗ ਉਬਾਲ ਕੇ ਪੀਣ ਨਾਲ ਦਸਤ ਬੰਦ ਹੋ ਜਾਂਦੇ ਹਨ।
- ਤੁਲਸੀ ਦਾ ਪਾਚਾਂਗ ਅਤੇ ਜਾਇਫਲ ਦਾ ਚੂਰਨ ਇਕੱਠੇ ਖਾਣ ਨਾਲ ਪੇਚਿਸ਼ ਦੀ ਤਕਲੀਫ ਦੂਰ ਹੁੰਦੀ ਹੈ।
- ਤੁਲਸੀ ਦੇ ਬੀਜਾਂ ਦਾ ਸ਼ਰਬਤ (ਮਿਸ਼ਰੀ ਵਾਲਾ) ਪੀਣ ਨਾਲ ਪੇਚਿਸ਼ ਤੋਂ ਲਾਭ ਮਿਲਦਾ ਹੈ।
- ਤੁਲਸੀ ਦਾ ਰੱਸ ਇਕ ਤੋਲਾ ਹਰ ਰੋਜ਼ ਪੀਣ ਨਾਲ ਬੁਖਾਰ ਦੂਰ ਹੋ ਜਾਂਦਾ ਹੈ।
- ਤੁਲਸੀ ਦੇ ਪੱਤੇ 10, ਬੇਲ ਦੇ ਪੱਤੇ 5, ਹਰਸਿੰਗਾਰ ਦੇ ਪੱਤੇ 2, ਕਾਲੀ ਮਿਰਚ 5, ਇਹ ਸਾਰੇ ਪਾਣੀ ਵਿਚ ਪੀਸ ਕੇ ਪੀਓ।
- ਸੁੱਕੇ ਤੁਲਸੀ ਦੇ ਪੱਤਿਆਂ ਦਾ ਚੂਰਨ ਚਿਲਮ ਦੇ ਤੰਬਾਕੂ ਦੀ ਤਰ੍ਹਾਂ ਪੀਣ ਨਾਲ ਜ਼ੁਕਾਮ ਤੋਂ ਰਾਹਤ ਮਿਲਦੀ ਹੈ।
- ਤੁਲਸੀ ਦੀਆਂ ਪੱਤੀਆਂ ਦਾ ਰਸ ਕੱਢ ਕੇ ਗੁੱਦੇ ਮੁੱਖ 'ਤੇ ਲਾਉਣ ਨਾਲ ਅਰਸ਼ ਰੋਗ ਤੋਂ ਲਾਭ ਮਿਲਦਾ ਹੈ ਅਤੇ ਮੱਸੇ ਮਿੱਟ ਜਾਂਦੇ ਹਨ।
- ਤੁਲਸੀ ਦੇ ਬੀਜ ਤਿੰਨ ਮਾਸਾ ਪੀਸ ਕੇ ਦਹੀਂ ਵਿਚ ਮਿਲਾ ਕੇ ਰੋਗੀ ਨੂੰ ਖਿਲਾਉਣ ਨਾਲ ਬਵਾਸੀਰ ਤੋਂ ਲਾਭ ਮਿਲਦਾ ਹੈ।
- ਤੁਲਸੀ ਦੇ ਪੱਤਿਆਂ ਨੂੰ ਪੀਸ ਕੇ ਮੱਠੇ ਵਿਚ ਮਿਲਾ ਕੇ ਪੀਣ ਨਾਲ ਬਵਾਸੀਰ ਮਿੱਟ ਜਾਂਦੀ ਹੈ।

–ਪਰਸ਼ੂਰਾਮ ਸੰਬਲ

# ਜਲੇਬੀਆਂ ਦੀ ਲਜੀਜ਼ ਡਿਸ਼





ਜਲੇਬੀ ਦੀ ਪੁਡਿੰਗ ਮਹਿਮਾਨਾਂ ਅਤੇ ਪਰਿਵਾਰਾਂ ਅੰਦਰ ਖਾਣ ਦਾ ਖਾਸ ਹੀ ਸ਼ੌਕ ਹੁੰਦਾ ਹੈ। ਪੰਜਾਬੀਆਂ ਦਾ ਲੱਡੂਆਂ ਅਤੇ ਜਲੇਬੀਆਂ ਖਾਣ ਦਾ ਆਪਣਾ ਹੀ ਸੁਭਾਅ ਹੈ ਪਰ ਜੇ ਜਲੇਬੀਆਂ ਨੂੰ ਖਾਸ ਢੰਗ ਨਾਲ ਖਾਣ ਲਈ ਪਰੋਸਿਆ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ। ਇਸ ਮੰਤਵ ਲਈ ਘਰ ਵਿੱਚ ਪਈਆਂ ਜਲੇਬੀਆਂ ਵੀ ਵਰਤੋਂ ਵਿੱਚ ਆ ਸਕਦੀਆਂ ਹਨ ਪਰ ਤਾਜ਼ਾ ਜਲੇਬੀਆਂ ਨੂੰ ਇਸਤੇਮਾਲ ਕਰਨ ਨਾਲ ਤਾਜ਼ਗੀ ਤੇ ਸਵਾਦ ਵਿੱਚ ਹੋਰ ਵਾਧਾ ਹੁੰਦਾ ਹੈ। ਉਂਜ ਇਸ ਨੂੰ ਤਿਆਰ ਕਰਨ ਦੀ ਵਿਧੀ ਸਧਾਰਨ ਹੈ।

**ਸਮੱਗਰੀ:** ਜਲੇਬੀ ਇੱਕ ਕਿਲੋ, ਰਬੜੀ 750 ਗ੍ਰਾਮ, ਕੱਟੇ ਹੋਏ ਬਦਾਮ, ਕਾਜੂ , ਕਿਸ਼ਮਿਸ਼ ਇੱਕ ਕਟੋਰੀ।

**ਵਿਧੀ:** ਇੱਕ ਓਵਨ ਪਰੂਫ ਸ਼ੀਸ਼ੇ ਦਾ ਡੌਂਗਾ ਲੈ ਕੇ ਅੰਦਰੋਂ ਤੇਲ ਨਾਲ ਚੋਪੜ ਲਉ। ਇਸ ਵਿੱਚ ਜਲੇਬੀਆਂ ਤੋੜ ਕੇ ਪਾਈਆਂ ਜਾਣ। ਜਲੇਬੀਆਂ ਦੀ ਇੱਕ ਤੈਅ ਬਿਠਾਉਣ ਬਾਅਦ ਬਾਅਦ ਕੱਟੇ ਹੋਏ ਮੇਵੇ ਪਾਏ ਜਾਣ। ਇਸ ਬਾਅਦ ਤੋੜੀਆਂ ਜਲੇਬੀਆਂ ਦੀ ਇੱਕ ਹੋਰ ਤੈਅ ਬਣਾਈ ਜਾਵੇ। ਇਸੇ ਤਰ੍ਹਾਂ ਇਨ੍ਹਾਂ ਜਲੇਬੀਆਂ 'ਤੇ ਮੇਵਿਆਂ ਦੀ ਤੈਅ ਬਣਾਈ ਜਾਵੇ। ਇਸ ਤਰ੍ਹਾਂ ਕਰਕੇ ਸਾਰੀ ਸਮੱਗਰੀ ਭਰ ਲਈ ਜਾਵੇ ਪਰ ਉਪਰ ਤੋਂ ਇੱਕ ਇੰਚ ਜਗ੍ਹਾ ਖਾਲੀ ਰੱਖੀ ਜਾਵੇ। ਇਸ ਉਪਰ ਰਬੜੀ ਪਾ ਦਿੱਤੀ ਜਾਵੇ ਜੋ ਕਿ ਆਪਣੇ ਆਪ ਹੇਠਾਂ ਤਕ ਚਲੀ ਜਾਵੇਗੀ। ਫਿਰ ਓਵਨ ਵਿੱਚ ਰੱਖ ਕੇ ਹਲਕੇ ਸੇਕ ਨਾਲ ਪਕਾਇਆ ਜਾਵੇ। ਤਕਰੀਬਨ 20 ਤੋਂ 30 ਮਿੰਟ ਤਕ ਇਸ ਨੂੰ ਸੇਕ ਦਿੱਤਾ ਜਾਵੇ। ਜਦੋਂ ਇਸ ਦਾ ਰੰਗ ਭੂਰਾ ਹੋ ਜਾਵੇ ਤਾਂ ਗਰਮ ਪੁਡਿੰਗ ਖਾਣ ਲਈ ਤਿਆਰ ਹੈ। ਇਸ ਨੂੰ ਪਰਿਵਾਰ ਦੇ ਮੈਂਬਰਾਂ ਅਤੇ ਆਏ ਮਹਿਮਾਨਾਂ ਨੂੰ ਪਰੋਸ ਕੇ ਖਾਣ ਦਾ ਮਜ਼ਾ ਲਿਆ ਜਾਵੇ।

**-ਜਤਿੰਦਰ ਸੋਹੀ**

## ਉਪਯੋਗੀ ਨੁਸਖੇ

- ਭੁੰਨੇ ਹੋਏ ਬੈਂਗਣ ਦੀ ਛਿੱਲ ਆਸਾਨੀ ਨਾਲ ਨਹੀਂ ਲੱਥਦੀ। ਇਸਦੇ ਲਈ ਭੁੰਨੇ ਬੈਂਗਣ ਨੂੰ ਤੁਰੰਤ ਢਕ ਕੇ ਰੱਖ ਦਿਓ, ਛਿੱਲ ਆਸਾਨੀ ਨਾਲ ਲੱਥ ਜਾਵੇਗੀ।
- ਬਰੈਡ ਦੇ ਕਿਨਾਰਿਆਂ ਦੇ ਚੂਰਾ ਪਕੌੜੇ ਬਣਾਉਣ ਵੇਲੇ ਵੇਸਣ ਦੇ ਘੋਲ ਵਿਚ ਪਾ ਦਿਓ, ਪਕੌੜੇ ਸਵਾਦ ਬਣਨਗੇ।
- ਚਾਵਲ ਪਕਾਉਣ ਵੇਲੇ ਉਨ੍ਹਾਂ ਵਿਚ ਇਕ ਚਮਚ ਘਿਓ ਦਾ ਪਾ ਦਿਓ। ਜਦੋਂ ਉਹ ਪਕ ਜਾਣ ਤਾਂ ਉਨ੍ਹਾਂ ਵਿਚ ਨਿੰਬੂ ਦਾ ਰਸ ਪਾ ਦਿਓ। ਇਸ ਨਾਲ ਚਾਵਲ ਖਿੜੇ ਹੋਏ ਤੇ ਚਿੱਟੇ ਬਣਨਗੇ।
- ਭਿੰਡੀਆਂ ਦੀ ਸਬਜ਼ੀ ਵਿਚ ਤਾਰ ਨਾ ਖਿੱਚੀ ਜਾਵੇ, ਇਸਦੇ ਲਈ ਉਸ ਵਿਚ ਨਿੰਬੂ ਦਾ ਰਸ ਪਾ ਦਿਓ।


Sir Speedy Tustin®
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Cartier
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
1 color in 1 position. Min Qty. 100
YOUR LOGO HERE
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਫ਼ਿਲਮਾਂ ਰਾਹੀਂ ਪ੍ਰਚਾਰ

ਜਲਦ ਹੀ ਰਿਲੀਜ਼ ਕੀਤੀ ਜਾਵੇਗੀ ਤੇ ਯੂ-ਟਿਊਬ ਵਿਚ ਪਾ ਦਿੱਤੀ ਗਈ ਹੈ। ਇਸ ਮੌਕੇ ਪੱਤਰਕਾਰਾਂ ਨੂੰ ਇਹ ਫ਼ਿਲਮ ਵੀ ਦਿਖਾਈ ਗਈ।

ਇਸ ਫ਼ਿਲਮ ਦੇ ਪ੍ਰੋਡਿਊਸਰ ਪਰਮਿੰਦਰਪਾਲ ਸਿੰਘ ਖਾਲਸਾ ਅਤੇ ਕੋ-ਪ੍ਰਡਿਊਸਰ ਸਵਰਨਜੀਤ ਸਿੰਘ ਖਾਲਸਾ ਯੂਐਸਏ ਤੇ ਮਨਪ੍ਰੀਤ ਸਿੰਘ ਯੂਕੇ ਹਨ। ਇਸ ਫ਼ਿਲਮ ਵਿਚ ਮੁੱਖ ਭੂਮਿਕਾ ਮਨਮੀਤ ਸਿੰਘ (ਮੁੰਬਈ) ਵੱਲੋਂ ਨਿਭਾਈ ਗਈ ਹੈ, ਜੋ ਕਿ ਪਹਿਲਾਂ ਵੀ ਕਈ ਸਮਾਜ ਸੁਧਾਰ ਦੀਆਂ ਫ਼ਿਲਮਾਂ ਅਤੇ ਸਿੱਖ ਫ਼ਿਲਮਾਂ ਬਣਾ ਚੁੱਕੇ ਹਨ ਤੇ ਆਪ ਵੀ ਨਾਇਕ ਵਜੋਂ ਰੋਲ ਨਿਭਾ ਚੁੱਕੇ ਹਨ। ਇਸ ਫ਼ਿਲਮ ਵਿਚ ਸਿੱਖ ਬੱਚੇ ਦਾ ਰੋਲ ਦਮਨਜੋਤ ਸਿੰਘ ਚੱਢਾ ਨੇ ਅਦਾ ਕੀਤਾ ਹੈ। ਇਸ ਫ਼ਿਲਮ ਵਿਚ ਸੰਨੀ ਗਿੱਲ, ਸੁਖਬੀਰ ਸਿੰਘ ਬਾਠ, ਇਕਬਾਲ ਸਿੰਘ, ਸੁਖਮਨਜੋਤ ਸਿੰਘ, ਹਰਲੀਨ ਕੌਰ, ਜਸਕੀਰਤ ਸਿੰਘ ਤੇ ਪਰਮਿੰਦਰ ਸਿੰਘ ਨੇ ਰੋਲ ਅਦਾ ਕੀਤਾ। ਪ੍ਰੈਸ ਕਾਨਫਰੰਸ ਮੌਕੇ ਫ਼ਿਲਮ ਦੀ ਸਮੁੱਚੀ ਟੀਮ ਦਾ ਜਰਨੈਲ ਹਰੀ ਸਿੰਘ ਨਲੂਏ ਮੈਡਲ, ਪੋਸਟਰ ਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ ਨੇ ਦੋ ਪੁਸਤਕਾਂ ਸਿੱਖ ਸੇਵਕ ਸੁਸਾਇਟੀ ਵੱਲੋਂ ਰਚਿਤ 'ਹੂ ਆਰ ਸਿੱਖਸ' ਅਤੇ ਆਰ ਐਸ ਐਸ ਵਿਰੁੱਧ ਪ੍ਰੋ. ਬਲਵਿੰਦਰਪਾਲ ਸਿੰਘ ਦੀ ਸੰਪਾਦਿਤ ਪੁਸਤਕ 'ਜਗਤ ਜਲੰਦਾ ਰਖਿ ਲੈ...' ਰਿਲੀਜ਼ ਕੀਤੀ ਗਈ। ਪਰਮਿੰਦਰਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਹੂ ਆਰ ਸਿੱਖਸ ਅਮਰੀਕਾ ਵਿਚ ਹੋ ਰਹੇ ਸਿੱਖਾਂ 'ਤੇ ਨਸਲਵਾਦੀ ਹਮਲਿਆਂ ਦਾ ਟਾਕਰਾ ਕਰਨ ਦੇ ਲਈ ਤੇ ਸਿੱਖਾਂ ਦੀ ਵੱਖਰੀ ਪਛਾਣ ਦੱਸਣ ਦੇ ਲਈ ਪਬਲਿਸ਼ ਕੀਤੀ ਗਈ ਹੈ। ਪਰਮਿੰਦਰਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਸਿੱਖ ਸੇਵਕ ਸੁਸਾਇਟੀ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਦੇ ਨਾਂ ਹੇਠ ਸਾਹਿਤਕ ਕਾਰਜ ਵੀ ਕਰ ਰਹੀ ਹੈ ਤੇ ਦੇਸ਼ਾਂ ਵਿਦੇਸ਼ਾਂ ਵਿਚ ਸਿੱਖ ਸਮਾਜ ਨੂੰ ਗਿਆਨ ਨਾਲ ਜੋੜਨ ਲਈ ਉੱਤਮ ਸਿੱਖ ਸਾਹਿਤ ਨਾਲ ਸੰਬੰਧਿਤ ਪੁਸਤਕਾਂ ਛਾਪੀਆਂ ਜਾ ਰਹੀਆਂ ਹਨ ਤੇ ਇਸ ਦੀਆਂ ਆਡੀਓ ਬੁਕਸ ਵੀ ਤਿਆਰ ਕੀਤੀਆਂ ਜਾਣਗੀਆਂ ਤਾਂ ਜੋ ਸਿੱਖ ਆਪਣੇ ਵਿਰਸੇ, ਸਾਹਿਤ, ਰਾਜਨੀਤੀ ਤੇ ਸਿੱਖ ਫਲਸਫੇ ਨਾਲ ਜੁੜ ਸਕਣ। ਉਨ੍ਹਾਂ ਕਿਹਾ ਕਿ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਗਿਆਨੀ ਦਿੱਤ ਸਿੰਘ ਵੱਲੋਂ ਤੋਰੀ ਸਿੰਘ ਸਭਾ ਲਹਿਰ ਅਜੋਕੇ ਸੰਦਰਭ ਵਿਚ ਫਿਰ ਕਾਇਮ ਕਰੇਗੀ ਤਾਂ ਜੋ ਸਿੱਖ ਕਰਮਕਾਂਡਾਂ, ਬ੍ਰਾਹਮਣਵਾਦ, ਜਾਤ-ਪਾਤ ਤੋਂ ਦੂਰ ਹੋ ਸਕਣ ਤੇ ਗਿਆਨ ਖੇਤਰ ਵਿਚ ਵਧ ਤੋਂ ਵਧ ਤਰੱਕੀ ਕਰਕੇ ਰਾਜਨੀਤੀ ਤੇ ਸਮਾਜ ਵਿਚ ਆਪਣੇ ਆਪ ਨੂੰ ਬੁਲੰਦ ਕਰ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮਲ ਚਰਨਜੀਤ ਸਿੰਘ ਹੈਪੀ, ਹਰਭਜਨ ਸਿੰਘ ਬੈਂਸ, ਮਹਿੰਦਰ ਸਿੰਘ ਚਮਕ, ਹਰਦੇਵ ਸਿੰਘ ਗਰਚਾ, ਦਵਿੰਦਰ ਸਿੰਘ ਅਨੰਦ, ਅਮਰਜੀਤ ਸਿੰਘ ਅਨੰਦ, ਮਨਿੰਦਰਜੀਤ ਸਿੰਘ ਦੂਆ, ਸ. ਰਾਜਾ ਸਿੰਘ, ਸ. ਸੰਤੋਖ ਸਿੰਘ, , ਗਗਨਦੀਪ ਸਿੰਘ ਆਦਿ ਹਾਜ਼ਰ ਸਨ।

## ਸੁਪਰੀਮ ਕੋਰਟ ਵਿਚ ਸਿੱਖ ਵਕੀਲ ਨੂੰ ਕਿਰਪਾਨ ਸਮੇਤ ਦਾਖ਼ਲ ਹੋਣੋਂ ਰੋਕਿਆ

ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਚੀਫ਼ ਜਸਟਿਸ ਰੰਜਨ ਗੋਗੋਈ ਨੂੰ ਇਸ ਮਾਮਲੇ ਦੀ ਸ਼ਿਕਾਇਤ ਭੇਜੀ ਹੈ ਤੇ ਜਵਾਬ ਦੀ ਉਡੀਕ ਕਰ ਰਹੇ ਹਨ।

ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਵੱਲੋਂ ਨਿੰਦਾ : ਸਰਬਉੱਚ ਅਦਾਲਤ ਵਿੱਚ ਅੰਮ੍ਰਿਤਧਾਰੀ ਵਕੀਲ ਨੂੰ ਕਿਰਪਾਨ ਸਮੇਤ ਜਾਣ ਦੇ ਮਾਮਲੇ ਦਾ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੰਵਿਧਾਨ ਅਨੁਸਾਰ ਵੀ ਅਜਿਹਾ ਕਿਤੇ ਵੀ ਦਰਜ ਨਹੀਂ ਪਰ ਫਿਰ ਵੀ ਕਿਰਪਾਨ ਸਮੇਤ ਆਪਣੀ ਕਿਰਤ ਕਰ ਰਹੇ ਸਿੱਖ ਨੂੰ ਰੋਕਣਾ ਨਿੰਦਣਯੋਗ ਹੈ। ਉਨ੍ਹਾਂ ਦੇਸ਼ ਦੇ ਚੀਫ਼ ਜਸਟਿਸ ਤੋਂ ਮੰਗ ਕੀਤੀ ਕਿ ਦੋਸ਼ੀ ਸੁਰੱਖਿਆ ਕਰਮੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹੀ ਹਰਕਤ ਨਾ ਕਰੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਨੂੰ ਸਿੱਖਾਂ ਦੀ ਧਾਰਮਿਕ ਆਜ਼ਾਦੀ ਵਿਰੁੱਧ ਦੱਸਿਆ ਹੈ। ਉਨ੍ਹਾਂ ਚੀਫ ਜਸਟਿਸ ਤੋਂ ਕਾਰਵਾਈ ਮੰਗੀ ਹੈ।

## ਹਿਮਾਚਲ ਵਿਚ ਭਾਜਪਾਈਆਂ ਨੇ ਸੰਸਕ੍ਰਿਤ ਬਣਾਈ ਦੂਜੀ ਭਾਸ਼ਾ

ਵਿੱਚ ਵਸਦੇ ਪੰਜਾਬੀਆਂ ਨਾਲ ਬਹੁਤ ਵੱਡਾ ਧੋਖਾ ਹੈ। ਕੌਂਸਲ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਦਹਾਕਾ ਪਹਿਲਾਂ ਪ੍ਰਦੇਸ਼ ਸਰਕਾਰ ਵੱਲੋਂ ਹਿਮਾਚਲ ਪ੍ਰਦੇਸ਼ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਸੀ ਪਰ ਮੌਜੂਦਾ ਸਰਕਾਰ ਨੇ ਉਸ ਫ਼ੈਸਲੇ ਨੂੰ ਪਲਟਦਿਆਂ ਘੱਟ ਗਿਣਤੀ ਵਿੱਚ ਬੋਲੀ ਜਾਂਦੀ ਇੱਕ ਭਾਸ਼ਾ ਨੂੰ ਬਹੁਗਿਣਤੀ ਭਾਸ਼ਾਈ ਗਿਣਤੀ ਦੇ ਲੋਕਾਂ ਉੱਪਰ ਥੋਪ ਦਿੱਤਾ ਹੈ ਜੋ ਕਿ ਸੰਵਿਧਾਨ ਕਦਰਾਂ ਕੀਮਤਾਂ ਦੇ ਬਿਲਕੁਲ ਉਲਟ ਹੈ। ਕੌਂਸਲ ਨੇ ਹਿਮਾਚਲ ਪ੍ਰਦੇਸ਼ ਦੇ ਰਾਜਪਾਲ ਤੇ ਮੁੱਖ ਮੰਤਰੀ, ਕੇਂਦਰੀ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਦੇ ਇਸ ਤਾਜ਼ਾ ਫ਼ੈਸਲੇ ਨੂੰ ਬਦਲਦੇ ਹੋਏ ਪੁਰਾਤਨ ਅਤੇ ਬਹੁ ਗਿਣਤੀ ਦੀ ਬੋਲੀ ਨੂੰ ਬਣਦਾ ਰੁਤਬਾ ਦੇ ਕੇ ਦੂਜੀ ਭਾਸ਼ਾ ਵਜੋਂ ਮੁੜ ਲਾਗੂ ਕਰਵਾਉਣ।

## ਸਿੱਖ ਰਹਿਤ ਮਰਿਯਾਦਾ ਅਤੇ ਅਖੰਡ ਪਾਠ ਸਾਹਿਬ

ਅਖ਼ਬਾਰ ਵਿਚ ਇਸ ਸੰਬਧੀ ਐੱਸਜੀਪੀਸੀ ਦੇ ਪ੍ਰਧਾਨ ਦਾ ਇਹ ਬਿਆਨ ਪੜ੍ਹ ਕੇ ਹੋਰ ਵੀ ਹੈਰਾਨੀ ਹੋਈ ਕਿ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਹੀ ਨਹੀਂ ਹੈ ਕਿ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਕੋਈ ਸ੍ਰੀ ਅਖੰਡ ਪਾਠ ਦੀ ਲੜੀ ਚੱਲ ਰਹੀ ਹੈ। ਇਸ ਤੋਂ ਇਕ ਅਰਥ ਤਾਂ ਇਹ ਨਿਕਲ ਰਿਹਾ ਹੈ ਕਿ ਸਿੱਖ ਸਿਰਮੌਰ ਸੰਸਥਾ ਪ੍ਰਤੱਖ ਤੌਰ 'ਤੇ ਬਾਦਲ ਪਰਿਵਾਰ ਦੇ ਦਬਦਬੇ ਹੇਠ ਹੈ, ਜਿਸ ਨੇ ਦਰਬਾਰ ਸਾਹਿਬ ਵਰਗੇ ਸਿੱਖਾਂ ਦੇ ਪਵਿੱਤਰ ਅਸਥਾਨ ਨੂੰ ਵੀ ਆਪਣੀ ਜਗੀਰ ਹੀ ਸਮਝ ਲਿਆ ਹੈ। ਦੂਜਾ ਇਹ ਕਿ ਐੱਸਜੀਪੀਸੀ ਆਪਣੀਆਂ ਧਾਰਮਿਕ ਜ਼ਿੰਮੇਵਾਰੀਆਂ ਪ੍ਰਤੀ ਆਪਣੀ ਸੰਜੀਦਗੀ ਨੂੰ ਛੱਡ ਰਾਜਨੀਤੀ ਵੱਲ ਵਧ ਧਿਆਨ ਦੇ ਰਹੀ ਹੈ।

"ਜੋ ਗਹੇ ਹੈ ਬਿਪਰਨ ਕੀ ਰੀਤ ਮੈ ਨਾ ਕਰੂੰ ਤਿਨ ਕੀ ਪ੍ਰਤੀਤ।"

## ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਸਰਕਾਰ ਪੱਬਾਂ ਭਾਰ

ਲਹਿੰਦੇ ਪੰਜਾਬ ਦੇ ਰਾਜਪਾਲ ਚੌਧਰੀ ਮੁਹੰਮਦ ਸਰਵਰ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਤੇ ਨਨਕਾਣਾ ਸਾਹਿਬ ਦੇ ਨਿਰਮਾਣ ਕਾਰਜਾਂ ਦਾ ਸਾਰਾ ਖ਼ਰਚ ਪਾਕਿਸਤਾਨ ਸਰਕਾਰ ਚੁੱਕੇਗੀ। ਉਨ੍ਹਾਂ ਕਿਹਾ ਕਿ ਕਰਤਾਰਪੁਰ ਲਾਂਘੇ ਨੂੰ ਖੋਲ੍ਹਣਾ ਇਕ ਇਤਿਹਾਸਕ ਫ਼ੈਸਲਾ ਹੈ ਤੇ ਸਿੱਖ ਭਾਈਚਾਰੇ ਨਾਲ ਸਬੰਧਤ ਹੋਣ ਕਰਕੇ ਪਾਕਿਸਤਾਨ ਸਰਕਾਰ ਇਸ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸਾਡੇ ਭੈਣ-ਭਰਾਵਾਂ ਵਾਂਗ ਹਨ ਤੇ ਸਰਕਾਰ ਉਨ੍ਹਾਂ ਦੇ ਹਿੱਤਾਂ ਦਾ ਧਿਆਨ ਰੱਖਣ ਲਈ ਹਰ ਸੰਭਵ ਕਦਮ ਚੁੱਕਦੀ ਹੈ। ਮੁਹੰਮਦ ਸਰਵਰ ਨੇ ਵਿਦੇਸ਼ਾਂ 'ਚ ਵੱਸਦੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਕਰਤਾਰਪੁਰ ਸਾਹਿਬ ਤੇ ਨਨਕਾਣਾ ਸਾਹਿਬ ਵਿਚ ਸਿੱਖਿਆ, ਹੋਟਲ ਕਾਰੋਬਾਰ ਤੇ ਸਨਅਤੀ ਖੇਤਰ ਵਿਚ ਨਿਵੇਸ਼ ਕਰਨ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ਼ ਉਹ ਸੇਵਾ ਦਾ ਕੰਮ ਕਰਨਗੇ ਸਗੋਂ ਉਨ੍ਹਾਂ ਨੂੰ ਚੰਗੀ ਆਮਦਨ ਵੀ ਹੋਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ 'ਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹ ਦਿੱਤਾ ਜਾਵੇਗਾ ਜਿਸ ਨਾਲ 12 ਕਰੋੜ ਸਿੱਖਾਂ ਦੀ ਚਿਰੋਕਣੀ ਮੰਗ ਪੂਰੀ ਹੋ ਜਾਵੇਗੀ। **ਕਿਸਾਨਾਂ ਨੇ ਕੀਤਾ ਇਤਰਾਜ਼ :** ਕਰਤਾਰਪੁਰ ਕੋਰੀਡੋਰ ਦੀਆਂ ਤਿਆਰੀਆਂ ਲਈ ਪਹਿਲਾਂ ਹੀ ਪਿੱਛੇ ਚੱਲ ਰਹੀ ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਵਿਚ ਕਿਸਾਨ ਵੱਡਾ ਅੜਿੱਕਾ ਬਣ ਸਕਦੇ ਹਨ, ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਵਿਚੋਂ ਸਰਕਾਰ ਇਹ ਕੋਰੀਡੋਰ ਕੱਢਣਾ ਚਾਹੁੰਦੀ ਹੈ, ਉਹ ਕਿਸਾਨ ਆਪਣੀ ਜ਼ਮੀਨ ਐਕਵਾਇਰ ਕਰਨ ਸਬੰਧੀ ਇਤਰਾਜ਼ ਜਤਾਉਣ ਲੱਗੇ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਜ਼ਮੀਨ ਬਦਲੇ ਸਰਕਾਰ ਜੋ ਮੁਆਵਜ਼ਾ ਦੇ ਰਹੀ ਹੈ, ਉਹ ਨਕਾਫ਼ੀ ਹੈ ਤੇ ਇਸੇ ਸਬੰਧੀ ਡੇਰਾ ਬਾਬਾ ਨਾਨਕ ਦੇ ਕਿਸਾਨਾਂ ਵੱਲੋਂ ਇਕੱਠੇ ਹੋ ਕੇ ਐਸ.ਡੀ.ਐਮ. ਦਫ਼ਤਰ ਵਿਚ ਆਪਣੇ ਇਤਰਾਜ਼ ਨਾਮੇ ਜਮ੍ਹਾ ਕਰਵਾਏ ਹਨ। ਕਿਸਾਨਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਸੰਨ 2014 ਵਿਚ ਤਰਨਤਾਰਨ-ਅੰਮ੍ਰਿਤਸਰ ਨੈਸ਼ਨਲ ਹਾਈਵੇ ਲਈ ਐਕਵਾਇਰ ਕੀਤੀ ਜ਼ਮੀਨ ਦੇ ਬਰਾਬਰ ਮੁਆਵਜ਼ਾ ਮਿਲੇ। ਕਈ ਕਿਸਾਨਾਂ ਕੋਲ ਡੇਢ ਤੋਂ 2 ਏਕੜ ਜ਼ਮੀਨ ਹੈ ਤੇ ਉਨ੍ਹਾਂ ਦੇ ਸਿਰਾਂ ਉਤੇ ਲੱਖਾਂ ਦਾ ਕਰਜ਼ਾ ਹੈ। ਸਰਕਾਰ ਉਨ੍ਹਾਂ ਨੂੰ ਮਹਿਜ਼ 20 ਤੋਂ 25 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇ ਰਹੀ ਹੈ, ਜੋ ਕਿਸਾਨਾਂ ਨੂੰ ਮਨਜ਼ੂਰ ਨਹੀਂ। ਕਿਸਾਨਾਂ ਮੁਤਾਬਿਕ ਇਸ ਮੁਆਵਜ਼ੇ ਨਾਲ ਤਾਂ ਉਨ੍ਹਾਂ ਦਾ ਕਰਜ਼ੇ ਹੀ ਉੱਤਰਨਗੇ ਜਿਸ ਤੋਂ ਬਾਅਦ ਉਨ੍ਹਾਂ ਨੂੰ ਰੋਟੀ ਦੇ ਲਾਲੇ ਪੈ ਸਕਦੇ ਹਨ।

ਜ਼ਿਕਰਯੋਗ ਹੈ ਕਿ ਡੇਰਾ ਬਾਬਾ ਨਾਨਕ ਵਿਚ ਜ਼ਿਆਦਾਤਰ ਕਿਸਾਨਾਂ ਕੋਲ ਡੇਢ ਤੇ 2 ਏਕੜ ਜ਼ਮੀਨ ਹੈ ਤੇ ਜ਼ਮੀਨ ਤੋਂ ਉਨ੍ਹਾਂ ਦੀ ਰੋਜ਼ੀ-ਰੋਟੀ ਚੱਲਦੀ ਹੈ। ਕਰੀਬ 5 ਸਾਲ ਪਹਿਲਾਂ ਤਰਨਤਾਰਨ-ਅੰਮ੍ਰਿਤਸਰ ਨੈਸ਼ਨਲ ਹਾਈਵੇ ਲਈ ਐਕਵਾਇਰ ਜ਼ਮੀਨ ਦੀ ਕੀਮਤ 80 ਲੱਖ ਤੋਂ 1-1 ਕਰੋੜ ਰੁਪਏ ਦਿੱਤੀ ਗਈ ਸੀ ਪਰ ਡੇਰਾ ਬਾਬਾ ਨਾਨਕ ਦੇ ਕਿਸਾਨਾਂ ਦੀ ਜ਼ਮੀਨ ਸਰਕਾਰ ਕਿਉਂ ਕੌਡੀਆਂ ਦੇ ਭਾਅ ਖ਼ਰੀਦ ਰਹੀ ਹੈ, ਇਹ ਵੱਡਾ ਸਵਾਲ ਹੈ।

ਭਾਰਤ ਵਾਲੇ ਪਾਸੇ ਲੱਗੀਆਂ ਦੂਰਬੀਨਾਂ ਹਟਾਈਆਂ : ਡੇਰਾ ਬਾਬਾ ਨਾਨਕ ਵਿਚ ਭਾਰਤ-ਪਾਕਿਸਤਾਨ ਸਰਹੱਦ ਉੱਤੇ ਬਣਿਆ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿੱਚ ਬਣੇ ਗੁਰਦੁਆਰਾ ਸਾਹਿਬ ਨੂੰ ਵੇਖਣ ਲਈ ਵਿਸ਼ੇਸ਼ ਅਸਥਾਨ ਉੱਤੇ ਪੁੱਜਣ ਵਾਲੀ ਸੰਗਤ ਹੁਣ ਨਿਰਾਸ਼ ਹੋ ਕੇ ਪਰਤ ਰਹੀ ਹੈ, ਕਿਉਂਕਿ ਇੱਥੇ ਲੱਗੀਆਂ ਤਿੰਨ ਦੂਰਬੀਨਾਂ ਹੁਣ ਹਟਾ ਦਿੱਤੀਆਂ ਗਈਆਂ ਹਨ। ਇਸ ਮਾਮਲੇ ਵਿੱਚ ਹੈਰਾਨੀ ਦੀ ਗੱਲ ਇਹ ਹੈ ਕਿ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਇਹ ਦੱਸਣ ਲਈ ਤਿਆਰ ਹੀ ਨਹੀਂ ਹੈ ਕਿ ਇਹ ਦੂਰਬੀਨਾਂ ਕਿਸ ਨੇ ਤੇ ਕਿਉਂ ਹਟਾਈਆਂ ਹਨ। ਇਸ ਅਸਥਾਨ ਉੱਤੇ 24 ਘੰਟੇ ਬੀਐੱਸਐੱਫ ਦੇ ਜਵਾਨਾਂ ਦਾ ਪਹਿਰਾ ਰਹਿੰਦਾ ਹੈ।

## ਪਾਕਿ ਸਥਿਤ ਜਰਨੈਲ ਹਰੀ ਸਿੰਘ ਨਲੂਆ ਦੀ ਹਵੇਲੀ ਦੀ ਨਵ ਉਸਾਰੀ ਮੁਕੰਮਲ

ਪਾਕਿਸਤਾਨ ਦੇ ਜ਼ਿਲ੍ਹਾ ਚੱਕਵਾਲ ਵਿਚ ਮੌਜੂਦ ਸ੍ਰੀ ਕਟਾਸ਼ਰਾਜ ਤੀਰਥ ਵਿਚਲੀ ਜਰਨੈਲ ਹਰੀ ਸਿੰਘ ਨਲੂਆ ਦੀ ਹਵੇਲੀ ਵਿਚ ਅਜਾਇਬ ਘਰ ਬਣਾਏ ਜਾਣ ਦਾ ਕੰਮ ਅੰਤਿਮ ਪੜਾਅ ਵਿਚ ਪਹੁੰਚ ਚੁੱਕਿਆ ਹੈ ਤੇ ਇਹ ਨਵਉਸਾਰੀ ਮੁਕੰਮਲ ਹੋਣ 'ਤੇ ਇਹ ਵਿਰਾਸਤੀ ਸਮਾਰਕ ਦਰਸ਼ਕਾਂ ਲਈ ਖੋਲ੍ਹ ਦਿੱਤਾ ਜਾਵੇਗਾ। ਹਰੀ ਸਿੰਘ ਨਲੂਆ ਦੀ ਹਵੇਲੀ ਨੂੰ 12 ਅਪ੍ਰੈਲ 1921 ਨੂੰ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਸੁਰੱਖਿਅਤ ਇਮਾਰਤ ਐਲਾਨਿਆ ਗਿਆ ਸੀ। ਉਸ ਤੋਂ ਬਾਅਦ ਸੰਨ 1956 ਵਿਚ ਪਾਕਿਸਤਾਨ ਸਰਕਾਰ ਨੇ ਇਸ ਨੂੰ ਮੁੜ ਸੁਰੱਖਿਅਤ ਇਮਾਰਤ ਐਲਾਨ ਦਿੱਤਾ ਪ੍ਰੰਤੂ ਇਸ ਦੇ ਬਾਵਜੂਦ ਦੇਸ਼ ਦੀ ਵੰਡ ਤੋਂ ਬਾਅਦ ਇਸ ਸਮਾਰਕ ਵਿਚ ਹੋਈ ਲੁੱਟ-ਖਸੁੱਟ ਦੇ ਚੱਲਦਿਆਂ ਇਹ ਹਵੇਲੀ ਇਕ ਖੰਡਰ ਵਿਚ ਤਬਦੀਲ ਹੋ ਗਈ। ਪਾਕਿਸਤਾਨ ਪੁਰਾਤਤਵ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਉਕਤ ਹਵੇਲੀ ਦੀ ਨਵਉਸਾਰੀ ਸਾਲ 2005 ਵਿਚ ਸ਼ੁਰੂ ਕੀਤੀ ਗਈ ਪਰ ਫ਼ੰਡਾਂ ਦੀ ਘਾਟ ਕਾਰਨ ਉਸਾਰੀ ਦਾ ਕੰਮ ਲੰਬੇ ਸਮੇਂ ਤੱਕ ਲਟਕਿਆ ਰਿਹਾ। ਹੁਣ ਨਵ-ਉਸਾਰੀ ਤੇ ਸੁੰਦਰੀਕਰਨ ਦੇ ਚੱਲਦਿਆਂ ਹਵੇਲੀ ਵਿਚਲੇ ਕੰਧ ਚਿੱਤਰਾਂ ਦੀ ਵੀ ਮੁਰੰਮਤ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਇਕ ਉੱਚੇ ਟਿੱਲੇ 'ਤੇ ਉਸਾਰੀ ਗਈ ਹਰੀ ਸਿੰਘ ਨਲੂਆ ਦੀ ਉਕਤ ਹਵੇਲੀ ਸਿੱਖ ਰਾਜ ਸਮੇਂ ਕਿਲ੍ਹੇ ਵਜੋਂ ਵੀ ਸੇਵਾਵਾਂ ਦਿੰਦੀ ਰਹੀ। ਇਸ ਦੀ 5 ਮੀਟਰ ਉੱਚੀ ਮਜ਼ਬੂਤ ਦੀਵਾਰ ਵਿਚ 4 ਬੁਰਜ ਵੀ ਬਣਾਏ ਗਏ ਹਨ ਅਤੇ ਹਵੇਲੀ ਦੇ ਅੰਦਰ 10 ਤੋਂ ਵਧੇਰੇ ਵੱਡੇ ਕਮਰੇ ਤੇ ਹੋਰ ਸਮਾਰਕ ਮੌਜੂਦ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਾਲ 1806 ਦੀ ਵਿਸਾਖੀ ਮੌਕੇ, ਦਸੰਬਰ 1818 ਅਤੇ ਸਾਲ 1824 ਵਿਚ ਇਸ ਹਵੇਲੀ ਦੇ ਦੌਰੇ ਲਈ ਆਉਣ ਦੇ ਵੇਰਵੇ ਹਨ।

## ਸਕਾਟਲੈਂਡ ਦੇ ਰੇਡੀਓ ਵੱਲੋਂ ਗੀਤਕਾਰ ਮਿਰਜ਼ਾ ਸੰਗੋਵਾਲੀਆ ਦੀ ਮਾਲੀ ਮਦਦ

ਦੀ ਟੀਮ ਪਿੰਡ ਸੰਗੋਵਾਲ ਗੀਤਕਾਰ ਮਿਰਜ਼ੇ ਦਾ ਹਾਲ ਪੁੱਛਣ ਪਹੁੰਚੀ। ਬੇਹੱਦ ਮਾਯੂਸੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਮਿਰਜ਼ਾ ਸੰਗੋਵਾਲੀਆ ਦਾ ਮੋਢਾ ਥਾਪੜਦਿਆਂ ਰੇਡੀਓ ਦੇ ਡਾਇਰੈਕਟਰ ਚਰਨਜੀਤ ਸੰਘਾ ਵੱਲੋਂ ਉਹਨਾਂ ਦੀ ਗਿਆਰਾਂ ਹਜ਼ਾਰ ਰੁਪਏ ਨਾਲ ਸਹਾਇਤਾ ਕੀਤੀ। ਇਸ ਪ੍ਰਤੀਨਿਧੀ ਨਾਲ ਗੱਲਬਾਤ ਕਰਦਿਆਂ ਚਰਨਜੀਤ ਸਿੰਘ ਸੰਘਾ ਨੇ ਕਿਹਾ ਕਿ ਗਾਇਕ ਤੇ ਲਿਖਾਰੀ ਕਿਸੇ ਵੀ ਖਿੱਤੇ ਦੇ ਸ਼ਾਂਤੀ ਦੂਤ ਹੁੰਦੇ ਹਨ। ਜੇਕਰ ਦੋਹਾਂ ਵਿੱਚੋਂ ਤਾਲ-ਮੇਲ ਘਟ ਜਾਵੇ ਤਾਂ ਉਸ ਖਿੱਤੇ ਦੇ ਸਮਾਜਿਕ ਵਾਤਾਵਰਣ ਵਿੱਚ ਵਿਗਾੜ ਉਤਪੰਨ ਹੋਣਾ ਲਾਜ਼ਮੀ ਹੈ। ਸੋ ਪੰਜਾਬੀ ਕਲਾਕਾਰਾਂ ਤੇ ਸੰਸਥਾਵਾਂ ਦਾ ਮੁੱਢਲਾ ਫਰਜ਼ ਬਣ ਜਾਂਦਾ ਹੈ ਕਿ ਉਹ ਆਰਥਿਕ ਮੰਦਹਾਲੀ ਦੇ ਸ਼ਿਕਾਰ ਗਾਇਕਾਂ, ਲਿਖਾਰੀਆਂ ਦੀ ਮਦਦ ਲਈ ਤਿਲ-ਫੁੱਲ ਜਰੂਰ ਭੇਟ ਕਰਦੇ ਰਹਿਣ ਤਾਂ ਜੋ ਸਮਾਜ ਉਹਨਾਂ ਦੀਆਂ ਕਲਾ-ਲਿਖਤਾਂ ਤੋਂ ਵਾਂਝਾ ਨਾ ਰਹੇ।

## ਅਕਾਲੀ ਦਲ, ਮੌਜੂਦਾ ਲੀਡਰਸ਼ਿਪ ਅਤੇ ਸਿੱਖ ਮੁੱਦਿਆਂ ਦੀ ਦਾਸਤਾਨ

ਮੁਆਫੀ ਦਿਤੀ ਗਈ, ਇਸ ਤੋਂ ਪਹਿਲਾਂ ਪਹਿਲੀ ਜੂਨ ਨੂੰ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋਣ ਦੀ ਘਟਨਾ ਵਾਪਰ ਚੁੱਕੀ ਸੀ। ਜਦੋਂ ਸਿੱਖ ਸੰਗਤ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਤਾਂ ਇਹ ਮੁਆਫੀ ਵਾਪਸ ਲੈ ਲਈ ਗਈ। ਸੋ, ਬੁਨਿਆਦੀ ਮਸਲਾ ਇਹ ਹੈ ਕਿ ਉਸ ਵੇਲੇ ਦੀ ਅਕਾਲੀ ਲੀਡਰਸ਼ਿਪ ਨੇ ਪੰਥਕ ਹਿਤਾਂ ਨੂੰ ਤਜ ਕੇ ਆਪਣੇ ਰਾਜਨੀਤਕ ਮੁਫਾਦਾਂ ਲਈ ਡੇਰੇ ਦੀ ਹਮਾਇਤ ਕੀਤੀ।

ਭਾਜਪਾ ਆਗੂ ਇਸ ਤੱਥ ਤੋਂ ਸੁਚੇਤ ਹਨ ਕਿ ਇਹ ਨਾਜ਼ੁਕ ਮਾਮਲਾ ਪੰਜਾਬ ਵਿਚ ਲੋਕ ਸਭਾ ਚੋਣਾਂ ਉੱਤੇ ਲਾਜ਼ਮੀ ਅਸਰ ਪਾਵੇਗਾ, ਇਸ ਲਈ ਉਹ ਬਦਲਵੀਂ ਰਣਨੀਤੀ ਬਾਰੇ ਵਿਚਾਰ ਕਰ ਰਹੇ ਹਨ। ਇਸ ਦੇ ਨਾਲ ਨੁਕਤਾ ਇਹ ਵੀ ਹੈ ਕਿ ਭਾਜਪਾ ਦੇ ਭਾਈਵਾਲਾਂ ਵਿਚੋਂ ਅਕਾਲੀ ਦਲ ਹੀ ਅਜਿਹੀ ਪਾਰਟੀ ਹੈ ਜੋ ਮਹੱਤਵਪੂਰਨ ਘੱਟਗਿਣਤੀ ਦੀ ਨੁਮਾਇੰਦਗੀ ਕਰਦੀ ਹੈ। ਉਂਜ, ਇਹ ਵੀ ਤੱਥ ਹੈ ਕਿ ਬਾਦਲਾਂ ਨੇ ਆਪ ਹੀ ਅਕਾਲੀ ਦਲ ਨੂੰ ਸਿੱਖ ਪਾਰਟੀ ਦੀ ਥਾਂ ਪੰਜਾਬੀਆਂ ਦੀ ਪਾਰਟੀ ਕਹਿਣ ਦਾ ਫੈਸਲਾ ਕੀਤਾ। ਭਾਜਪਾ ਵਲੋਂ ਅਕਾਲੀ ਦਲ ਨਾਲ ਗੱਠਜੋੜ ਜਾਰੀ ਰੱਖਣ ਦਾ ਇਹੀ ਕਾਰਨ ਹੋ ਸਕਦਾ ਹੈ ਕਿ ਉਹ ਮੂੰਹ ਰੱਖਣ ਲਈ ਹੀ ਸਹੀ, ਘੱਟਗਿਣਤੀ ਪਾਰਟੀ ਨਾਲ ਤਾਂ ਭਾਈਵਾਲੀ ਰੱਖਣਗੇ ਹੀ।

ਇਸ ਪੂਰੇ ਵਿਵਾਦ ਦਾ ਇਕ ਹੋਰ ਪੱਖ ਵੀ ਹੈ। ਖ਼ੁਦਮੁਖ਼ਤਾਰੀ ਦੀ ਮੰਗ ਅਕਾਲੀ ਦਲ ਦਾ ਪੁਰਾਣਾ ਏਜੰਡਾ ਰਹੀ ਹੈ ਅਤੇ ਇਹੀ ਉਹ ਕੇਂਦਰੀ ਮੁੱਦਾ ਸੀ ਜਿਸ ਤੇ ਪਾਰਟੀ ਨੇ 4 ਅਗਸਤ 1982 ਨੂੰ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਸੀ ਪਰ ਅਕਾਲੀ ਦਲ ਆਪ ਹੋਰਨਾਂ ਸੂਬਿਆਂ ਵਿਚ ਗੁਰਧਾਮਾਂ ਦੀ ਸੇਵਾ ਸੰਭਾਲ ਦੀ ਖੁਦਮੁਖ਼ਤਾਰੀ ਸਥਾਨਕ ਸਿੱਖਾਂ ਨੂੰ ਦੇਣ ਤੋਂ ਇਨਕਾਰੀ ਹੈ। ਇਹ ਪਹਿਲਾਂ ਹਰਿਆਣੇ ਵਿਚ ਵਾਪਰਿਆ, ਜਦੋਂ ਅਕਾਲੀ ਦਲ ਨੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਦਾ ਵਿਰੋਧ ਕੀਤਾ। ਹੁਣ ਅਕਾਲੀ ਦਲ ਆਪਣੇ ਦੋਹਰੇ ਮਾਪਦੰਡਾਂ ਨਾਲ ਮਹਾਰਾਸ਼ਟਰ ਦੇ ਸਿੱਖਾਂ ਦੀ ਮੰਗ ਨੂੰ ਇਸੇ ਤਰ੍ਹਾਂ ਉਡਾਉਣਾ ਚਾਹੁੰਦਾ ਹੈ। ਅਕਾਲੀ ਦਲ ਨੂੰ ਚਾਹੀਦਾ ਸੀ ਕਿ ਉਹ ਕੇਂਦਰ ਵਿਚ ਆਪਣੀ ਭਾਈਵਾਲੀ ਦੇ ਸਹਾਰੇ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਵਾਉਂਦੇ। ਪਾਰਟੀ ਲੰਮੇ ਸਮੇ ਤੋਂ ਪਹਿਲਾਂ ਐਨਡੀਏ ਵਿਚ ਅਤੇ ਹੁਣ ਮੋਦੀ ਸਰਕਾਰ ਵਿਚ ਭਾਈਵਾਲ ਹੈ, ਇਸ ਲਈ ਲੰਮੇ ਸੰਘਰਸ਼ ਦੇ ਦੌਰ ਦੀ ਇਕ ਮੰਗ ਤਾਂ ਮਨਾਈ ਹੀ ਜਾ ਸਕਦੀ ਸੀ।

## ਇਸ ਵਾਰ ਸੁਖਾਲ਼ੀ ਨਹੀਂ ਹੋਵੇਗੀ ਹਰਸਿਮਰਤ ਕੌਰ ਬਾਦਲ ਲਈ ਜਿੱਤ

ਉਂਝ, ਪੰਜਾਬ ਦੇ ਮਸਲਿਆਂ, ਸਿੱਖਾਂ ਦੇ ਮਾਮਲਿਆਂ ਵਿੱਚ ਦਖ਼ਲ, ਗੁਰੂਘਰਾਂ ਵਿੱਚ ਵਰਤਾਏ ਜਾਂਦੇ ਲੰਗਰ ਉੱਤੇ ਜੀਐੱਸਟੀ ਲਾਉਣ ਤੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਜਿਹੇ ਮੁੱਦਿਆਂ ਉੱਤੇ ਬੀਬਾ ਹਰਸਿਮਰਤ ਕੌਰ ਬਾਦਲ ਆਪਣੀ ਆਵਾਜ਼ ਜ਼ਰੂਰ ਬੁਲੰਦ ਕਰਦੇ ਰਹੇ ਹਨ। ਉਹ ਕਾਂਗਰਸ ਪਾਰਟੀ, ਖ਼ਾਸ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਕਰਨ ਦਾ ਵੀ ਕੋਈ ਮੌਕਾ ਨਹੀਂ ਗੁਆਉਂਦੇ। ਬੀਬਾ ਹਰਸਿਮਰਤ ਕੌਰ ਬਾਦਲ ਦੇ ਗ਼ੈਰ-ਸਰਕਾਰੀ ਸੰਗਠਨ ਵੱਲੋਂ ਕੀਤੇ ਭਲਾਈ ਦੇ ਕੁਝ ਕੰਮਾਂ ਤੋਂ ਇਲਾਵਾ ਉਨ੍ਹਾਂ ਦੇ ਜਤਨਾਂ ਸਦਕਾ ਹੀ ਬਠਿੰਡਾ ਵਿੱਚ 'ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼' ਜਿਹੇ ਵੱਡੇ ਹਸਪਤਾਲ ਅਤੇ ਮਾਨਸਾ ਵਿਖੇ ਕੁੜੀਆਂ ਦੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਦੀ ਸਥਾਪਨਾ ਸੰਭਵ ਹੋ ਸਕੀ ਹੈ। ਕੇਂਦਰ ਸਰਕਾਰ ਦੀ ਇੱਛਾ ਹੈ ਕਿ ਸਾਲ 2019 ਦੀਆਂ ਆਮ ਚੋਣਾਂ ਦਾ ਨੋਟੀਫ਼ਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਏਮਸ-ਬਠਿੰਡਾ ਵਿੱਚ 'ਆਊਟ-ਪੇਸ਼ੈਂਟ ਡਿਪਾਰਟਮੈਂਟ' ਵਿਖੇ ਕੰਮ ਸ਼ੁਰੂ ਹੋ ਜਾਵੇ। ਦੋ ਵਰ੍ਹੇ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਸਪਤਾਲ ਦਾ ਨੀਂਹ-ਪੱਥਰ ਰੱਖਿਆ ਸੀ।

ਬੀਬਾ ਹਰਸਿਮਰਤ ਕੌਰ ਬਾਦਲ ਦੱਸਦੇ ਹਨ ਕਿ ਉਨ੍ਹਾਂ ਪੰਜਾਬ ਵਿੱਚ ਤਿੰਨ ਮੈਗਾ ਫ਼ੂਡ ਪਾਰਕਸ, 19 ਕੋਲਡ ਚੇਨਜ਼ ਤੇ ਸੱਤ ਫ਼ੂਡ-ਟੈਸਟਿੰਗ ਲੈਬਾਰੇਟਰੀਜ਼ ਸਮੇਤ 41 ਪ੍ਰੋਜੈਕਟਾਂ ਵਿੱਚ 1,500 ਕਰੋੜ ਰੁਪਏ ਨਿਵੇਸ਼ ਕਰਵਾਏ ਹਨ। ਬੀਬਾ ਹਰਸਿਮਰਤ ਕੌਰ ਬਾਦਲ ਨੇ ਆਪਣੀਆਂ ਪ੍ਰਾਪਤੀਆਂ ਦੇ ਵੇਰਵੇ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਵਿੱਚ 41 ਪ੍ਰੋਜੈਕਟਾਂ ਲਿਆਂਦੇ ਜਿਨ੍ਹਾਂ ਉੱਤੇ 1,500 ਕਰੋੜ ਰੁਪਏ ਖ਼ਰਚ ਹੋਏ।

ਬੀਬਾ ਬਾਦਲ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਲੋਕ ਸਭਾ ਵਿੱਚ ਆਪਣੇ ਪਹਿਲੇ ਭਾਸ਼ਣ ਦੌਰਾਨ ਹੀ ਸੰਨ 1984 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਾ ਮੁੱਦਾ ਚੁੱਕਿਆ ਸੀ। ਫਿਰ ਲਗਾਤਾਰ ਇਸ ਮੁੱਦੇ ਉੱਤੇ ਕੰਮ ਕਰਦੀ ਰਹੀ। ਉਹ ਇੱਕ ਮੰਤਰੀ, ਐੱਮਪੀ ਤੇ 'ਨੰਨ੍ਹੀ ਛਾਂ' ਲਹਿਰ ਦੀ ਮੁਖੀ ਵਜੋਂ ਆਪਣੀ 120% ਕਾਰਗੁਜ਼ਾਰੀ ਦਾ ਦਾਅਵਾ ਕਰਦੇ ਹਨ। ਉਨ੍ਹਾਂ ਮੁਤਾਬਕ 'ਨੰਨ੍ਹੀ ਛਾਂ' ਲਹਿਰ ਰਾਹੀਂ 12,000 ਲੜਕੀਆਂ ਦਾ ਸਸ਼ਕਤੀਕਰਨ ਹੋਇਆ ਹੈ ਤੇ 25 ਲੱਖ ਪੌਦੇ ਲਾਏ ਗਏ ਹਨ। ਕੁਝ ਵੀ ਹੈ, ਹਾਲ ਦੀ ਘੜੀ ਬੀਬਾ ਹਰਸਿਮਰਤ ਕੌਰ ਬਾਦਲ ਦੀ ਸਥਿਤੀ ਸਮੁੱਚੇ ਬਠਿੰਡਾ ਹਲਕੇ ਵਿਚ ਨਾਜ਼ੁਕ ਬਣੀ ਹੋਈ ਹੈ।

## ਗੁਰੂ ਨਾਨਕ ਸਾਹਿਬ ਦੇ 550ਵੇਂ ਜਨਮ ਦਿਹਾੜੇ ਨੂੰ ਯਾਦਗਾਰੀ ਬਣਾਉਣ ਵਾਸਤੇ ਗਲੋਬਲ ਸਿੱਖ ਕੌਂਸਲ ਵੱਲੋਂ ਪਾਕਿ ਪ੍ਰਧਾਨ ਮੰਤਰੀ ਦਾ ਸਵਾਗਤ

ਸਰਹੱਦ ਦੇ ਦੋਵਾਂ ਪਾਸਿਆਂ ਦਾ ਖੇਤਰ ਨੂੰ ਵੀ ਕਰਤਾਰਪੁਰ ਲਾਂਘੇ ਰਾਹੀਂ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਹੀ ਉਹ ਮੁਕੱਦਸ ਅਸਥਾਨ ਹੈ ਜਿਸ ਵਿੱਚ ਭਾਈ ਲਹਿਣਾ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਉਪਾਧੀ ਹਾਸਲ ਕੀਤੀ ਸੀ। ਉਨ੍ਹਾਂ ਭਾਰਤ ਸਰਕਾਰ ਨੂੰ ਵੀ ਕਿਹਾ ਕਿ ਪਾਕਿ ਪ੍ਰਧਾਨ ਮੰਤਰੀ ਦੀਆਂ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਯੋਗ ਕਦਮ ਪੁੱਟਦਿਆਂ ਸ਼ੁਭ ਸੰਕੇਤ ਦੇਣੇ ਚਾਹੀਦੇ ਹਨ।

# ਮਨੂੰਵਾਦੀ ਹਾਕਮਾਂ ਖਿਲਾਫ ਕਮਿਊਨਿਸਟ ਪਾਰਟੀ ਵੱਲੋਂ ਅਵਾਜ਼ ਉਠਾਉਣਾ ਸ਼ੁਭ ਸੰਕੇਤ : ਸ਼੍ਰੋਮਣੀ ਅਕਾਲੀ ਦਲ (ਅ) ਯੂਕੇ

**ਲੰਡਨ/ਏਟੀ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ (ਅ) ਯੂਕੇ ਦੇ ਸਮੂਹ ਪਾਰਟੀ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬਿਆਨ ਜਾਰੀ ਕਰਦੇ ਹੋਏ ਪ੍ਰੈਸ ਸਕੱਤਰ ਸ. ਜਗਤਾਰ ਸਿੰਘ ਵਿਰਕ ਨੇ ਨਵਾਂ ਸ਼ਹਿਰ ਦੇ ਵਧੀਕ ਸੈਸ਼ਨ ਜੱਜ ਮਿ. ਰਣਧੀਰ ਵਰਮਾ ਦੁਆਰਾ 3 ਸਿੱਖਾਂ ਸ. ਅਰਵਿੰਦਰ ਸਿੰਘ, ਸ. ਸੁਰਿੰਦਰਜੀਤ ਸਿੰਘ ਅਤੇ ਸ. ਰਣਜੀਤ ਸਿੰਘ ਨੂੰ ਕਥਿਤ ਤੌਰ 'ਤੇ ਖ਼ਾਲਿਸਤਾਨ ਪੱਖੀ ਸਾਹਿਤ ਰੱਖਣ ਦੇ ਦੋਸ਼ ਵਿੱਚ ਉਮਰਕੈਦ ਦੀ ਸਜ਼ਾ ਵਿਲਾਫ ਸਮੂਹ ਇਨਸਾਫ ਪਸੰਦ ਲੋਕਾਈ ਤੇ ਸੀਪੀਆਈ. ( ਐਮਐਲ. ) ਲਿਬਰੇਸ਼ਨ ਵੱਲੋਂ ਮਨੂੰਵਾਦੀ ਡਿਕਟੇਟਰ ਹਾਕਮਾਂ ਖਿਲਾਫ ਦ੍ਰਿੜਤਾ ਪੂਰਵਕ ਸਟੈਂਡ ਲੈਣ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਇਸ ਨੂੰ ਪੰਜਾਬ ਲਈ ਸ਼ੁਭ ਸੰਕੇਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਸਲੀ ਲੋਕਤੰਤਰ ਆਪਣੇ ਨਾਗਰਿਕਾਂ ਨੂੰ ਸਮਾਨ ਰੂਪ ਵਿੱਚ ਬਿਨਾਂ ਕਿਸੇ ਭੇਦ ਭਾਵ ਦੇ ਅਜ਼ਾਦੀ ਨਾਲ ਜਿੰਦਗੀ ਜੀਣ ਦੇ ਹੱਕ ਪ੍ਰਦਾਨ ਕਰਦਾ ਹੈ, ਲੇਕਿਨ ਇੰਡੀਆ ਵਿੱਚ ਦੋਹਰੇ ਮਾਪਦੰਡ ਵਰਤੇ ਜਾਂਦੇ ਹਨ। 15 ਅਗਸਤ 1947 ਵਿੱਚ ਸਿਰਫ ਸੱਤਾ ਵਿਦੇਸ਼ੀ ਅੰਗਰੇਜ਼ਾਂ ਹੱਥੋਂ ਤਬਦੀਲ ਹੋ ਕੇ ਦੇਸੀ ਅੰਗਰੇਜ਼ਾਂ ਦੇ ਹੱਥ ਆ ਗਈ ਹੈ, ਜਿਸ ਵਿੱਚ ਘੱਟ ਗਿਣਤੀ ਕੌਮਾਂ ਅਤੇ ਦਲਿਤ ਭਾਈਚਾਰੇ ਨਾਲ ਹਮੇਸ਼ਾ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਵਰਤਾਉ ਕੀਤਾ ਜਾਂਦਾ ਹੈ। ਸੰਨ 2014 ਵਿੱਚ ਕੇਂਦਰ ਵਿੱਚ ਆਈ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਇਹ ਭੇਦਭਾਵ ਆਪਣੀ ਚਰਮਸੀਮਾ 'ਤੇ ਪੁੱਜ ਗਏ ਹਨ, ਜੇ ਇਸ ਸਾਲ ਹੋਣ ਵਾਲੀਆਂ ਆਮ ਚੋਣਾਂ ਵਿੱਚ ਬਾਕੀ ਪਾਰਟੀਆਂ ਅਤੇ ਵੋਟਰਾਂ ਨੇ ਬਣਦੀ ਜੁੰਮੇਵਾਰੀ ਨਾਂ ਨਿਭਾਈ ਤਾਂ ਨਤੀਜੇ ਘਾਤਕ ਹੋਣਗੇ।
ਉਨ੍ਹਾਂ ਕਿਹਾ ਕਿ ਅਮਰੀਕਾ ਸਮੇਤ ਪੱਛਮੀ ਦੇਸ਼ ਸਮੇਂ ਸਮੇਂ 'ਤੇ ਇਸ ਸਬੰਧੀ ਰਿਪੋਰਟਾਂ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ ਪਰ ਅਰਬ ਦੇਸ਼ਾਂ ਵਾਂਗ ਇੱਥੇ ਕਾਰਵਾਈ ਨਹੀਂ ਕਰਦੇ। ਡੈਮੋਕ੍ਰੇਸੀ ਦੀ ਦੋਹਰੀ ਨੀਤੀ ਦੇ ਚਲਦਿਆਂ ਨਵਾਂ ਸ਼ਹਿਰ ਦੇ ਵਧੀਕ ਸੈਸ਼ਨ ਜੱਜ ਮਿ. ਰਣਧੀਰ ਵਰਮਾ ਨੇ 3 ਸਿੱਖਾਂ ਸ. ਅਰਵਿੰਦਰ ਸਿੰਘ, ਸ. ਸੁਰਿੰਦਰਜੀਤ ਸਿੰਘ ਅਤੇ ਸ. ਰਣਜੀਤ ਸਿੰਘ ਨੂੰ ਕਥਿਤ ਤੌਰ 'ਤੇ ਖ਼ਾਲਿਸਤਾਨ ਪੱਖੀ ਸਾਹਿਤ ਰੱਖਣ ਦੇ ਦੋਸ਼ ਵਿੱਚ ਉਮਰਕੈਦ ਦੀ ਸਜ਼ਾ ਸੁਣਾਈ ਹੈ। ਇਸ ਜੁਰਮ ਨੂੰ ਦੇਸ਼ ਦੇ ਖਿਲਾਫ ਬਗਾਵਤ ਅਤੇ ਗੈਰਕਨੂੰਨੀ ਕਾਰਵਾਈ ਕਰਾਰ ਦਿੱਤਾ ਹੈ। ਸਮੁੱਚਾ ਨਿਜ਼ਾਮ ਹਿੰਦੀ, ਹਿੰਦੂ, ਹਿੰਦੋਸਤਾਨ ਦੇ ਨਾਹਰੇ ਹੇਠ ਇੰਡੀਆ ਨੂੰ ਹਿੰਦੂ ਰਾਸ਼ਟਰ ਬਣਾਉਣ ਅਤੇ ਘੱਟ ਗਿਣਤੀਆਂ ਅਤੇ ਦਲਿਤ ਭਾਈਚਾਰੇ 'ਤੇ ਹੋ ਰਹੇ ਹਮਲਿਆਂ ਦੇ ਬਾਵਜੂਦ ਉਨ੍ਹਾਂ ਨੂੰ ਦੇਸ਼ ਭਗਤ ਮੰਨ ਕੇ ਚੱਲਦਾ ਹੈ।

## ਸਿੱਖ ਪਰੇਡ ਸਬੰਧੀ ਵਿਚਾਰ-ਵਟਾਂਦਰੇ ਲਈ ਮੀਟਿੰਗ ਦਾ ਸੱਦਾ

**ਨਿਊਯਾਰਕ/ਏਟੀ ਨਿਊਜ਼ :**
ਈਸਟ ਕੋਸਟ ਦੇ ਸਮੂਹ ਗੁਰਦੁਆਰਾ ਸਾਹਿਬਾਨਾਂ ਵਲੋਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਅਗਵਾਈ ਵਿਚ ਇਹ 32ਵੀਂ ਸਿੱਖ ਡੇ ਪਰੇਡ ਜੋ 27 ਅਪ੍ਰੈਲ ਨੂੰ ਨਿਊਯਾਰਕ ਸਿਟੀ ਵਿਚ ਸਜਾਈ ਜਾ ਰਹੀ ਹੈ, ਦੇ ਸਬੰਧ ਵਿਚ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਪੰਥਕ ਜਥੇਬੰਦੀਆਂ ਦੀ ਸਾਂਝੀ ਮੀਟਿੰਗ 17 ਫਰਵਰੀ ਦਿਨ ਐਤਵਾਰ ਨੂੰ ਬਾਅਦ ਦੁਪਹਿਰ 3 ਵਜੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਰੱਖੀ ਗਈ ਹੈ। ਇਸ ਮੀਟਿੰਗ ਵਿਚ ਸਿੱਖ ਪਰੇਡ ਨੂੰ ਸ਼ਾਨੋ ਸ਼ੌਕਤ ਨਾਲ ਕੱਢਣ ਅਤੇ ਪਿਛਲੇ ਸਮੇਂ ਵਿਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਵਡਮੁੱਲੇ ਸੁਝਾਅ ਲਏ ਜਾਣਗੇ।
ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਵਲੋਂ ਸਮੂਹ ਸਿੱਖਾਂ ਨੂੰ ਇਸ ਮੀਟਿੰਗ ਵਿਚ ਪਹੁੰਚਣ ਲਈ ਬੇਨਤੀ ਕੀਤੀ ਗਈ ਹੈ।

## ਆਜ਼ਾਦੀ ਦੀ ਗੱਲ ਕਰਨ 'ਤੇ ਉਮਰ ਕੈਦ ਦੀ ਸਜ਼ਾ ਸੁਣਾਈ

ਦੇਸ਼ ਖਿਲਾਫ ਜੰਗ ਛੇੜਨ ਦਾ ਦੋਸ਼ੀ ਐਲਾਨ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਇਹਨਾਂ ਧਾਰਾਵਾਂ ਅਧੀਨ ਦੋਸ਼ੀ ਨੂੰ ਮੌਤ ਦੀ ਸਜ਼ਾ ਜਾਂ ਉਮਰਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਤੇ ਨਾਲ ਜੁਰਮਾਨਾ ਵੀ ਲਾਇਆ ਜਾ ਸਕਦਾ ਹੈ।
ਇਨ੍ਹਾਂ ਸਿੱਖ ਨੌਜਵਾਨਾਂ ਦੇ ਮਾਮਲੇ ਦੀ ਪੈਰਵਾਈ ਕਰਨ ਵਾਲੇ ਵਕੀਲ ਕੁਲਵਿੰਦਰ ਕੌਰ ਨੇ ਦੱਸਿਆ ਕਿ ਜੱਜ ਨੇ ਪਹਿਲਾਂ ਬਚਾਅ ਪੱਖ ਦੇ ਵਕੀਲਾਂ ਨੂੰ ਕਿਹਾ ਕਿ ਉਹ ਅੱਜ ਫੈਸਲਾ ਨਹੀਂ ਸੁਣਾਉਣਗੇ ਤੇ ਬਚਾਅ ਪੱਖ ਨੂੰ ਐਕਸਟੈਂਸ਼ਨ ਦੀ ਅਰਜ਼ੀ ਦੇਣ ਲਈ ਕਿਹਾ ਪਰ ਅਚਾਨਕ ਸ਼ਾਮ 4:30 ਵਜੇ ਜੱਜ ਨੇ ਬਿਨਾ ਬਚਾਅ ਪੱਖ ਦੇ ਵਕੀਲਾਂ ਨੂੰ ਦੱਸਿਆਂ ਨਾਭਾ ਜੇਲ੍ਹ ਵਿਚ ਨਜ਼ਰਬੰਦ ਨੌਜਵਾਨਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਦੋਸ਼ੀ ਐਲਾਨ ਦਿੱਤਾ।
ਗੌਰਤਲਬ ਹੈ ਕਿ ਸਾਰੀ ਜਾਂਚ ਵਿਚ ਇਹਨਾਂ ਨੌਜਵਾਨਾਂ ਕੋਲੋਂ ਪੁਲਿਸ ਨੂੰ ਕਿਸੇ ਵੀ ਤਰ੍ਹਾਂ ਦੇ ਅਸਲੇ, ਵਿਸਫੋਟਕ ਸਮੱਗਰੀ ਜਾਂ ਹਥਿਆਰਾਂ ਦੀ ਬਰਾਮਦਗੀ ਨਹੀਂ ਹੋਈ। ਮਹਿਜ਼ ਸੋਸ਼ਲ ਮੀਡੀਆ 'ਤੇ ਸਿੱਖ ਹੱਕਾਂ ਦੀ ਗੱਲ ਕਰਨ ਨੂੰ ਅਧਾਰ ਬਣਾ ਕੇ ਇਹਨਾਂ ਨੌਜਵਾਨਾਂ ਨੂੰ ਉਪਰੋਕਤ ਸੰਗੀਨ ਧਾਰਾਵਾਂ ਵਿਚ ਦੋਸ਼ੀ ਕਰਾਰ ਦੇ ਦਿੱਤਾ ਗਿਆ ਹੈ।
**ਮਨੁੱਖੀ ਅਧਿਕਾਰਾਂ ਬਾਰੇ ਯੂਐਨਓ ਦੇ ਚਾਰਟਰ ਦੀ ਸ਼ਰੇਆਮ ਅਣਦੇਖੀ :** ਭਾਰਤੀ ਅਦਾਲਤ ਦੇ ਇਸ ਫੈਸਲੇ ਨੂੰ ਮਨੁੱਖੀ ਹੱਕਾਂ ਦੀ ਧਾਰਨਾ ਦੇ ਖਿਲਾਫ ਮੰਨਿਆ ਜਾ ਰਿਹਾ ਹੈ। ਦੁਨੀਆ ਵਿਚ ਹਰ ਮਨੁੱਖ ਨੂੰ ਆਪਣੀ ਗੱਲ ਕਹਿਣ ਤੇ ਆਪਣੀਆਂ ਭਾਵਨਾਵਾਂ ਦੇ ਸ਼ਾਂਤਮਈ ਪ੍ਰਗਟਾਵੇ ਦਾ ਹੱਕ ਹੈ ਤੇ ਇਹ ਹਰ ਇਨਸਾਨ ਨੂੰ ਮਿਲੇ ਹੋਏ ਮੁੱਢਲੇ ਹੱਕ ਮੰਨੇ ਜਾਂਦੇ ਹਨ ਜੋ ਯੂਐਨਓ ਦੇ ਚਾਰਟਰ ਵਿਚ ਦਰਜ ਹਨ। ਭਾਰਤ ਸਰਕਾਰ ਵੱਲੋਂ ਸੰਯੁਕਤ ਰਾਸ਼ਟਰ ਸੰਘ ਦੇ ਇਸ ਐਲਾਨਨਾਮੇ ਉਤੇ ਦਸਤਖਤ ਕੀਤੇ ਹੋਏ ਹਨ ਅਤੇ ਇਸ ਦੇ ਨਾਲ ਹੀ ਭਾਰਤੀ ਸੁਪਰੀਮ ਕੋਰਟ ਦਾ ਵੀ ਇਹ ਫੈਸਲਾ ਆ ਚੁੱਕਾ ਹੋਇਆ ਹੈ ਕਿ ਸ਼ਾਤਮਈ ਢੰਗ ਨਾਲ ਖਾਲਿਸਤਾਨ ਜਾਂ ਆਜ਼ਾਦੀ ਦੀ ਗੱਲ ਕਰਨਾ ਗੈਰਕਾਨੂੰਨੀ ਨਹੀਂ ਹੈ।
**ਪਹਿਰੇਦਾਰੀ ਕਰੇ ਸਿੱਖ ਜਗਤ- ਪੰਜ ਪਿਆਰੇ ਸਿੰਘ :** ਨਵਾਂ ਸ਼ਹਿਰ ਦੀ ਅਦਾਲਤ ਵਲੋਂ ਤਿੰਨ ਸਿੱਖ ਨੌਜਵਾਨਾਂ ਨੂੰ ਉਮਰ ਕੈਦ ਦੀ ਸਜਾ ਸੁਣਾਏ ਜਾਣ ਤੇ ਹੈਰਾਨਗੀ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅੰਮ੍ਰਿਤ ਸੰਚਾਰ ਜਥੇ ਦੇ ਪੰਜ ਸਿੰਘਾਂ ਨੇ ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਹੈ ਕਿ ਇਸ ਧੱਕੇਸ਼ਾਹੀ ਖਿਲਾਫ ਸੁਚੇਤ ਤੇ ਕੌਮੀ ਪਹਿਰੇਦਾਰ ਬਣ ਕੇ ਪਹਿਰੇਦਾਰੀ ਕੀਤੀ ਜਾਵੇ। ਅੰਮ੍ਰਿਤ ਸੰਚਾਰ ਜਥੇ ਦੇ ਭਾਈ ਸਤਨਾਮ ਸਿੰਘ ਖੰਡਾ, ਭਾਈ ਮੇਜਰ ਸਿੰਘ, ਭਾਈ ਮੰਗਲ ਸਿੰਘ ਨੇ ਕਿਹਾ ਕਿ ਸੁਣਾਏ ਗਏ ਅਦਾਲਤੀ ਫੈਸਲੇ ਅਨੁਸਾਰ ਨਾ ਤਾਂ ਇਨ੍ਹਾਂ ਨੌਜਵਾਨਾਂ ਪਾਸੋਂ ਕੋਈ ਗੈਰ ਕਾਨੂੰਨੀ ਹਥਿਆਰ ਬਰਾਮਦ ਹੋਏ, ਨਾ ਹੀ ਦੇਸ਼ ਦੀ ਅਖੰਡਤਾ ਨੂੰ ਤੋੜਨ ਦਾ ਕੋਈ ਮਨਸੂਬਾ ਨਜਰ ਆਉਂਦਾ ਹੈ। ਉਨ੍ਹਾਂ ਕਿਹਾ ਕਿ ਧਾਰਾ 121 ਤੇ 121 ਏ ਤਾਂ ਇੰਦਰਾ, ਰਾਜੀਵ ਦੇ ਕਾਤਲਾਂ ਉਤੇ ਵੀ ਨਹੀ ਲਗਾਈ ਗਈ ਤੇ ਨਾ ਹੀ ਜੋਧਪੁਰ ਜੇਲ੍ਹ ਵਿੱਚ ਪੰਜ ਸਾਲ ਕੱਟਣ ਵਾਲੇ ਸਿੰਘਾਂ ਤੇ ਲਗਾਈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਅਜੇਹੇ ਹਾਲਾਤ ਹੀ ਨਹੀ ਹਨ ਲੇਕਿਨ ਅਦਾਲਤ ਦੇ ਫੈਸਲੇ ਨੇ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਜਰੂਰ ਕਰਵਾਇਆ ਹੈ।
**ਘਬਰਾਈ ਪੁਲਿਸ ਨਵੇਂ ਕੇਸ ਦਰਜ ਕਰਨ ਲੱਗੀ :** ਘਬਰਾਏ ਪ੍ਰਸ਼ਾਸਨ ਨੇ ਹੁਣ ਨਵੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪੁਲੀਸ ਨੇ ਨਵੀਂ ਫ਼ਿਲਮੀ ਸਟੋਰੀ ਘੜੀ ਹੈ। ਪੁਲੀਸ ਅਨੁਸਾਰ ਕਿਤਾਬਾਂ ਅਤੇ ਹੋਰ ਸਾਹਿਤ ਮਿਲਣ 'ਤੇ ਤਿੰਨੋ ਦੋਸ਼ੀਆਂ ਦਾ ਇੱਕੋ ਮਕਸਦ ਪਤਾ ਲੱਗਿਆ ਹੈ ਕਿ ਉਹ ਵਿਸਾਖੀ ਵਾਲੇ ਦਿਨ ਖਾਲਿਸਤਾਨ ਬਣਾਉਣਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਭਾਰਤ ਸਰਕਾਰ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਸੀ। ਤਿੰਨ ਸਿੱਖ ਨੌਜਵਾਨਾਂ ਵਿਚੋਂ ਇਕ ਅਰਵਿੰਦਰ ਸਿੰਘ ਨੂੰ ਥਾਣਾ ਸਦਰ ਬਲਾਚੌਰ ਦੀ ਪੁਲਿਸ ਨਵਾਂ ਮਾਮਲਾ ਦਰਜ ਕਰਕੇ ਨਾਭਾ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲੈ ਆਈ ਹੈ। ਅਰਵਿੰਦਰ ਸਿੰਘ ਨਾਲ ਇਕ ਹੋਰ ਬੰਦੀ ਸਿੰਘ ਗੁਰਦੀਪ ਸਿੰਘ ਨੂੰ ਪੁਲਿਸ ਨੇ ਇਸ ਨਵੇਂ ਮਾਮਲੇ ਵਿਚ ਨਾਮਜ਼ਦ ਕੀਤਾ ਹੈ। ਗੁਰਦੀਪ ਸਿੰਘ ਰੋਪੜ ਜੇਲ੍ਹ ਵਿਚ ਨਜ਼ਰਬੰਦ ਸੀ, ਉਸ ਨੂੰ ਉੱਥੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ। ਇਹਨਾਂ ਦੋਵਾਂ ਨੂੰ ਨਵਾਂਸ਼ਹਿਰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿੱਥੋਂ ਦੋਵਾਂ ਨੂੰ 10 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ।
**ਪੁਲਸੀਆ ਕਹਾਣੀ ਦਾ ਕੱਚ-ਸੱਚ :** ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਹਨਾਂ ਨੂੰ ਇੰਟੈਲੀਜੈਂਸ ਨੇ ਇਤਲਾਹ ਕੀਤੀ ਸੀ ਕਿ ਦੇਸ਼ ਵਿਰੋਧੀ ਸਰਗਰਮੀਆਂ ਵਾਸਤੇ ਵਰਤੋਂ ਵਿਚ ਲਿਆਉਣ ਲਈ ਇਨ੍ਹਾਂ ਕਾਰਕੁੰਨਾਂ ਨੇ ਗੁਪਤ ਜਗ੍ਹਾ 'ਤੇ ਹਥਿਆਰ ਲੁਕਾ ਕੇ ਰੱਖੇ ਹੋਏ ਹਨ, ਜਿਹਨਾਂ ਦੀ ਜਾਣਕਾਰੀ ਹਾਸਿਲ ਕਰਨ ਦੇ ਅਧਾਰ 'ਤੇ ਇਹ ਰਿਮਾਂਡ ਲਿਆ ਗਿਆ ਹੈ।
ਜ਼ਿਕਰਯੋਗ ਹੈ ਕਿ ਅਰਵਿੰਦਰ ਸਿੰਘ, ਸੁਰਜੀਤ ਸਿੰਘ ਤੇ ਰਣਜੀਤ ਸਿੰਘ ਨੂੰ ਪੰਜਾਬ ਪੁਲਿਸ ਨੇ ਸਾਲ 2016 ਵਿਚ ਗ੍ਰਿਫਤਾਰ ਕੀਤਾ ਸੀ ਤੇ ਉਸ ਸਮੇਂ ਤੋਂ ਇਹ ਨੌਜਵਾਨ ਪੰਜਾਬ ਪੁਲਿਸ ਦੀ ਹਿਰਾਸਤ ਵਿਚ ਹਨ।
ਪੁਲਸ ਦੀ ਕਹਾਣੀ ਮੁਤਾਬਕ '24 ਮਈ 2016 ਨੂੰ ਸੀਨੀਅਰ ਇੰਸਪੈਕਟਰ ਗੁਰਦਿਆਲ ਸਿੰਘ ਹੋਰ ਪੁਲਸ ਮੁਲਾਜ਼ਮਾਂ ਨਾਲ ਜਾਡਲਾ ਸੜਕ, ਰਾਹੋਂ ਵਿਖੇ ਗਸ਼ਤ ਕਰ ਰਿਹਾ ਸੀ ਜਿੱਥੇ ਡੀਐਸਪੀ ਮੁਖਤਿਆਰ ਰਾਏ ਆਪਣੇ ਬੰਦੂਕਚੀ ਅਤੇ ਹੋਰਨਾਂ ਪੁਲਸ ਮੁਲਾਜ਼ਮਾਂ ਨਾਲ ਪਹੁੰਚਿਆ ਅਤੇ ਉਹਨਾਂ ਨਾਲ ਜੁੜ ਗਿਆ। ਇਸ ਮਗਰੋਂ ਉਸ ਥਾਂ 'ਤੇ ਨਾਕਾ ਲਾਇਆ ਗਿਆ ਅਤੇ 10 :18 ਵਜੇ 'ਤੇ ਉਸ ਨੂੰ ਇੱਕ ਗੁਪਤ ਜਾਣਕਾਰੀ ਹਾਸਲ ਹੋਈ ਕਿ ਪਿੰਡ ਪੱਲੀਆਂ ਖੁਰਦ ਦਾ ਰਹਿਣ ਵਾਲਾ ਅਰਵਿੰਦਰ ਸਿੰਘ ਸਿੱਖ ਜਥੇਬੰਦੀ ਬੱਬਰ ਖਾਲਸਾ ਦਾ ਸਰਗਰਮ ਕਾਰਕੁੰਨ ਹੈ ਅਤੇ ਸੱਤ-ਅੱਠ ਮਹੀਨੇ ਪਹਿਲਾਂ ਦੋਹਾ ਕਤਰ ਤੋਂ ਵਾਪਸ ਪਰਤਿਆ ਹੈ। ਪੁਲਸ ਦੀ ਕਹਾਣੀ ਮੁਤਾਬਕ ਅਰਵਿੰਦਰ ਸਿੰਘ ਸਿੱਖ ਨੌਜਵਾਨਾਂ ਨੂੰ ਬੱਬਰ ਖਾਲਸਾ 'ਚ ਭਰਤੀ ਹੋਣ ਲਈ ਉਕਸਾ ਰਿਹਾ ਸੀ ਅਤੇ ਭਾਰਤ ਵਿਰੁੱਧ ਜੰਗ ਵਿੱਢਣ ਦੀ ਵਿਉਂਤ ਘੜ ਰਿਹਾ ਸੀ।ਪੁਲਸ ਦਾ ਕਹਿਣਾ ਹੈ ਕਿ ਇਸ ਜਾਣਕਾਰੀ ਨੂੰ ਸਹੀ ਮੰਨਦਿਆਂ ਅਸੀਂ ਇਸ ਨੂੰ ਦਰਜ ਕੀਤਾ ਅਤੇ ਥਾਣੇ ਭੇਜਿਆ, ਜਿਸ ਅਧਾਰ ਉੱਤੇ ਐਫਆਈਆਰ ਦਰਜ ਕੀਤੀ ਗਈ ਅਤੇ ਇਸਦੀ ਜਾਂਚ ਡੀਐਸਪੀ ਮੁਖਤਿਆਰ ਰਾਏ ਵਲੋਂ ਆਪਣੇ ਹੱਥਾਂ 'ਚ ਲੈ ਲਈ ਗਈ।
ਪੁਲਸ ਦਾ ਕਹਿਣਾ ਹੈ ਕਿ ਉਹਨਾਂ ਅਰਵਿੰਦਰ ਸਿੰਘ ਨੂੰ ਰਾਹੋਂ ਬੱਸ ਅੱਡੇ ਤੋਂ 25 ਮਈ 2016 ਨੂੰ ਗਿਰਫਤਾਰ ਕੀਤਾ, ਉਸ ਕੋਲੋਂ ਸੈਮਸੰਗ ਦਾ ਇੱਕ ਮੋਬਾਈਲ ਫੋਨ ਬਰਾਮਦ ਹੋਇਆ। ਸੁਰਜੀਤ ਸਿੰਘ ਨੇ ਰਣਜੀਤ ਸਿੰਘ ਨਾਲ ਰਲ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ 'ਤੇ ਖਾਲਿਸਤਾਨ ਬਾਰੇ ਜਾਣਕਾਰੀ ਦਿੰਦੇ ਪੋਸਟਰ ਲਾਏ। ਰਣਜੀਤ ਸਿੰਘ ਪਾਸੋਂ 2 ਬੋਰਡ ਅਤੇ ਸਾਕਾ ਨੀਲਾ ਤਾਰਾ ਦੀਆਂ 10 ਕਿਤਾਬਾਂ ਬਰਾਮਦ ਹੋਈਆਂ।
ਪੁਲਸ ਵਲੋਂ ਇਸ ਮਾਮਲੇ ਵਿਚ 97 ਕਿਤਾਬਾਂ, 198 ਤਸਵੀਰਾਂ, ਨਿਰੰਕਾਰੀ ਸਾਕੇ ਦੇ ਸ਼ਹੀਦਾਂ ਦੀਆਂ ਤਸਵੀਰਾਂ(13) ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੀ ਜੀਵਨੀ ਨਾਲ ਸਬੰਧਤ ਹਜ਼ਾਰ ਕਿਤਾਬਾਂ ਬਰਾਮਦ ਕੀਤੀਆਂ ਗਈਆਂ।
ਪੰਜਾਬ ਪੁਲਿਸ ਵਲੋਂ ਅਰਵਿੰਦਰ ਸਿੰਘ ਨੂੰ ਨਵੇਂ ਮਾਮਲੇ ਵਿਚ ਉਲਝਾਉਣ ਸਾਫ ਸਪੱਸ਼ਟ ਕਰਦਾ ਹੈ ਕਿ ਪੰਜਾਬ ਪੁਲਿਸ ਆਪਣੇ ਝੂਠ ਨੂੰ ਸੱਚ ਬਣਾਉਣ ਲਈ ਇਕ ਹੋਰ ਚਾਲ ਚੱਲ ਰਹੀ ਹੈ। ਜੇ ਪੁਲਿਸ ਕੋਲ ਕੋਈ ਖੁਫੀਆ ਜਾਣਕਾਰੀ ਸੀ ਤਾਂ ਉਹ ਸੰਨ 2016 ਤੋਂ ਹਿਰਾਸਤ ਵਿਚ ਰਹਿ ਰਹੇ ਇਹਨਾਂ ਨੌਜਵਾਨਾਂ ਤੋਂ ਕੋਈ ਬਰਾਮਦਗੀ ਕਿਉਂ ਨਹੀਂ ਕਰਵਾ ਸਕੀ। ਹੁਣ ਜਦੋਂ ਮਹਿਜ਼ ਕਿਤਾਬਾਂ ਦੇ ਅਧਾਰ 'ਤੇ ਉਮਰ ਕੈਦ ਦੀ ਸਜ਼ਾ ਸੁਣਾਉਣ ਕਾਰਨ ਦੁਨੀਆ ਭਰ ਵਿਚ ਭਾਰਤੀ ਨਿਆਪ੍ਰਣਾਲੀ ਦੀ ਥੂ-ਥੂ ਹੋ ਰਹੀ ਹੈ ਤਾਂ ਆਪਣੇ ਬਚਾਅ ਲਈ ਇਕ ਹੋਰ ਝੂਠੀ ਕਹਾਣੀ ਘੜਨ ਦੀ ਵਿਉਂਤ 'ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।
ਇਸ ਮੁਕੱਦਮੇ ਦੇ ਸਾਰੇ ਸਰਕਾਰੀ ਗਵਾਹ ਪੁਲਸ ਮੁਲਾਜ਼ਮ ਹਨ, ਅਦਾਲਤੀ ਫੈਸਲੇ 'ਚ ਗਵਾਹਾਂ ਦੇ ਨਾਂ - ਪ੍ਰੇਮ ਕੁਮਾਰ, ਦਲਜੀਤ ਸਿੰਘ, ਜਰਨੈਲ ਸਿੰਘ, ਸੁਧੀਰ ਕੁਮਾਰ, ਸੁਖਵਿੰਦਰ ਸਿੰਘ, ਦਲਬੀਰ ਸਿੰਘ ਵਿਰਕ, ਗਗਨਦੀਪ ਸਿੰਘ, ਅਮਰਜੋਤੀ, ਕੁਲਵਿੰਦਰ ਸਿੰਘ, ਚਰਨਜੀਤ ਸਿੰਘ, ਬੱਗਾ ਸਿੰਘ, ਸੁਨੀਲ ਕੁਮਾਰ, ਰਾਮ ਪਾਲ, ਸੋਢੀ ਸਿੰਘ, ਮਨਦੀਪ ਸਿੰਘ, ਹਰਵਿੰਦਰ ਸਿੰਘ, ਗੁਰਦਿਆਲ ਸਿੰਘ, ਵੇਦਪ੍ਰਕਾਸ਼, ਮੋਹਿੰਦਰਪਾਲ ਸਿੰਘ, ਡੀਐਸਪੀ ਮੁਖਤਿਆਰ ਸਿੰਘ ਦਰਜ ਹਨ।
ਇਹਨਾਂ ਸਾਰੇ ਤੱਥਾਂ ਦੇ ਅਧਾਰ 'ਤੇ ਨਵਾਂਸ਼ਹਿਰ ਅਦਾਲਤ ਨੇ ਤਿੰਨਾਂ ਸਿੱਖਾਂ ਅਰਵਿੰਦਰ ਸਿੰਘ, ਸੁਰਜੀਤ ਸਿੰਘ, ਰਣਜੀਤ ਸਿੰਘ ਨੂੰ ਧਾਰਾ121 ਅਧੀਨ ਉਮਰਕੈਦ ਅਤੇ ਇੱਕ ਲੱਖ ਰੁਪਏ ਜੁਰਮਾਨਾ ਅਤੇ ਧਾਰਾ 121ਏ ਦੇ ਅਧੀਨ ਦਸ ਸਾਲ ਦੀ ਕੈਦ ਦੇ ਨਾਲ 25000 ਰੁਪਏ ਜੁਰਮਾਨਾ ਸਜ਼ਾ ਸੁਣਾ ਦਿੱਤੀ।

### ਅਦਾਲਤੀ ਫੈਸਲੇ ਖਿਲਾਫ ਲੋਕ ਰੋਹ

ਹੈ ਕਿ ਇਹ ਸਜ਼ਾ ਕਿਤਾਬਾਂ ਜਾਂ ਸਾਹਿਤ ਰੱਖਣ ਕਰ ਕੇ ਹੋਈ ਹੈ। ਡਾ. ਗਾਂਧੀ ਨੇ ਸੰਵਿਧਾਨ ਦੇ ਅਜਿਹੇ ਕਾਨੂੰਨ 'ਤੇ ਹੀ ਸਵਾਲ ਉਠਾਇਆ, ਜਿਸ ਤਹਿਤ ਵਿਚਾਰਾਂ ਕਰਨ, ਸਾਹਿਤ ਰੱਖਣ ਜਾਂ ਉਨ੍ਹਾਂ ਦਾ ਪ੍ਰਸਾਰ ਕਰਨ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਜਾਂਦਾ ਹੈ। ਡਾ. ਗਾਂਧੀ ਨੇ ਕਿਹਾ ਕਿ ਤਿੰਨ ਨੌਜਵਾਨਾਂ ਕੋਲੋਂ ਕੋਈ ਹਥਿਆਰ ਨਹੀਂ ਮਿਲਿਆ, ਉਨ੍ਹਾਂ ਕੋਈ ਜੁਰਮ ਨਹੀਂ ਕੀਤਾ, ਸਿਰਫ਼ ਕਿਤਾਬਾਂ/ਸਾਹਿਤ ਰੱਖਣ ਨੂੰ ਰਾਜ ਵਿਰੁੱਧ ਜੰਗ ਬਣਾ ਕੇ ਦੱਸਣਾ ਵਿਚਾਰਾਂ ਦੀ ਆਜ਼ਾਦੀ ਦਾ ਗਲਾ ਘੁੱਟਣ ਬਰਾਬਰ ਹੈ। ਇਸ ਮੌਕੇ ਡਾ. ਗਾਂਧੀ ਨੇ ਪੰਜਾਬੀਆਂ ਨੂੰ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦੇ ਹੱਕ ਵਿਚ ਬੋਲਣ ਦਾ ਸੱਦਾ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਵਿਚਾਰਾਂ ਦੀ ਆਜ਼ਾਦੀ ਉੱਤੋਂ ਪਾਬੰਦੀਆਂ ਹਟਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

### ਕੀ ਕਹਿੰਦੇ ਹਨ ਸਿੱਖ ਨੌਜਵਾਨਾਂ ਦੇ ਵਕੀਲ

ਤਿੰਨੋਂ ਗੱਭਰੂਆਂ 'ਤੇ ਇਹ ਦੋਸ਼ ਵੀ ਹੈ ਕਿ ਉਨ੍ਹਾਂ ਨੂੰ ਵਿਦੇਸ਼ਾਂ ਤੋਂ ਪੈਸੇ ਆਏ ਸਨ। ਇਸ ਰਕਮ ਅਨੁਸਾਰ ਇੱਕ ਜਣੇ ਨੂੰ 35 ਹਜ਼ਾਰ, ਦੂਜੇ ਨੂੰ 40 ਹਜ਼ਾਰ ਤੇ ਤੀਜੇ ਨੂੰ 38 ਹਜ਼ਾਰ ਰੁਪਏ ਆਏ ਸਨ। ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਅਦਾਲਤ ਦੇ ਇਸ ਫੈਸਲੇ 'ਤੇ ਕਿੰਤੂ ਕਰਦਿਆਂ ਤੇ ਸੁਆਲ ਉਠਾਉਂਦਿਆਂ ਕਿਹਾ ਕਿ ਕਦੇ ਕਿਤਾਬਾਂ ਰੱਖਣ ਦੀ ਵੀ ਸਜ਼ਾ ਦਿੱਤੀ ਜਾ ਸਕਦੀ ਹੈ? ਕੀ ਉਮਰ ਕੈਦ ਹੋ ਸਕਦੀ ਹੈ? ਕੀ ਏਨੀ ਕੁ ਰਕਮ ਨਾਲ ਕਿਸੇ ਦੇਸ਼ ਵਿਰੁੱਧ ਜੰਗ ਛੇੜੀ ਜਾ ਸਕਦੀ ਹੈ? ਕੀ ਖਾਲਿਸਤਾਨ ਦੇ ਨਾਅਰੇ ਮਾਰਨੇ ਗੁਨਾਹ ਹਨ, ਜਦ ਕਿ ਸੁਪਰੀਮ ਕੋਰਟ ਇਸ ਨੂੰ ਕਾਨੂੰਨੀ ਐਲਾਨ ਚੁੱਕੀ ਹੈ?
ਉਨ੍ਹਾਂ ਕਿਹਾ ਕਿ ਇਹ ਫੈਸਲਾ ਜਮਹੂਰੀਅਤ ਨਾਲ ਫਰਾਡ ਹੈ। ਇਹ ਪਹਿਲਾ ਕੇਸ ਹੈ ਜਿਸ ਵਿੱਚ ਕਿਸੇ ਕੋਲੋਂ ਸਾਹਿਤ ਮਿਲਣ ਦੇ ਆਧਾਰ 'ਤੇ ਸਜ਼ਾ ਸੁਣਾਈ ਗਈ ਹੈ ਅਤੇ ਉਨ੍ਹਾਂ ਕੋਲੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਹੋਇਆ ਸੀ। ਉਨ੍ਹਾਂ ਕਿਹਾ ਕਿ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਵੀ ਵਿੱਚ ਦੋਸ਼ੀਆਂ ਨੂੰ 121 ਆਈਪੀਸੀ ਦੇ ਆਧਾਰ 'ਤੇ ਸਜ਼ਾ ਨਹੀਂ ਸੁਣਾਈ ਗਈ ਸੀ।

## ਪੰਜਾਬ ਦੇ ਬਹੁ-ਚਰਚਿਤ ਡਰੱਗ ਮਾਮਲੇ 'ਚ ਜਗਦੀਸ਼ ਭੋਲਾ ਦੋਸ਼ੀ ਕਰਾਰ

ਐਫ਼ਆਈਆਰ ਨੰਬਰ 92 'ਚ ਵੀ ਚੰਨੀ ਲਾਲ ਗਾਬਾ ਸਮੇਤ ਸਾਰੇ ਮੁਲਜ਼ਮ ਬਰੀ ਕਰ ਦਿੱਤੇ ਗਏ ਹਨ। ਐਫ਼ਆਈਆਰ ਨੰਬਰ 42 ਤਹਿਤ ਕੁਲਬੀਰ ਸਿੰਘ ਅਤੇ ਹਰਦੀਪ ਲਾਂਬਾ ਨੂੰ ਦੋਸ਼ੀ ਐਲਾਨਿਆ ਗਿਆ ਹੈ। ਮੋਹਾਲੀ ਦੀ ਜ਼ਿਲਾ ਕੰਪਲੈਕਸ 'ਚ ਇਸ ਵਿਸ਼ੇਸ਼ ਸੁਣਵਾਈ ਨੂੰ ਲੈ ਕੇ ਸੁਰੱਖਿਆ ਦੇ ਜ਼ਬਰਦਸਤ ਇੰਤਜ਼ਾਮ ਕੀਤੇ ਗਏ ਸਨ। ਇਸ ਮਾਮਲੇ ਚ 50 ਤੋਂ ਵੱਧ ਮੁਲਜ਼ਮ ਸ਼ਾਮਲ ਸਨ। ਮਾਮਲੇ ਨਾਲ ਸਬੰਧਤ ਮੁਲਜ਼ਮਾਂ ਨੂੰ ਸਖ਼ਤ ਸੁਰੱਖਿਆ ਹੇਠ ਮੋਹਾਲੀ ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕੀਤਾ ਗਿਆ।
ਗੌਰਤਲਬ ਹੈ ਕਿ ਮੋਹਾਲੀ ਵਿਚ ਕੋਰਟ ਵਿਚ ਪੇਸ਼ ਕਰਨ ਮੌਕੇ ਮੀਡੀਆ ਮੂਹਰੇ ਜਗਦੀਸ਼ ਭੋਲੇ ਨੇ ਡਰੱਗ ਤਸਕਰੀ ਵਿਚ ਉਸ ਵੇਲੇ ਦੀ ਬਾਦਲ ਸਰਕਾਰ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਏ ਦਾ ਨਾਂ ਲਿਆ ਸੀ ਪਰ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ। ਇਸ ਤੋਂ ਬਾਅਦ ਇਹ ਮਾਮਲਾ ਕਾਫੀ ਹਾਈਪ੍ਰੋਫਾਇਲ ਬਣਿਆ ਰਿਹਾ ਤੇ ਲੰਘੀਆਂ ਵਿਧਾਨ ਚੋਣਾਂ ਵਿਚ ਵੀ ਇਹ ਇਕ ਪ੍ਰਮੁੱਖ ਮੁੱਦਾ ਰਿਹਾ ਸੀ।

## ਮੈਕਸੀਕੋ ਸਰਹੱਦ ਉਤੇ ਕੰਧ ਬਣਾਉਣ ਲਈ ਟਰੰਪ ਨੂੰ ਮਿਲੇ ਸਿਰਫ਼ 1.4 ਅਰਬ ਡਾਲਰ

ਦੀ ਮੰਗ ਕੀਤੀ ਸੀ, ਪਰ ਉਸ ਨੂੰ ਬਹੁਤ ਘੱਟ ਕਰੀਬ 1.4 ਅਰਬ ਡਾਲਰ ਰਾਸ਼ੀ ਮਿਲ ਰਹੀ ਹੈ। ਇਸ ਰਾਸ਼ੀ ਨਾਲ ਸਿਰਫ਼ 55 ਮੀਲ ਲੰਮੀ ਕੰਡਿਆਲੀ ਤਾਰ ਲੱਗ ਸਕਦੀ ਹੈ ਜਦਕਿ ਟਰੰਪ ਨੇ ਪੱਕੀ ਕੰਧ ਬਣਾਉਣ ਦਾ ਵਾਅਦਾ ਕੀਤਾ ਸੀ।
ਇਹ ਸਟੀਲ ਦੀ ਕੰਧ ਹੋਵੇਗੀ ਜਦਕਿ ਟਰੰਪ ਨੇ ਕੰਕਰੀਟ ਦੀ ਕੰਧ ਬਣਾਉਣ ਦਾ ਵਾਅਦਾ ਕੀਤਾ ਸੀ। ਵਾਈਟ ਹਾਊਸ ਨੇ ਦਸੰਬਰ 'ਚ 215 ਮੀਲ ਲੰਬੀ ਕੰਧ ਬਣਾਉਣ ਦੀ ਗੱਲ ਕਹੀ ਸੀ। ਹਾਲ ਹੀ ਵਿਚ ਹੋਏ ਇਸ ਸਮਝੌਤੇ ਨਾਲ ਮਿਲੀ ਰਾਸ਼ੀ ਨਾਲ ਟੈਕਸਾਸ ਤੋਂ ਰੀਓ ਗ੍ਰੈਂਡ ਵੈਲੀ ਤੱਕ ਕੰਧ ਦਾ ਨਿਰਮਾਣ ਕੀਤਾ ਜਾਵੇਗਾ।
ਜ਼ਿਕਰਯੋਗ ਹੈ ਕਿ ਪਹਿਲਾਂ ਅਮਰੀਕੀ ਇਤਿਹਾਸ ਦੇ ਸਭ ਤੋਂ ਲੰਬੇ ਚੱਲੇ ਬੰਦ ਕਾਰਨ ਸੰਘੀ ਸਰਕਾਰ ਦੇ ਕਰੀਬ 80 ਹਜ਼ਾਰ ਮੁਲਾਜ਼ਮ ਪ੍ਰਭਾਵਿਤ ਹੋਏ ਸਨ ਤੇ ਟਰੰਪ ਨੇ ਰਕਮ ਨਾ ਮਿਲਣ ਦੇ ਬਾਵਜੂਦ ਵੀ ਕਰੀਬ 5 ਹਫ਼ਤਾ ਚੱਲੇ 'ਸ਼ਟਡਾਊਨ' ਨੂੰ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਸੀ।

# Valley Real Estate Center

Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont

For agriculture and almond Farm, office building, Farm House and for Truck Yard in Tracy Manteca

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੋਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

REALTOR® CA BRE Licence #02024721 info@pritisingh.com

## RESIDENTIAL, COMMERCIAL AND SOLAR FARMS

with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

SUNPREME®
Premium Bifacial Thin Film Solar

Satnam Singh Khalsa
510-706-1300


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
DCODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM